No.1 ਪੰਜਾਬੀ ਮਾਸਿਕ ਮੈਗਜ਼ੀਨ

U.S.A. - 4.00 | CANADA- 4.00 | U.K. - 2.50 | 35/-

ਦੇਸ਼ ਵਿਦੇਸ਼ ਦੇ ਪੰਜਾਬੀਆਂ ਦੀ ਪਹਿਲੀ ਪਸੰਦ

# ਸੰਗੀਤ ਦਰਪਣ

www.sangeetdarpan.com MONTHLY MAGAZINE sangeet darpan ਜਨਵਰੀ-2023 JANUARY-2023

## ਮਾਣ ਪੰਜਾਬੀ ਤੇ



## ਚੌਵੀ ਘੰਟੇ ਜਗਦਾ ਮਘਦਾ ਚੌਮੁਖੀਆ ਚਿਰਾਗ਼

# ਡਾ. ਬਰਜਿੰਦਰ ਸਿੰਘ ਹਮਦਰਦ

– ਗੁਰਭਜਨ ਗਿੱਲ

Sri Satguru Jagjit Singh Ji eLibrary NamdhariElibrary@gmail.com

HAVELI®

The Traditional Punjabi Veg. Restaurant

# **FEEL, TASTE** AND **EXPERIENCE** THE WARMTH OF **PUNJAB**




**JALANDHAR | MURTHAL | AMRITSAR**

GT Road, Amritsar-Jalandhar Highway, Amritsar
Call: 0183 2430091 • Duty Manager: 75270 72001 • : www.haveli.co



Sri Satguru Jagjit Singh Ji eLibrary NamdhariElibrary@gmail.com

https://archive.org/details/namdhari

RNI NO.-PUN-PUN/2001/6278
POST REGD. NO. KPT DN/011/2018-2020

ਸੰਗੀਤ ਦਰਪਣ
ਪੰਜਾਬੀ ਮਾਸਿਕ
SANGEET DARPAN
PUNJABI MONTHLY

ਜਨਵਰੀ, 2023
ਸਾਲ : 21 ਅੰਕ : 3

ਸੰਸਥਾਪਕ
ਹਰਮਨਪ੍ਰੀਤ ਸਿੰਘ
Harmanpreet Singh

ਮੁੱਖ ਸੰਪਾਦਕ
ਤਰਨਜੀਤ ਸਿੰਘ ਕਿੰਨੜਾ
Chief Editor
Taranjit Singh Kinra

ਸੰਪਾਦਕ
ਨਵਦੀਪ ਕੌਰ ਕਿੰਨੜਾ
Editor
Navdeep Kaur Kinra

ਉੱਪ-ਸੰਪਾਦਕ
ਐੱਚ. ਐੱਸ. ਕਿੰਨੜਾ
Sub Editor
H. S. Kinra

ਕਾਨੂੰਨੀ ਸਲਾਹਕਾਰ
ਐਡਵੋਕੇਟ ਵਿਜੈ ਸ਼ਰਮਾ
ਐਡਵੋਕੇਟ ਕਰਨਜੋਤ ਸਿੰਘ ਝਿੱਕਾ
ਐਡਵੋਕੇਟ ਜਤਿੰਦਰਪਾਲ ਸਿੰਘ ਕਿੰਨੜਾ

ਸੰਪਾਦਕ ਦਾ ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ

ਜ਼ਰੂਰੀ ਸੂਚਨਾ

- ਰਚਨਾ ਸੁੰਦਰ ਲਿਖਾਈ ਵਿਚ ਲਿਖੀ ਜਾਂ ਟਾਈਪ ਕੀਤੀ ਹੋਵੇ।
- ਲਿਖਤ ਦੀ ਫੋਟੋ ਸਟੇਟ ਕਾਪੀ ਪ੍ਰਵਾਨ ਨਹੀਂ ਕੀਤੀ ਜਾਵੇਗੀ।
- ਕੋਈ ਵੀ ਲਿਖਤ 'ਤੇ ਆਪਣੇ ਦਸਤਖ਼ਤ, ਪੂਰਾ ਪਤਾ ਤੇ ਤਰੀਕ ਨਾਲ ਲਿਖੇ ਕੇ ਭੇਜੋ।

ਰਚਨਾਵਾਂ ਤੇ ਚੰਦੇ ਭੇਜਣ ਦਾ ਪਤਾ
ਸੰਗੀਤ ਦਰਪਣ
ਨੇੜੇ ਆਈ.ਸੀ.ਆਈ.ਸੀ.ਆਈ. ਬੈਂਕ ਏ.ਟੀ.ਐਮ., ਬੰਗਾ ਰੋਡ, ਫਗਵਾੜਾ।
ਫੋਨ : 01824-508888, 01824-260717
ਫੈਕਸ : 01824-224517
E-mail : sangeetdarpan@yahoo.com

ਕਿਸੇ ਵੀ ਕਾਨੂੰਨੀ ਕਾਰਵਾਈ ਦਾ ਨਿਪਟਾਰਾ ਕੇਵਲ ਫਗਵਾੜਾ ਦੀ ਅਦਾਲਤ ਵਿਚ ਹੀ ਕੀਤਾ ਜਾ ਸਕੇਗਾ।



# ਪੰਜਾਬੀ ਸਿਨੇਮਾ ਨਿਘਾਰ ਵੱਲ ਕਿਉਂ?



ਲੰਘਿਆ ਵਰ੍ਹਾ ਪੰਜਾਬੀ ਫ਼ਿਲਮਾਂ ਲਈ ਕਿੰਨਾ ਕੁ ਭਾਗਾਂ ਭਰਿਆ ਬੀਤਿਆ ਅਸੀਂ ਸਭ ਜਾਣਦੇ ਹਾਂ। ਪੰਜਾਬੀ ਫ਼ਿਲਮਾਂ ਆਈਆਂ ਬਹੁਤ ਪਰ ਗਈਆਂ ਕਿੱਧਰ ਨੂੰ, ਪਤਾ ਹੀ ਨਹੀਂ ਲਗਦਾ। ਕੁੱਲ ਰਿਲੀਜ਼ ਹੋਈਆਂ ਪੰਜਾਬੀ ਫ਼ਿਲਮਾਂ ਦਾ 5 ਫ਼ੀਸਦੀ ਹਿੱਸਾ ਹੋਵੇਗਾ ਜਿਸ ਨੇ ਇਕ ਹਿੱਟ ਜਾਂ ਸੁਪਰ ਹਿੱਟ ਦਾ ਮਾਣ ਹਾਸਲ ਕੀਤਾ ਹੋਵੇਗਾ। ਪਰ 5 ਫ਼ੀਸਦੀ ਹੋਣਗੀਆਂ ਜਿਨ੍ਹਾਂ ਨੇ ਔਸਤਨ ਕਮਾਈ ਕੀਤੀ ਹੋਵੇਗੀ। 90 ਫ਼ੀਸਦੀ ਪੰਜਾਬੀ ਫ਼ਿਲਮਾਂ ਕਦੋਂ ਆਈਆਂ, ਕਦੋਂ ਗਈਆਂ ਪਤਾ ਹੀ ਨਹੀਂ ਲੱਗਿਆ। ਹਕੀਕਤ ਇਹ ਹੈ ਕਿ ਜ਼ੁਬਾਨ ਦੀਆਂ ਫ਼ਿਲਮਾਂ ਦੇ ਚੰਗੇ-ਮਾੜੇ ਦਿਨ ਆਉਂਦੇ ਹਨ। ਪਰ ਪੰਜਾਬੀ ਫ਼ਿਲਮਾਂ ਪਿਛਲੇ ਕਈ ਵਰ੍ਹੇ ਤੋਂ ਆਪਣਾ ਦਰਸ਼ਕਾਂ ਦਾ ਭਰੋਸਾ ਗਵਾ ਰਹੀਆਂ ਹਨ।

ਸਭ ਇਹ ਜਾਣਦੇ ਹਨ ਕਿ ਅੱਜ ਪੰਜਾਬੀ ਫ਼ਿਲਮਾਂ 'ਤੇ ਬੇਭਰੋਸਗੀ ਇਸ ਕਦਰ ਵਧ ਗਈ ਹੈ ਕਿ ਦਰਸ਼ਕਾਂ ਨੂੰ ਨਾ ਐਮੀ ਵਿਰਕ ਦੀ ਫ਼ਿਲਮ ਦੀ ਉਡੀਕ ਰਹਿੰਦੀ ਹੈ ਨਾ ਗਿੱਪੀ ਦੀ ਫਿਲਮ ਦੀ ਨਾ ਦਲਜੀਤ ਤੇ ਨਾ ਹੀ ਅਮਰਿੰਦਰ ਦੀ। ਇਹ ਪੰਜਾਬੀ ਫ਼ਿਲਮਾਂ ਦੇ ਨਾਮਵਰ ਚਿਹਰੇ ਹਨ ਪਰ ਇਨ੍ਹਾਂ ਦੀਆਂ ਲੰਘੇ ਵਰ੍ਹੇ ਦੀਆਂ ਆਈਆਂ ਫ਼ਿਲਮਾਂ ਨੂੰ ਦੇਖਦਿਆਂ ਪਤਾ ਲਗ ਜਾਂਦਾ ਹੈ ਕਿ ਇਹ ਕਿੰਨੀ ਕਾਹਲੀ ਵਿਚ ਤਿਆਰ ਕੀਤੀਆਂ ਗਈਆਂ। ਇਨ੍ਹਾਂ ਫ਼ਿਲਮਾਂ ਵਿਚੋਂ ਕੱਢਣ-ਪਾਉਣ ਨੂੰ ਕੁਝ ਨਹੀਂ। ਦਰਸ਼ਕ ਦਾ ਭਰੋਸਾ ਬਹਾਲ ਰੱਖਣ ਵਿਚ ਫ਼ਿਲਮ ਨਾਲ ਜੁੜੀ ਟੀਮ ਦੇ ਇਕੱਲੇ-ਇਕੱਲੇ ਮੈਂਬਰ ਦਾ ਜ਼ਿੰਮਾ ਹੁੰਦਾ ਹੈ ਪਰ ਹੈਰਾਨੀ ਹੁੰਦੀ ਹੈ ਕਿ ਪੰਜਾਬੀ ਫ਼ਿਲਮਾਂ ਜਿਵੇਂ ਸੁਖਣਾ ਲਾਹੁਣ ਲਈ ਹੀ ਬਣਾਈਆਂ ਜਾ ਰਹੀਆਂ ਹੋਣ।

ਇਕ ਫ਼ਿਲਮ ਦੀ ਟਿਕਟ 250 ਰੁਪਏ ਤੋਂ ਲੈ ਕੇ 300 ਰੁਪਏ ਦੀ ਤੱਕ ਦੀ ਹੈ, ਜੇ ਇਕ ਪਰਿਵਾਰ ਦੇ 5 ਜੀਆਂ ਨੇ ਫ਼ਿਲਮ ਦੇਖਣੀ ਹੋਵੇ ਤਾਂ ਟਿਕਟਾਂ ਦੀ ਕੀਮਤ 1500 ਰੁਪਏ ਬਣਦੀ ਹੈ। ਇੰਟਰਵੈੱਲ ਵੇਲੇ ਖਾਣ-ਪੀਣ ਦਾ ਖ਼ਰਚਾ ਵੱਖਰਾ। ਕਾਰ ਦਾ ਪੈਟਰੋਲ, ਕਾਰ ਪਾਰਕਿੰਗ ਦੀ ਫ਼ੀਸ ਵੱਖਰੀ। ਭਾਵ ਇਕ ਫ਼ਿਲਮ ਘੱਟੋ-ਘੱਟ 2500 ਰੁਪਏ ਤੋਂ 3000 ਰੁਪਏ ਵਿਚ ਪੈਂਦੀ ਹੈ। ਕੌਣ ਮੂਰਖ ਹੋਵੇਗਾ ਜੋ ਬਾਜ਼ਾਦ ਕਿਸਮ ਦੇ ਚੁਟਕਲਿਆਂ, ਘਿਸੀ-ਪੀਟੀ ਕਹਾਣੀ ਤੇ ਉਹੀ ਤਮਾਸ਼ਾ ਵਾਰ-ਵਾਰ ਸਿਨੇਮਾ ਘਰ ਵਿਚ ਦੇਖਣ ਨੂੰ ਜਾਵੇਗਾ।

ਪਿਛਲੇ ਦਿਨੀਂ ਸਾਡੀ ਕੁਝ ਦਰਸ਼ਕਾਂ ਨਾਲ ਗੱਲ ਹੋਈ ਤਾਂ ਉਨ੍ਹਾਂ ਕਿਹਾ ਕਿ ਅਸੀਂ ਹਰ ਫ਼ਿਲਮ ਦੇ ਪਹਿਲੇ ਸ਼ੋਅ ਨੂੰ ਦੇਖਣ 'ਚ ਯਕੀਨ ਰੱਖਦੇ ਸਾਂ ਪਰ ਅੱਜ ਸਾਨੂੰ ਜੇ ਕੋਈ ਮੁਫ਼ਤ ਵਿਚ ਵੀ ਫ਼ਿਲਮ ਦਿਖਾਵੇ ਤਾਂ ਅਸੀਂ ਵੇਖਣ ਨਹੀਂ ਜਾਣਾ ਚਾਹੁੰਦੇ ਕਿਉਂਕਿ ਫ਼ਿਲਮ ਵਿਚ ਕੁਝ ਵੇਖਣ ਨੂੰ ਹੁੰਦਾ ਹੀ ਨਹੀਂ। ਉਨ੍ਹਾਂ ਕਿਹਾ ਕਿ ਜੇ ਸਾਨੂੰ ਤੁਸੀਂ 200-400 ਰੁਪਏ ਦੀ ਟਿਕਟ ਮੁਫ਼ਤ ਵਿਚ ਵੀ ਦੇ ਦੇਵੇ ਤਾਂ ਵੀ ਅਸੀਂ ਸਿਨੇਮਾ ਹਾਲ ਵਿਚ ਫ਼ਿਲਮ ਨਾ ਦੇਖਣ ਜਾਈਏ ਕਿਉਂਕਿ ਸਮਾਂ ਤਾਂ ਸਾਡਾ ਆਪਣਾ ਹੀ ਹੁੰਦਾ ਹੈ। ਤਿੰਨ ਘੰਟੇ ਸਿਨੇਮਾ ਵਿਚ ਕਿਉਂ ਬਰਬਾਦ ਕੀਤੇ ਜਾਣ? ਉਹੀ ਫ਼ਿਲਮ ਕੁਝ ਦਿਨਾਂ ਬਾਅਦ ਕਿਸੇ ਮੋਬਾਈਲ ਐਪ ਜਾਂ ਕਿਸੇ ਟੀ.ਵੀ. ਚੈਨਲ 'ਤੇ ਆ ਜਾਂਦੀ ਹੈ ਤੇ ਫਿਰ ਸਿਨੇਮਾ ਹਾਲ ਜਾਣ ਦੀ ਕੀ ਜ਼ਰੂਰਤ ਹੈ?

ਇਸ ਹਾਲਤ ਵਿਚ ਪੰਜਾਬੀ ਸਿਨੇਮਾ ਨਾਲ ਜੁੜੇ ਲੋਕਾਂ ਨੂੰ ਕੀ-ਕੀ ਉੱਦਮ ਕਰਨ ਦੀ ਲੋੜ ਹੈ, ਆਪੇ ਸਮਝ ਲੈਣ। ਦਰਸ਼ਕ ਅੱਜ ਫਿਰ ਤੋਂ ਸਿਨੇਮਾ ਜਾਣ ਨੂੰ ਤਿਆਰ ਹਨ ਪਰ ਫ਼ਿਲਮ ਵਿਚ ਕੁਝ ਹੋਵੇ ਤਾਂ ਸੀ। ਜੇ ਇਹੀ ਹਾਲ ਰਿਹਾ ਤਾਂ ਸਾਲ ਦੀਆਂ ਜਿਹੜੀਆਂ 4-5 ਫ਼ਿਲਮਾਂ ਚਲਦੀਆਂ ਹਨ, ਉਨ੍ਹਾ ਨੂੰ ਵੀ ਦੇਖਣ ਕੋਈ ਨਹੀਂ ਜਾਵੇਗਾ। ਪੰਜਾਬੀ ਸਿਨੇਮਾ ਦਾ ਕੀ ਬਣੇਗਾ? ਸਮਝਣਾ ਕੋਈ ਔਖਾ ਕੰਮ ਨਹੀਂ।

**-ਤਰਨਜੀਤ ਸਿੰਘ ਕਿੰਨੜਾ**



Sri Satguru Jagjit Singh Ji eLibrary NamdhariElibrary@gmail.com

## ਪਾਠਕਾਂ ਦੇ ਧਿਆਨ ਹਿਤ

- 'ਸੰਗੀਤ ਦਰਪਣ' ਵਿਚ ਛਪਣ ਵਾਲੀਆਂ ਖ਼ਬਰਾਂ ਅਤੇ ਲੇਖਾਂ ਨਾਲ ਸੰਪਾਦਕ ਦੀ ਸਹਿਮਤੀ ਹੋਣੀ ਜ਼ਰੂਰੀ ਨਹੀਂ ਹੈ। ਕਥਾ ਸਾਹਿਤ ਵਿਚ ਵਰਤੇ ਗਏ ਮਾਨ, ਘਟਨਾਵਾਂ ਅਤੇ ਸਥਾਨ ਕਲਪਿਤ ਹੁੰਦੇ ਹਨ, ਇਨ੍ਹਾਂ ਦਾ ਕਿਸੇ ਵੀ ਜੀਵਤ ਜਾਂ ਮਰੇ ਵਿਅਕਤੀ ਨਾਲ ਕੋਈ ਸੰਬੰਧ ਨਹੀ ਹੁੰਦਾ। ਭਾਵੇਂ ਸਿਹਤ ਸੰਬੰਧੀ ਮਾਹਿਰਾਂ ਵੱਲੋਂ ਦਿੱਤੀ ਜਾਣਕਾਰੀ ਬਹੁਤ ਕਰਕੇ ਠੀਕ ਹੁੰਦੀ ਹੈ ਪਰ ਫਿਰ ਵੀ ਆਪਣੇ ਡਾਕਟਰ ਦੀ ਸਲਾਹ ਲੈ ਲੈਣੀ ਚਾਹੀਦੀ ਹੈ।
- ਅਦਾਰਾ 'ਸੰਗੀਤ ਦਰਪਣ' ਵਿਚ ਛਪੇ ਇਸ਼ਤਿਹਾਰਾਂ ਦੇ ਤੱਥਾਂ ਲਈ ਜ਼ਿੰਮੇਵਾਰ ਨਹੀਂ, ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ। ਮੈਗਜ਼ੀਨ ਵਿਚ ਛਪੇ ਮੈਟਰ 'ਤੇ ਇਤਰਾਜ਼ ਮੈਗਜ਼ੀਨ ਛਪਣ ਦੇ 30 ਦਿਨਾਂ ਦੇ ਅੰਦਰ ਹੀ ਕੀਤਾ ਜਾ ਸਕਦਾ ਹੈ । ਇਸ ਤੋਂ ਬਾਅਦ ਕੀਤੀ ਗਈ ਕਿਸੇ ਕਾਰਵਾਈ ਲਈ ਅਦਾਰਾ 'ਸੰਗੀਤ ਦਰਪਣ' ਜ਼ਿੰਮੇਵਾਰ ਨਹੀਂ ਹੋਵੇਗਾ।









05 ਚੌਵੀ ਘੰਟੇ ਜਗਦਾ ਮਘਦਾ ਚੌਮੁਖੀਆ ਚਿਰਾਗ਼ ਡਾ. ਬਰਜਿੰਦਰ ਸਿੰਘ ਹਮਦਰਦ

13 "ਜਯਹ ਨਿਸ਼ਾਨੀ ਹੈ ਕਿਸੀ ਪੰਜਾਬ ਕੇ ਦਿਲਦਾਰ ਕੀ, ਵਤਨ ਪੇ ਲੁਟੇ ਹੁਏ ਰਣਜੀਤ ਸਿੰਘ ਸਿਰਦਾਰ ਕੀ॥"

16 ਪੰਜਾਬ ਦੇ ਸ਼ਾਖਸ਼ਾਤ ਦਰਸ਼ਨ ਹੋ ਜਾਂਦੇ ਹਨ ਬਾਬੂ ਸਿੰਘ ਮਾਨ ਮਰਾੜਾਂ ਵਾਲਿਆਂ ਦੇ ਗੀਤਾਂ 'ਚੋਂ

17 ਸਾਗ ਮੱਥੇ ਦੇ ਭਾਗ

23 'ਡਿਸਕੋ ਦੀਵਾਨੇ' ਗੀਤ ਨਾਲ ਚਰਚਾ ਵਿਚ ਆਈ ਨਾਜੀਆ ਹਸਨ

29 ਪੰਜਾਬੀ ਲੇਖਕ ਸ਼ਮਸ਼ੇਰ ਸਿੰਘ ਸੰਧੂ ਨੂੰ ਉਸ ਦੀ ਜਨਮ ਭੂਮੀ ਮਾਣੂੰਕੇ (ਲੁਧਿਆਣਾ) ਨੇ ਸਨਮਾਨਿਆ

33 ਆਓ ਪਾਣੀ ਪੀਣ ਦੇ ਸਹੀ ਢੰਗ ਬਾਰੇ ਜਾਣੀਏ

35 ਜੀਵਨ ਦਾ ਖ਼ੂਬਸੂਰਤ ਅਹਿਸਾਸ ਹੈ ਪਿਆਰ

**• ਅਤੇ ਹੋਰ ਬਹੁਤ ਸਾਰੀ ਦਿਲਚਸਪ ਸਮੱਗਰੀ**

**ਸੂਚਨਾ** ਜੇ ਕਿਸੇ ਨੂੰ 'ਸੰਗੀਤ ਦਰਪਣ' ਮੈਗਜ਼ੀਨ ਹਰ ਮਹੀਨੇ ਦੀ 7 ਜਾਂ 8 ਤਰੀਕ ਤੱਕ ਨਹੀਂ ਪਹੁੰਚਦਾ ਤਾਂ ਕਿਰਪਾ ਕਰਕੇ ਨਾਲ ਦਿੱਤੇ ਨੰਬਰਾਂ 'ਤੇ ਸੂਚਨਾ ਦਿਓ। ਫੋਨ ਨੰ: 01824-500591, 508888,260717

## ਜ਼ਰੂਰੀ ਸੂਚਨਾ

ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ। ਤੁਹਾਡੀਆਂ ਰਚਨਾਵਾਂ ਹਰ ਮਹੀਨੇ ਦੀ 10 ਤਰੀਕ ਤੱਕ ਸਾਡੇ ਦਫ਼ਤਰ ਪਹੁੰਚ ਜਾਣੀਆਂ ਚਾਹੀਦੀਆਂ ਹਨ। ਰਚਨਾਵਾਂ ਪਹਿਲਾਂ ਕਿਤੇ ਪ੍ਰਕਾਸ਼ਿਤ ਨਾ ਹੋਈਆਂ ਹੋਣ। ਬਿਲਕੁਲ ਨਵੀਆਂ ਰਚਨਾਵਾਂ ਪ੍ਰਕਾਸ਼ਿਤ ਕੀਤੀਆਂ ਜਾਣਗੀਆਂ। ਮੈਗਜ਼ੀਨ ਵਿਚ ਛਪੇ ਕਿਸੇ ਵੀ ਇਸ਼ਤਿਹਾਰ ਦਾ ਸਾਮਾਨ ਖਰੀਦਣ ਤੋਂ ਪਹਿਲਾਂ ਪਾਠਕ ਜਾਂਚ ਕਰ ਲੈਣ। ਅਦਾਰਾ ਇਸ ਲਈ ਜ਼ਿੰਮੇਵਾਰ ਨਹੀਂ ਹੋਵੇਗਾ। -ਸੰਪਾਦਕ

**SANGEET DARPAN**
Monthly
Near ICICI Bank ATM,
Banga Road,Phagwara
(Kapurthala) Punjab - 144 401
91-1824-508888,
91-1824-260717
Fax : 91-1824-224517

**ਇਕ ਕਾਪੀ (ਦੇਸ਼) : 35 ਰੁਪਏ**
**ਸਾਲਾਨਾ ਚੰਦਾ : 420 ਰੁਪਏ**
**ਇਕ ਕਾਪੀ (ਵਿਦੇਸ਼)**
5 ਅਮਰੀਕਨ ਡਾਲਰ
**ਸਾਲਾਨਾ ਚੰਦਾ (ਵਿਦੇਸ਼)**
60 ਅਮਰੀਕਨ ਡਾਲਰ

ਕੀਮਤ
35/- ₹

www.sangeetdarpan.com

Released by Harmanpreet Singh, Printer, Publisher & Founder "Sangeet Darpan" from Near ICICI Bank ATM, Banga Road, Phagwara & Printed at Chhabra Computer & Printers, ED-274, Dhan Mohalla, Jalandhar.

E-mail : sangeetdarpan@yahoo.com
sangeetdarpanmagazine@gmail.com



Sri Satguru Jagjit Singh Ji eLibrary NamdhariElibrary@gmail.com

https://archive.org/details/namdhari

## ਚੌਵੀ ਘੰਟੇ ਜਗਦਾ ਮਘਦਾ ਚੌਮੁਖੀਆ ਚਿਰਾਗ਼

# ਡਾ. ਬਰਜਿੰਦਰ ਸਿੰਘ ਹਮਦਰਦ





**ਗੁਰਭਜਨ ਗਿੱਲ**

ਪੰਜਾਬੀ ਸਾਹਿੱਤ ਸੱਭਿਆਚਾਰ ਵਿੱਚ ਹੁਣ ਤੀਕ ਦੋ ਹੀ ਭਾ ਜੀ ਹੋਏ ਨੇ। ਪਹਿਲੇ ਭਾ ਜੀ ਸ. ਗੁਰਸ਼ਰਨ ਸਿੰਘ ਨਾਟਕਕਾਰ ਸਨ ਤੇ ਦੂਸਰੇ ਭਾਜੀ ਹਨ ਡਾ. ਬਰਜਿੰਦਰ ਸਿੰਘ ਹਮਦਰਦ। ਪਰ ਮੇਰੇ ਲਈ ਸ. ਬਰਜਿੰਦਰ ਸਿੰਘ 1969 ਤੋਂ ਭਾ ਜੀ ਹਨ ਜਦ ਮੈਂ ਦਸਵੀਂ ਦੇ ਪੇਪਰ ਦੇ ਕੇ ਵੱਡੇ ਭੈਣ ਜੀ ਨਾਲ ਕਰਨਾਲ ਗਿਆ। ਰਾਹ ਵਿੱਚ ਜਲੰਧਰ ਪਤਾ ਲੱਗਿਆ ਕਿ ਸ਼ਹੀਦ ਭਗਤ ਸਿੰਘ ਦੇ ਸਤਿਕਾਰਯੋਗ ਮਾਤਾ ਜੀ ਸ਼੍ਰੀਮਤੀ ਵਿਦਿਆਵਤੀ ਬੀਮਾਰ ਨੇ। ਜਲੰਧਰ ਦੇ ਸਿਵਿਲ ਹਸਪਤਾਲ ਚ ਦਾਖ਼ਲ ਸਨ ਉਦੋਂ। ਮੇਰੇ ਵੱਡੇ ਭਾ ਜੀ ਜੱਸ ਤੇ ਭਾ ਜੀ ਰਾਜਿੰਦਰ ਚੀਮਾ ਨਾਲ ਅਸੀਂ ਬੇਬੇ ਜੀ ਦਾ ਪਤਾ ਲੈਣ ਗਏ ਤਾਂ ਓਥੇ ਪਹਿਲੀ ਵਾਰ ਭਾ ਜੀ ਬਰਜਿੰਦਰ ਸਿੰਘ ਨੂੰ ਵੇਖਿਆ ਤੇ ਪਹਿਲੀ ਵਾਰ ਭਾ ਜੀ ਕਿਹਾ। ਹੁਣ ਤੀਕ ਉਹ ਮਹਿਕੰਦੜਾ ਰਿਸ਼ਤਾ ਮੇਰੀ ਪੂੰਜੀ ਹੈ।

ਦੋਸਤੋ! ਤੁਸੀਂ ਕੱਚੀ ਮਿੱਟੀ ਦੇ ਖਿਡੌਣੇ ਬਣਦੇ ਜੇਕਰ ਵੇਖੇ ਹਨ, ਸੁਰਾਂ ਨੂੰ ਸਾਧਦਾ ਕੋਈ ਸੰਗੀਤਕਾਰ ਨਵੀਆਂ ਤਰਜ਼ਾਂ ਘੜਦਾ ਵੇਖਿਆ ਹੈ, ਪਹਿਲਵਾਨ ਦੇ ਅਖਾੜੇ ਵਿੱਚ ਉਸ ਦੇ ਆਪਣੇ ਹੀ ਮੁੜ੍ਹਕੇ ਨਾਲ ਮਿੱਟੀ ਗੁੰਨੀ ਜਾਂਦੀ ਵੇਖੀ ਹੈ, ਫੁੱਲਾਂ ਵਿੱਚ ਰੰਗ ਭਰਦਾ ਨਿਹਾਰਿਆ ਹੈ, ਸ਼ਿਵ ਮਣੀ ਵਰਗੇ ਸਾਜਿੰਦੇ ਨੂੰ ਇਕੋ ਸਾਹੇ ਇਕੋ ਪਲ 50 ਸਾਜ਼ ਇਕੱਲੇ ਵਜਾਉਂਦਿਆਂ ਨਹੀਂ ਵੇਖਿਆ, ਘੁੱਗੀਆਂ ਦੇ ਜੋੜੇ ਨੂੰ ਚੰਬਾ ਰਵੇਲ ਦੀ ਵੇਲ ਦੇ ਕੋਲ ਖਲੋ ਕੇ ਮਾਣਿਆ ਹੈ ਤਾਂ ਤੁਸੀਂ ਬੜੇ ਆਰਾਮ ਨਾਲ ਡਾ.ਬਰਜਿੰਦਰ ਸਿੰਘ ਹਮਦਰਦ ਦੀ ਸਖਸ਼ੀਅਤ ਨੂੰ ਜਾਣ ਤੇ ਪਛਾਣ ਸਕਦੇ ਹੋ। ਜੇਕਰ ਤੁਸੀਂ ਇਨ੍ਹਾਂ ਵਿਚੋਂ ਕਿਸੇ ਇਕ ਵੀ ਅਹਿਸਾਸ ਨੂੰ ਨਹੀਂ ਜੀਵਿਆ ਤਾਂ ਉਹ ਤੁਹਾਡੇ ਕਲਾਵੇ 'ਚ ਨਹੀਂ ਆਉਣਗੇ।

ਡਾ. ਬਰਜਿੰਦਰ ਸਿੰਘ ਹਮਦਰਦ ਨਾਲ ਮੇਰਾ ਪਰਿਵਾਰਕ ਮੇਲ ਜੋਲ ਹੋਣ ਦਾ ਸਬੱਬ ਮੇਰੇ ਵੱਡੇ ਵੀਰ ਪ੍ਰੋ. ਸ਼ਹੀਦ ਭਗਤ ਸਿੰਘ ਦੇ ਭਣੇਵੇਂ ਪ੍ਰੋ ਜਗਮੋਹਨ ਸਿੰਘ, ਮਲਵਿੰਦਰਜੀਤ ਸਿੰਘ ਵੜੈਚ, ਪ੍ਰਿੰਸੀਪਲ ਜਸਵੰਤ ਸਿੰਘ ਗਿੱਲ, ਪ੍ਰੋ ਸੁਖਵੰਤ ਸਿੰਘ ਗਿੱਲ, ਰਾਜਿੰਦਰ ਸਿੰਘ ਚੀਮਾ, ਪ੍ਰਿੰਸੀਪਲ ਮਨੋਹਰ ਸਿੰਘ ਪਰਮਾਰ ਤੇ ਸ. ਬਲਬੀਰ ਸਿੰਘ ਸੰਧੂ ਰੁੜਕਾ ਕਲਾਂ (ਜਲੰਧਰ) ਵਾਲੇ ਸਨ।

1965-66 ਦੇ ਦਿਨਾਂ ਵਿੱਚ ਇਹ ਸਾਰੇ ਵੀਰ ਜਲੰਧਰ ਸ਼ਹਿਰ ਦੇ ਲਾਇਲਪੁਰ ਖਾਲਸਾ ਕਾਲਜ ਨੇੜੇ ਲਾਡੋਵਾਲੀ ਰੋਡ 'ਤੇ ਯੁਵਕ ਕੇਂਦਰ ਨਾਂ ਦੀ ਇੱਕ ਸੰਸਥਾ ਚਲਾ ਰਹੇ ਸਨ, ਜਿਸ ਦਾ ਮਨੋਰਥ ਨੌਜਵਾਨ ਪੀੜ੍ਹੀ ਵਿਚ ਦੇਸ਼ ਭਗਤ ਜਜ਼ਬਿਆਂ ਦਾ ਬੀਜ ਬੀਜਣਾ ਸੀ। ਗਦਰ ਪਾਰਟੀ ਦੇ ਬਾਨੀ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ, ਸ਼ਹੀਦੇ ਆਜ਼ਮ ਸ੍ਰ: ਭਗਤ ਸਿੰਘ ਜੀ ਦੇ ਸਤਿਕਾਰਯੋਗ ਮਾਤਾ ਜੀ ਸ਼੍ਰੀਮਤੀ ਵਿਦਿਆਵਤੀ ਇਸ ਕਾਫ਼ਲੇ ਦੇ ਸਰਪ੍ਰਸਤ ਸਨ। ਇਹ ਸਾਰੇ ਨੌਜਵਾਨ ਸਾਈਕਲ ਸਵਾਰ ਹੋ ਕੇ ਪੰਜਾਬ ਦੇ ਪਿੰਡਾਂ ਵਿੱਚ ਦੇਸ਼ ਭਗਤਾਂ ਦੀਆਂ ਜੀਵਨੀਆਂ ਛਾਪ ਕੇ ਵੰਡਦੇ, ਉਨ੍ਹਾਂ ਦੀਆਂ ਤਸਵੀਰਾਂ ਦੀਆਂ ਨੁਮਾਇਸ਼ਾਂ ਲਾਉਂਦੇ।

ਇਸ ਕਾਫ਼ਲੇ ਦੇ ਨਿਕਟ ਸਹਿਯੋਗੀਆਂ ਵਿੱਚ ਭਾ ਜੀ ਬਰਜਿੰਦਰ ਸਿੰਘ ਹਮਦਰਦ ਵੀ ਸ਼ਾਮਿਲ ਸਨ। ਇੱਕੋ ਥਾਂ ਇਕੋ ਰਸੋਈ ਵਿੱਚ ਇਕੱਠਾ ਪ੍ਰਸ਼ਾਦਾ ਪਾਣੀ ਪੱਕਦਾ, ਬੁੜ੍ਹਾਂ ਮਾਰੇ ਮਾਹੌਲ ਵਿੱਚ ਇਕ ਦੂਸਰੇ ਨੂੰ ਸਹਿਯੋਗੀ ਮਾਹੌਲ ਦੇ ਕੇ ਵਿਕਾਸ ਦੇ ਰਾਹ ਤੋਰਦੇ। ਇਨ੍ਹਾਂ ਨੌਜਵਾਨਾਂ ਵਿੱਚੋਂ ਉਸੇ ਸ. ਰਜਿੰਦਰ ਸਿੰਘ ਚੀਮਾ ਸੀਨੀਅਰ ਐਡਵੋਕੇਟ ਪੰਜਾਬ ਤੇ ਹਰਿਆਣਾ ਹਾਈਕੋਰਟ ਨਾਲ ਸ੍ਰ. ਬਰਜਿੰਦਰ ਸਿੰਘ ਦੀ ਦੋਸਤੀ ਅੱਜ ਪੂਰਾ ਵਿਸ਼ਵ ਜਾਣਦਾ ਹੈ। ਇਕ ਰਜਾਈ, ਇਕ ਮੰਜਾ, ਇਕ ਸੋਚ ਦਾ ਆਧਾਰ ਅੱਜ ਪਰਿਵਾਰਕ ਨੇੜਤਾ ਵਿੱਚ ਤਬਦੀਲ ਹੋ ਚੁੱਕਾ ਹੈ। ਡਾ. ਬਰਜਿੰਦਰ ਸਿੰਘ ਹਮਦਰਦ ਆਪਣੀ ਗਰੈਜੁਏਸ਼ਨ ਮੁਕੰਮਲ ਕਰਕੇ ਚੰਡੀਗੜ੍ਹ ਪੰਜਾਬ ਯੂਨੀਵਰਸਿਟੀ ਵਿਚ ਐਮ.ਏ. ਕਰਨ ਗਏ ਤਾਂ ਦੋਸਤੀ ਦੇ ਦਮ ਇਨ੍ਹਾਂ ਮਿੱਤਰਾਂ ਨਾਲ ਹੀ ਸਾਂਝੇ ਰਹੇ। ਰੋਜ਼ਾਨਾ ਅਖ਼ਬਾਰ 'ਅਜੀਤ' ਦਾ ਸਪਤਾਹਿਕ ਅੰਕ ਡਾਕ ਰਾਹੀਂ ਸਾਡੇ ਪਿੰਡ ਪਹੁੰਚਦਾ ਹੋਣ ਕਰਕੇ ਮੈਂ ਭਾ ਜੀ ਬਰਜਿੰਦਰ ਸਿੰਘ ਹਮਦਰਦ ਦੇ ਨਾਮ ਤੋਂ ਭਲੀ ਭਾਂਤ ਜਾਣੂੰ ਸਾਂ। ਇਥੇ ਹੀ ਸ਼ਹੀਦ ਭਗਤ ਸਿੰਘ ਜੀ ਦੇ ਭਾਣਜੇ ਪ੍ਰੋਫੈਸਰ ਜਗਮੋਹਨ ਸਿੰਘ ਸਮੇਤ ਸਾਰਿਆਂ ਦੀ ਸਾਂਝੀ ਫੋਟੋ ਅੱਜ ਵੀ ਮੇਰੀ ਪਰਿਵਾਰਕ ਐਲਬਮ ਦਾ ਸ਼ਿੰਗਾਰ ਹੈ।

1971 ਵਿੱਚ ਮੈਂ ਲੁਧਿਆਣੇ ਪੜ੍ਹਨ ਆਇਆ ਤਾਂ ਇਥੇ ਮੇਰੇ ਅਧਿਆਪਕ ਡਾ. ਐੱਸ.ਪੀ. ਸਿੰਘ ਅਕਸਰ ਸ੍ਰ: ਬਰਜਿੰਦਰ ਸਿੰਘ ਹਮਦਰਦ ਦਾ ਨਾਮ ਲੈਂਦੇ। ਜਮਾਤੀ ਹੋਣ ਵੇਲੇ ਦੀ ਦੋਸਤੀ ਹੁਣ ਤੀਕ ਵੀ ਉਵੇਂ ਦੀ ਉਵੇਂ ਹੀ ਮਹਿਕਦੀ ਹੈ। ਇਨ੍ਹਾਂ ਨਾਲ ਹੀ 'ਅਕਸ' ਦੇ ਮੁੱਖ ਸੰਪਾਦਕ ਸ੍ਰ: ਅਮਰਜੀਤ ਸਿੰਘ ਵੀ ਪੜ੍ਹਦੇ ਸਨ। ਸ੍ਰ. ਬਰਜਿੰਦਰ ਸਿੰਘ





Sri Satguru Jagjit Singh Ji eLibrary NamdhariElibrary@gmail.com

ਹਮਦਰਦ ਨੂੰ ਰੋਜ਼ਾਨਾ ਅਜੀਤ ਦੇ ਮੁੱਖ ਸੰਪਾਦਕ ਵਜੋਂ, ਡਾ. ਐਸ. ਪੀ ਸਿੰਘ ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਾਬਕਾ ਵਾਈਸ ਚਾਂਸਲਰ ਵਜੋਂ ਅਤੇ ਸ੍ਰ: ਅਮਰਜੀਤ ਸਿੰਘ ਨੂੰ ਸਾਹਿਤਕ ਪੱਤਰਕਾਰੀ ਦੇ ਰੌਸ਼ਨ ਮੀਨਾਰ ਅਤੇ ਕਥਾ ਸਿਰਜਕ ਵਜੋਂ ਕੌਣ ਨਹੀਂ ਜਾਣਦਾ ਅੱਜ।

1972 ਵਿੱਚ ਹੀ ਸ੍ਰ: ਬਰਜਿੰਦਰ ਸਿੰਘ ਨੇ ਮਾਸਕ ਪੱਤਰ 'ਦ੍ਰਿਸ਼ਟੀ' ਦਾ ਪ੍ਰਕਾਸ਼ਨ ਆਰੰਭਿਆ। ਪੰਜਾਬੀ ਭਾਸ਼ਾ ਵਿੱਚ ਪਹਿਲਾ ਸੁਚਿੱਤਰ ਮਾਸਕ ਪੱਤਰ। ਇਸ ਦੇ ਦੂਸਰੇ ਅੰਕ ਵਿੱਚ ਹੀ ਮੇਰੀ ਕਵਿਤਾ ਪ੍ਰਕਾਸ਼ਤ ਕਰਕੇ ਉਨ੍ਹਾਂ ਨੇ ਮੈਨੂੰ ਲੇਖਕ ਹੋਣ ਦਾ ਪਹਿਲਾ ਵਿਸ਼ਵਾਸ ਦਿਵਾਇਆ। ਮੈਂ ਜਦੋਂ ਵੀ ਆਪਣੇ ਪਿੰਡ ਬਸੰਤ ਕੋਟ ਗੁਰਦਾਸਪੁਰ ਜਾਂਦਾ ਜਾਂ ਪਿੰਡੋਂ ਪਰਤਦਾ ਤਾਂ ਬਹਾਨੇ ਨਾਲ ਜਲੰਧਰ ਰੁਕ ਕੇ ਭਾ ਜੀ ਬਰਜਿੰਦਰ ਸਿੰਘ ਹਮਦਰਦ ਨਾਲ ਮੁਲਾਕਾਤ ਕਰਕੇ ਵਾਪਸ ਲੁਧਿਆਣੇ ਪਹੁੰਚਦਾ। ਬਹੁਤੀ ਵਾਰ ਕੰਮ ਵੀ ਕੋਈ ਨਾ ਹੁੰਦਾ ਪਰ ਇਕ ਸਤਿਕਾਰਯੋਗ ਹਸਤੀ ਵਾਂਗ ਉਨ੍ਹਾਂ ਨੂੰ ਨਿਹਾਰਨਾ ਮੈਨੂੰ ਹਮੇਸ਼ਾਂ ਚੰਗਾ ਲੱਗਦਾ ਰਿਹਾ।

ਭਾ ਜੀ ਬਰਜਿੰਦਰ ਦੇ ਸੰਪਾਦਿਤ ਕੀਤੇ ਪਰਚਿਆਂ ਵਿਚੋਂ ਉਨ੍ਹਾਂ ਦੀ ਸਖਸ਼ੀਅਤ ਦੀ ਕਈ ਵਰ੍ਹੇ ਪੁਰਾਣੀ ਨਿਸ਼ਾਨਦੇਹੀ ਕਰਨ ਵਾਸਤੇ ਕੁਝ ਇਕ ਨਮੂਨੇ ਤੁਹਾਡੇ ਲਈ ਹਾਜ਼ਰ ਹਨ।

ਮਾਸਕ ਪੱਤਰ 'ਦ੍ਰਿਸ਼ਟੀ' ਦੇ ਅਪ੍ਰੈਲ 1976 ਅੰਕ ਵਿਚ ਉਨ੍ਹਾਂ ਨੇ ਸੰਪਾਦਕੀ ਵਿੱਚ ਭਾਸ਼ਾ ਵਿਭਾਗ ਦੇ ਇਨਾਮਾਂ ਬਾਰੇ ਟਿੱਪਣੀ ਕਰਦਿਆਂ ਲਿਖਿਆ ਕਿ 'ਮੁਬਾਰਕਬਾਦ ਨਹੀਂ'। ਭਾਸ਼ਾ ਵਿਭਾਗ ਪੰਜਾਬ ਵੱਲੋਂ ਇਸ ਵਰ੍ਹੇ ਪੰਜਾਬੀ ਸਾਹਿਤਕਾਰ ਦੇ ਤੌਰ ਤੇ ਡਾ. ਗੁਰਚਰਨ ਸਿੰਘ ਨੂੰ ਅਤੇ ਪੱਤਰਕਾਰ ਦੇ ਤੌਰ 'ਤੇ ਤਾਰਾ ਸਿੰਘ ਕਾਮਿਲ ਨੂੰ ਸਨਮਾਨਿਆ ਗਿਆ। ਅਸੀਂ ਮਹਿਸੂਸ ਕਰਦੇ ਹਾਂ ਕਿ ਇਨ੍ਹਾਂ ਇਨਾਮਾਂ ਬਾਰੇ ਪੰਜਾਬੀ ਜਗਤ ਵਿੱਚ ਬਹੁਤੀ ਚਰਚਾ ਨਹੀਂ ਹੋਈ। ਸ਼ਾਇਦ ਸਭ ਨੇ ਇਸ ਮਾਮਲੇ ਵਿੱਚ 'ਇਕ ਚੁੱਪ ਸੌ ਸੁੱਖ ਵਾਲਾ' ਵਤੀਰਾ ਧਾਰਨ ਕਰਨਾ ਹੀ ਠੀਕ ਸਮਝਿਆ ਹੈ। ਆਪਣੇ ਇਸ ਨਿੱਕੇ ਜਿਹੇ ਲੇਖ ਵਿੱਚ ਡਾ. ਗੁਰਚਰਨ ਸਿੰਘ ਦੀ ਸਾਹਿਤਕਾਰੀ ਸੰਬੰਧੀ ਅਸੀਂ ਚਰਚਾ ਨਹੀਂ ਕਰਾਂਗੇ ਪਰ ਇਸ ਗੱਲ ਤੋਂ ਸਾਰਾ ਪੰਜਾਬੀ ਜਗਤ ਜਾਣੂੰ ਹੈ ਕਿ ਪੁਰਸਕਾਰ ਡਾ. ਸਾਹਿਬ ਨੂੰ ਉਨ੍ਹਾਂ ਦੇ ਉੱਚ ਅਧਿਕਾਰੀਆਂ ਨਾਲ ਨੇੜਲੇ ਸੰਬੰਧਾਂ ਕਰਕੇ ਪ੍ਰਾਪਤ ਹੋਇਆ ਹੈ।

ਤਾਰਾ ਸਿੰਘ ਕਾਮਿਲ ਦਾ ਨਾਂ ਕਦੀ ਪੰਜਾਬੀ ਕਵੀਆਂ ਵਿੱਚ ਸ਼ੁਮਾਰ ਕੀਤਾ ਜਾਂਦਾ ਸੀ ਪਰ ਹੁਣ ਕਈ ਵਰ੍ਹਿਆਂ ਤੋਂ ਨਾ ਹੀ ਕਾਮਿਲ ਸਾਹਿਬ ਦੀ ਕੋਈ ਪੁਸਤਕ ਆਈ ਅਤੇ ਨਾ ਹੀ ਉਨ੍ਹਾਂ ਦੀ ਕੋਈ ਚੰਗੀ ਨਜ਼ਮ ਪੜ੍ਹਨ ਨੂੰ ਮਿਲੀ ਹੈ ਪਰ ਇੱਕ ਪੱਤਰਕਾਰ ਦੇ ਤੌਰ 'ਤੇ ਉਨ੍ਹਾਂ ਨੂੰ ਕਦੇ ਵੀ ਨਹੀਂ ਜਾਣਿਆ ਗਿਆ। ਨਾ ਉਨ੍ਹਾਂ ਦੇ ਪਰਚੇ ਦੀ ਨਾ ਉਨ੍ਹਾਂ ਦੀ ਆਪਣੀ ਇਸ ਖੇਤਰ ਵਿੱਚ ਕੋਈ ਵਰਨਣਯੋਗ ਪ੍ਰਾਪਤੀ ਹੈ। ਇਸੇ ਲਈ ਜਦੋਂ ਇਕ ਪੱਤਰਕਾਰ ਦੇ ਤੌਰ 'ਤੇ ਇਸ ਵਰ੍ਹੇ ਲਈ ਤਾਰਾ ਸਿੰਘ ਕਾਮਿਲ ਦੇ ਨਾਂ ਦਾ ਐਲਾਨ ਕੀਤਾ ਗਿਆ ਤਾਂ ਬਹੁਤ ਸਾਰੇ ਲੋਕਾਂ ਨੂੰ ਇਸ ਤੇ ਬੇਹੱਦ ਹੈਰਾਨੀ ਹੋਈ। ਸਾਡੀ ਭਾਸ਼ਾ ਵਿਭਾਗ ਪੰਜਾਬ ਨੂੰ ਬੇਨਤੀ ਹੈ ਕਿ ਜੇਕਰ ਉਹ ਇਨ੍ਹਾਂ ਪੁਰਸਕਾਰਾਂ ਦੀ ਕੋਈ ਅਹਿਮੀਅਤ ਰੱਖਣੀ ਚਾਹੁੰਦਾ ਹੈ ਤਾਂ ਉਹ ਇਹ ਫ਼ੈਸਲਾ ਬਹੁਤ ਸੋਚ ਵਿਚਾਰ ਤੋਂ ਬਾਅਦ ਅਤੇ ਵੱਖ-ਵੱਖ ਖੇਤਰਾਂ ਦੇ ਨਿਰਪੱਖ ਵਿਦਵਾਨਾਂ ਦੀ ਪ੍ਰੋੜ ਰਾਏ ਲੈਣ ਤੋਂ ਬਾਅਦ ਹੀ ਕਰੇ। ਇਸ ਵਾਰ ਅਸੀਂ ਭਾਸ਼ਾ ਵਿਭਾਗ ਪੰਜਾਬ ਨੂੰ ਉਨ੍ਹਾਂ ਦੀ ਇਸ ਚੋਣ ਤੇ ਮੁਬਾਰਕਬਾਦ ਨਹੀਂ ਦੇ ਸਕਾਂਗੇ। -ਬਰਜਿੰਦਰ ਹਮਦਰਦ।

ਇਸ ਪਰਚੇ ਦੇ ਰਿਲੀਜ਼ ਹੋਣ ਤੋਂ ਪੂਰੇ ਇੱਕ ਹਫ਼ਤੇ ਅੰਦਰ ਸ੍ਰ. ਬਰਜਿੰਦਰ ਸਿੰਘ ਹਮਦਰਦ ਦੇ ਦਫ਼ਤਰ ਪੰਜਾਬ ਪੁਲਿਸ ਦਾ ਛਾਪਾ ਪਿਆ। ਇਲਜ਼ਾਮ ਸੀ ਕਿ ਇਸ ਕੋਲ ਨਕਸਲਬਾੜੀਏ ਆਉਂਦੇ ਹਨ। ਜਾਣਕਾਰ ਸੂਤਰਾਂ ਨੂੰ ਉਦੋਂ ਹੀ ਭਿਣਕ ਪੈ ਗਈ ਸੀ ਕਿ ਭਾਸ਼ਾ ਵਿਭਾਗ ਦੇ ਇਨਾਮ ਬਾਰੇ ਟਿੱਪਣੀ ਦਾ ਇਨਾਮ ਮਿਲਿਆ ਹੈ। ਭਲਾ ਹੋਵੇ ਪੰਜਾਬੀ ਕਵੀ ਸ੍ਰ. ਸੂਬਾ ਸਿੰਘ ਜੀ ਦਾ ਜਿਹੜੇ ਉਸ ਵੇਲੇ ਮੁੱਖ ਮੰਤਰੀ ਪੰਜਾਬ ਗਿਆਨੀ ਜ਼ੈਲ ਸਿੰਘ ਜੀ ਦੇ ਪ੍ਰੈਸ ਸਕੱਤਰ ਸਨ। ਉਨ੍ਹਾ ਨੇ ਮੁੱਖ ਮੰਤਰੀ ਜੀ ਨੂੰ ਸਹੀ ਪੁਜ਼ੀਸ਼ਨ ਦੱਸ ਕੇ ਚੁਗਲਖ਼ੋਰ ਦੀ ਚੁਗਲੀ ਦਾ ਡੰਗ ਤੋੜਿਆ। ਉਸ ਵਕਤ ਸ. ਸ. ਮੀਸ਼ਾ ਤੋਂ ਇਲਾਵਾ ਬਹੁਤ ਥੋੜ੍ਹੇ ਦੋਸਤ ਅਜਿਹੇ ਸਨ, ਜਿਹੜੇ ਸਾਡੇ ਭਾਅ ਜੀ ਬਰਜਿੰਦਰ ਸਿੰਘ ਹਮਦਰਦ ਜੀ ਦੀ ਧਿਰ ਬਣੇ।

ਇਨ੍ਹਾਂ ਹੀ ਦਿਨਾਂ ਵਿੱਚ ਮੈਂ ਦੁਸ਼ਿਅੰਤ ਕੁਮਾਰ ਦੀ ਹਿੰਦੀ ਗ਼ਜ਼ਲਾਂ ਦੀ ਪੁਸਤਕ 'ਸਾਏ ਮੇਂ ਧੂਪ' ਦੀ ਕਾਪੀ ਲੁਧਿਆਣਿਉਂ ਲੈ ਕੇ ਜਲੰਧਰ ਪਹੁੰਚਿਆ ਤਾਂ ਭਾ ਜੀ ਬਰਜਿੰਦਰ ਨੇ ਆਪਣੇ ਵਿਜੈ ਨਗਰ ਵਾਲੇ ਘਰ ਦੇ ਸਾਈਕਲ ਸ਼ੈੱਡ ਹੇਠ ਦੋ ਮੰਜੇ ਡਾਹ ਕੇ

ਸ. ਸ. ਮੀਸ਼ਾ ਜੀ ਦੀ ਹਾਜ਼ਰੀ ਵਿੱਚ ਮੈਥੋਂ ਪੂਰੀ ਕਿਤਾਬ ਜ਼ੁਬਾਨੀ ਸੁਣੀ। ਉਹ ਦਿਹਾੜੇ ਬੜੇ ਤਲਖ਼ ਸਮਿਆਂ ਜਹੇ ਸਨ ਭਾ ਜੀ ਵਾਸਤੇ। ਵੱਡੇ ਅਦਾਰੇ ਅਜੀਤ ਨਾਲੋਂ ਵੱਖ ਹੋ ਕੇ ਨਵੀ ਦੁਨੀਆਂ ਵਸਾਈ ਜਾ ਰਹੀ ਸੀ। ਉਨ੍ਹਾਂ ਵੱਲੋਂ ਦ੍ਰਿਸ਼ਟੀ ਸਾਹਿੱਤਕ ਮੈਗਜ਼ੀਨ ਤੋਂ ਇਲਾਵਾ ਖੇਤੀਬਾੜੀ ਬਾਰੇ ਮੈਗਜ਼ੀਨ ਅੰਨਦਾਤਾ ਤੇ ਫ਼ਿਲਮ ਸਬੰਧੀ ਮੈਗਜ਼ੀਨ ਅਪਸਰਾ ਵੀ ਸ਼ੁਰੂ ਹੋ ਚੁਕਾ ਸੀ। ਭਾ ਜੀ ਆਪਣੀ ਜੀਵਨ ਸਾਥਣ ਸਰਦਾਰਨੀ ਸਰਬਜੀਤ ਕੌਰ ਦੇ ਸੰਗ ਸਾਥ ਉਹ ਇਸ ਅਗਨੀ ਪ੍ਰੀਖਿਆ ਵਿਚੋਂ ਪਾਸ ਹੋਏ।

ਅਜੀਤ ਭਵਨ ਨੂੰ ਉਨ੍ਹਾਂ ਨੇ ਬਿਲਕੁਲ ਉਵੇਂ ਛੱਡਿਆ ਜਿਵੇਂ ਕਦੇ ਗੌਤਮ ਨੇ ਕਪਿਲਵਸਤੂ ਤਿਆਗੀ ਸੀ। ਪਰ ਇਕੱਲਿਆਂ ਨਹੀਂ, ਯਸ਼ੋਦਰਾ ਤੇ ਧੀਆਂ ਸਮੇਤ।

ਉਨ੍ਹੀਂ ਦਿਨੀਂ ਪੱਤਰਕਾਰੀ ਵਿੱਚੋਂ ਅਖਬਾਰਾਂ ਤਾਂ ਚਿੱਤਰ ਛਾਪਦੀਆਂ ਸਨ ਪਰ ਇਕ ਸਾਹਿਤਕ ਮੈਗਜ਼ੀਨ ਨੂੰ ਸਭਿਆਚਾਰਕ ਅਤੇ ਵਿਚਾਰ ਪ੍ਰਧਾਨਤਾ ਦੇਣ ਵਾਸਤੇ ਤਸਵੀਰਾਂ ਦਾ ਸਹਾਰਾ ਪਹਿਲੀ ਵਾਰ ਬਰਜਿੰਦਰ ਸਿੰਘ ਹਮਦਰਦ ਦੀ ਸੰਪਾਦਕੀ ਹੇਠ 'ਦ੍ਰਿਸ਼ਟੀ' ਨੇ ਹੀ ਲਿਆ। ਅਪ੍ਰੈਲ 1976 ਵਾਲੇ ਅੰਕ ਵਿੱਚ ਛਪੇ ਕੁਝ ਸੁਚਿੱਤਰ ਲੇਖ ਪੜ੍ਹ ਕੇ ਅੱਜ ਵੀ ਬੜਾ ਸੱਜਰਾ ਅਹਿਸਾਸ ਹੁੰਦਾ ਹੈ। ਮਿਸਾਲ ਦੇ ਤੌਰ 'ਤੇ ਇਸ ਅੰਕ ਵਿੱਚ ਡਾ. ਸ. ਸਿੰਘ ਦਾ ਲਿਖਿਆ ਲੇਖ 'ਗੁਰੂ ਗੋਬਿੰਦ ਸਿੰਘ ਦੀਆਂ ਲੜਾਈਆਂ ਸ਼ਾਮਿਲ ਹੈ, ਜਿਸ ਵਿਚ ਸੱਤ ਪੇਟਿੰਗਜ਼ ਸ਼ਾਮਿਲ ਹਨ। ਸ੍ਰ. ਕਿਰਪਾਲ



ਸਿੰਘ ਦੇ ਚਿੱਤਰ ਲੇਖ ਦੀ ਆਭਾ ਦੁੱਗਣੀ ਕਰਦੇ ਹਨ। ਇਸੇ ਤਰ੍ਹਾਂ ਡਾ. ਸ. ਸ. . ਦੁਸਾਂਝ ਦਾ ਲਿਖਿਆ ਲੇਖ 'ਕਿਸਾਨ ਪੰਜਾਬ ਦੇ' ਸਾਡੇ ਸਾਹਮਣੇ ਉਸ ਵੇਲੇ ਦੀ ਕਿਸਾਨੀ ਦਾ ਮੁਹਾਂਦਰਾ ਪੇਸ਼ ਕਰਦਾ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਫ਼ੋਟੋ ਕਲਾਕਾਰ ਸ੍ਰੀ ਐਸ. ਕੇ ਰੋਡ ਦੀਆਂ ਖਿੱਚੀਆਂ ਸੱਤ ਤਸਵੀਰਾਂ ਇਸ ਲੇਖ ਦੀ ਕੀਮਤ ਕਈ ਗੁਣਾਂ ਵਧਾਉਂਦੀਆਂ ਹਨ। ਇਸੇ ਅੰਕ ਵਿੱਚ ਮੇਰਾ ਵੀ ਇਕ ਲੇਖ 'ਕਿਲ੍ਹਾ ਰਾਇਪੁਰ ਦਾ ਗਰੇਵਾਲ ਖੇਡ ਮੇਲਾ' ਸ਼ਾਮਿਲ ਹੈ, ਜਿਸ ਵਿੱਚ ਬੈਲ ਗੱਡੀਆਂ ਦੀ ਦੌੜ ਤੋਂ ਇਲਾਵਾ ਗੁੱਜਰਵਾਲ ਵਾਲੇ ਤੇਜਾ ਸਿੰਘ ਦਾ ਬੋਤਾ ਮਸਤ ਚਾਲ ਤੁਰਦਾ ਸਾਨੂੰ ਉਸੇ ਮਾਹੌਲ ਵਿੱਚ ਲੈ ਜਾਂਦਾ ਹੈ। ਸ਼ਾਮ ਸਿੰਘ ਦਾ ਲਿਖਿਆ ਚਿੱਤਰਕਾਰ ਦੇਵ ਦੀਆਂ ਪੇਟਿੰਗਜ਼ ਤੇ ਅਧਾਰਿਤ ਫ਼ੋਟੋ ਫੀਚਰ ਤੇ ਹੋਲਾ ਮੁਹੱਲਾ ਬਾਰੇ ਲਿਖਤ ਹੈ। ਭਾਸ਼ਾ ਵਿਭਾਗ ਵੱਲੋਂ ਜਲੰਧਰ ਵਿੱਚ ਕਰਵਾਏ ਇਕ ਸੰਗੀਤ ਪ੍ਰੋਗਰਾਮ ਦੀ ਅਵਤਾਰ ਜੌੜਾ ਵੱਲੋਂ ਲਿਖੀ ਰੀਪੋਰਟ ਹੈ। ਪੰਜਾਬ ਯੂਨੀਵਰਸਿਟੀ ਕਨਵੋਕੇਸ਼ਨ ਵਿੱਚ ਭਾਰਤ ਦੇ ਉਪ ਰਾਸ਼ਟਰਪਤੀ ਸ਼੍ਰੀ ਬੀ ਡੀ ਜਤੀ ਵੱਲੋਂ ਮੈਨੂੰ ਸ਼ਿਵ ਕੁਮਾਰ ਗੋਲਡ ਮੈਡਲ ਪ੍ਰਦਾਨ ਕੀਤੇ ਜਾਣ ਦੀ ਤਸਵੀਰ ਹੈ। ਨਾਵਲਕਾਰ ਗੁਰਦਿਆਲ ਸਿੰਘ ਨੂੰ ਸਾਹਿਤ ਅਕਾਡਮੀ ਪੁਰਸਕਾਰ ਮਿਲਣ ਉਪਰੰਤ ਬਰਨਾਲਾ ਅਤੇ ਲੁਧਿਆਣਾ ਦੇ ਜੀ ਜੀ ਐੱਨ ਖਾਲਸਾ ਕਾਲਜ ਦੀ ਹੈ, ਜਿਸ ਵਿੱਚ ਗੁਰਦਿਆਲ ਸਿੰਘ ਦੇ ਨਾਲ ਪ੍ਰਿੰਸੀਪਲ ਸਰਦੂਲ ਸਿੰਘ, ਸ੍ਰ: ਬਰਜਿੰਦਰ ਸਿੰਘ ਹਮਦਰਦ, ਡਾ. ਅਤਰ ਸਿੰਘ, ਪ੍ਰੋ: ਸੁਰਿੰਦਰ ਸਿੰਘ ਨਰੂਲਾ, ਡਾ. ਐੱਸ. ਪੀ. ਸਿੰਘ ਅਤੇ ਮੇਰੇ ਵਰਗੇ ਕਈ ਵਿਦਿਆਰਥੀ ਖੜ੍ਹੇ ਹਨ। ਪੰਜਾਬ ਯੂਨੀਵਰਸਿਟੀ ਵਿੱਚ ਡਾ: ਜਗਤਾਰ ਦੀਆਂ ਗਾਈਆਂ ਗ਼ਜ਼ਲਾਂ ਦੀ ਸ਼ਾਮ ਦੇ ਜਸ਼ਨ ਦੀ ਰੀਪੋਰਟ ਹੈ, ਜਿਸ ਵਿੱਚ ਚੋਟੀ ਦੇ ਲਿਖਾਰੀ ਸ਼ਾਮਿਲ ਹਨ। ਇਸੇ ਤਰ੍ਹਾਂ ਪੰਜਾਬ ਸਰਕਾਰ ਦੇ ਸਭਿਆਚਾਰਕ ਮਾਮਲੇ ਵਿਭਾਗ ਦੀ ਸੱਭਿਆਚਾਰਕ ਟੋਲੀ ਵੱਲੋਂ ਪੇਸ਼ ਨਾਟਕ 'ਪਰਾਈ ਕੁੱਖ' ਦੀ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਿੱਚ ਹੋਈ ਪੇਸ਼ਕਾਰੀ ਦਾ ਦਸਤਾਵੇਜ਼ੀ ਰਿਪੋਰਤਾਜ ਹੈ। ਪੰਜਾਬ ਯੂਨੀਵਰਸਿਟੀ ਵਿੱਚ ਸੁਧਾਰਵਾਦੀ ਗਲਪਕਾਰ ਵਿਸ਼ੇ ਤੇ ਹੋਈ ਗੋਸ਼ਟੀ ਦਾ ਹਵਾਲਾ ਹੈ। ਚੰਗੀਆਂ ਕਵਿਤਾਵਾਂ ਅਤੇ ਲੇ ਖ ਕਹਾਣੀਆਂ ਇਸ ਪਰਚੇ ਦੀ ਸ਼ਾਨ ਹਨ। ਇੰਨੇ ਵਰ੍ਹੇ ਬੀਤ ਜਾਣ ਦੇ ਬਾਵਜੂਦ ਅੱਜ ਵੀ ਇਸ ਮਿਆਰ ਦਾ ਏਨੀ ਵੰਨ-


Sri Satguru Jagjit Singh Ji eLibrary NamdhariElibrary@gmail.com

ਸੁਵੰਨਤਾ ਵਾਲਾ ਪੰਜਾਬ ਵਿੱਚ ਇਕ ਵੀ ਮੈਗਜ਼ੀਨ ਨਹੀਂ ਹੈ। ਸ੍ਰ. ਬਰਜਿੰਦਰ ਸਿੰਘ ਹਮਦਰਦ ਆਪਣੇ ਸਤਿਕਾਰਯੋਗ ਪਿਤਾ ਸ੍ਰ. ਸਾਧੂ ਸਿੰਘ ਹਮਦਰਦ ਵਾਲੇ ਮਾਰਗ ਦੇ ਪਾਂਧੀ ਕਦੇ ਵੀ ਨਹੀਂ ਰਹੇ। ਇਹ ਵੱਡੇ ਹਮਦਰਦ ਸਾਹਿਬ ਦੀ ਹੀ ਪ੍ਰਾਪਤੀ ਗਿਣਨੀ ਚਾਹੀਦੀ ਹੈ ਕਿ ਉਨ੍ਹਾਂ ਦੇ ਸਪੁੱਤਰ ਨੇ ਹਮੇਸ਼ਾਂ ਅਣਗਾਹੇ ਨਵੇਂ ਨਵੇਲੇ ਪੈਂਡਿਆਂ ਤੇ ਤੁਰਨਾ ਪਸੰਦ ਕੀਤਾ।

ਮੈਨੂੰ ਉਹ ਦਿਨ ਵੀ ਅੱਜ ਵਾਂਗ ਯਾਦ ਹੈ। 'ਦ੍ਰਿਸ਼ਟੀ' ਤੋਂ ਇਲਾਵਾ ਉਨ੍ਹਾਂ ਨੇ 'ਅੰਨਦਾਤਾ' ਮੈਗਜ਼ੀਨ ਕਿਸਾਨਾਂ ਲਈ ਅਤੇ 'ਅਪਸਰਾ ਫਿਲਮ ਅਤੇ ਸਭਿਆਚਾਰ ਦੀ ਪੇਸ਼ਕਾਰੀ ਲਈ ਸ਼ੁਰੂ ਕੀਤਾ। 'ਅੰਨਦਾਤਾ' ਲਈ ਉਹ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਵਿਗਿਆਨੀਆਂ ਨੂੰ ਖੁਦ ਮਿਲਣ ਆਏ ਅਤੇ ਤਾਲਮੇਲ ਲਈ ਪੰਜਾਬੀ ਦ ਟ੍ਰਿਬਿਊਨ ਵਾਲੇ ਪੱਤਰਕਾਰ ਦਲਬੀਰ ਸਿੰਘ ਦੀ ਜ਼ਿੰਮੇਵਾਰੀ ਲਾਈ, ਜੋ ਉਨ੍ਹੀਂ ਦਿਨੀਂ ਇਸ ਯੂਨੀਵਰਸਿਟੀ ਵਿੱਚ ਕਰਮਚਾਰੀ ਸਨ। 'ਅਪਸਰਾ' ਦੀ ਸੰਪਾਦਨਾ ਵਿੱਚ ਪ੍ਰੋ: ਜਗਦੀਸ਼ ਸਿੰਘ ਉਨ੍ਹਾਂ ਦੀ ਧਿਰ ਬਣਦੇ।

ਟ੍ਰਿਬਿਊਨ ਟਰੱਸਟ ਨੇ ਜਦ ਪੰਜਾਬੀ ਵਿੱਚ ਅਖਬਾਰ ਸ਼ੁਰੂ ਕਰਨ ਦਾ ਫ਼ੈਸਲਾ ਕੀਤਾ ਤਾਂ ਸੰਪਾਦਕ ਦੀ ਕੁਰਸੀ ਲਈ ਵੰਨ ਸੁਵੰਨੇ ਨਾਂ ਸਾਹਮਣੇ ਆ ਰਹੇ ਸਨ। ਕੋਈ ਕਹੇ ਡਾ. ਅਤਰ ਸਿੰਘ ਸੰਪਾਦਕ ਹੋਣਗੇ ਤੇ ਕੋਈ ਕੁਲਦੀਪ ਨਈਅਰ ਜੀ ਦਾ ਨਾਮ ਲਵੇ। ਕਿਸੇ ਨੂੰ ਸ੍ਰ. ਸੂਬਾ ਸਿੰਘ ਦਾ ਨਾਮ ਚੰਗਾ ਲੱਗੇ ਅਤੇ ਕਿਸੇ ਨੂੰ ਸ੍ਰ. ਕੁਲਵੰਤ ਸਿੰਘ ਵਿਰਕ ਦਾ। ਲੁਧਿਆਣੇ ਦੀ ਇਕ ਮਹਿਫ਼ਲ ਵਿੱਚ ਮੈਂ ਆਪਣੇ ਦੋਸਤਾਂ ਨੂੰ ਕਹਿ ਬੈਠਾ ਕਿ ਭਾਅ ਜੀ ਬਰਜਿੰਦਰ ਸਿੰਘ ਹਮਦਰਦ ਸੰਪਾਦਕ ਬਣ ਕੇ ਚੰਡੀਗੜ੍ਹ ਜਾ ਰਹੇ ਹਨ ਤਾਂ ਕਈਆਂ ਨੇ ਮੇਰਾ ਮਜ਼ਾਕ ਵੀ ਉਡਾਇਆ, ਅਖੇ! ਤੈਨੂੰ ਤਾਂ ਹੋਰ ਕੋਈ ਨਾਂ ਸੁੱਝਦਾ ਹੀ ਨਹੀਂ। ਜਦ ਉਹ ਸੰਪਾਦਕ ਬਣ ਗਏ ਤਾਂ ਉਸ ਮਹਿਫ਼ਲ ਦੇ ਕਈ ਬੇਰੁਜ਼ਗਾਰਾਂ ਦੀਆਂ ਅਰਜ਼ੀਆਂ ਚੰਡੀਗੜ੍ਹ ਪਹੁੰਚ ਗਈਆਂ। ਭਾ ਜੀ ਬਰਜਿੰਦਰ ਸਿੰਘ ਹੀ ਪੰਜਾਬੀ ਟ੍ਰਿਬਿਊਨ ਦੇ ਬਾਨੀ ਸੰਪਾਦਕ ਬਣੇ।

ਸ੍ਰ. ਬਰਜਿੰਦਰ ਸਿੰਘ ਹਮਦਰਦ ਦੀ ਸੰਪਾਦਕੀ ਸੂਝ ਨੂੰ ਡਾ. ਮਹਿੰਦਰ ਸਿੰਘ ਰੰਧਾਵਾ ਨੇ ਪਛਾਣ ਕੇ ਹੀ ਇਹ ਵੱਡਾ. ਫ਼ੈਸਲਾ ਕੀਤਾ ਸੀ। ਡਾ. ਰੰਧਾਵਾ ਅਕਸਰ ਆਖਦੇ ਹੁੰਦੇ ਸਨ ਕਿ ਇਹ ਮੁੰਡਾ. ਆਪਣੀ ਉਮਰ ਨਾਲੋਂ 50 ਵਰ੍ਹੇ ਵੱਡਾ. ਤੇ ਸਿਆਣਾ ਹੈ। ਸੁਚਿੱਤਰ ਮੈਗਜ਼ੀਨ ਦਾ ਸੰਕਲਪ ਡਾ. ਰੰਧਾਵਾ ਜੀ ਨੂੰ ਬੜਾ ਭਾਇਆ ਅਤੇ ਉਹ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਵਾਈਸ ਚਾਂਸਲਰ ਹੁੰਦਿਆਂ ਆਪਣੇ ਕਈ ਲੇਖ ਸ੍ਰ. ਕੁਲਵੰਤ ਸਿੰਘ ਵਿਰਕ ਰਾਹੀਂ 'ਦ੍ਰਿਸ਼ਟੀ ਲਈ ਛਪਣ ਹਿਤ ਭੇਜਦੇ ਰਹੇ। 'ਪੰਜਾਬੀ ਟ੍ਰਿਬਿਊਨ' ਦੇ ਸੰਪਾਦਕ ਵਜੋਂ ਉਨ੍ਹਾਂ ਨੇ ਜੂਨ 1978 ਦੇ ਅਖੀਰ ਵਿੱਚ ਜਿੰਮੇਂਵਾਰੀ ਸੰਭਾਲੀ ਅਤੇ 15 ਅਗਸਤ 1978 ਨੂੰ ਪਹਿਲਾ ਪਰਚਾ ਸਟਾਲ 'ਤੇ ਆਇਆ। ਮੈਨੂੰ ਯਾਦ ਹੈ ਕਿ ਉਸ ਦਿਨ ਮੈਂ ਆਪਣੀ ਪਲੇਠੀ ਕਾਵਿ ਪੁਸਤਕ 'ਸ਼ੀਸ਼ਾ ਝੂਠ ਬੋਲਦਾ ਹੈ' ਦੀ ਕਾਪੀ ਅੰਮ੍ਰਿਤਸਰ ਤੋਂ ਲੈ ਕੇ ਆਪਣੇ ਪਿੰਡ ਪਹੁੰਚਿਆ ਸਾਂ। ਬਰਨਾਲਾ ਵਾਲੇ ਬਜ਼ੁਰਗ ਪੱਤਰਕਾਰ ਸ੍ਰ. ਜਗੀਰ ਸਿੰਘ ਜਗਤਾਰ ਅਤੇ ਮੈਂ ਪਿੰਡ ਜਾਂਦਿਆਂ ਰਸਤੇ ਵਿੱਚ ਸਾਰੇ ਅਖ਼ਬਾਰ ਨੂੰ ਬੜੇ ਗਹੁ ਨਾਲ ਪੜਿਆ ਅਤੇ ਲਾਲ ਸਿਆਹੀ ਵਾਲੇ ਪੈਨ ਨਾਲ ਨਿਸ਼ਾਨੀਆਂ ਲਾ ਕੇ ਗਲਤੀਆਂ ਦੀ ਨਿਸ਼ਾਨਦੇਹੀ ਕੀਤੀ। ਕੁਝ ਦਿਨਾਂ ਬਾਅਦ ਭਾਅ ਜੀ ਬਰਜਿੰਦਰ ਸਿੰਘ ਨਾਲ ਮੁਲਾਕਾਤ ਵੇਲੇ ਜਦ ਇਸ ਗੱਲ ਦਾ ਜ਼ਿਕਰ ਕੀਤਾ ਤਾਂ ਉਹ ਪੂਰਾ ਖੁੱਲ ਕੇ ਹੱਸੇ ਤੇ ਬੋਲੇ, 'ਅਜੇ ਵੇਖੀ ਜਾਓ, ਮੇਰਾ ਸਟਾਫ ਲਿਖਾਰੀਆਂ ਦਾ ਹੈ।

ਇਨ੍ਹਾਂ ਨੂੰ ਪੱਤਰਕਾਰ ਬਣਾਉਂਦਿਆਂ ਕੁਝ ਮਹੀਨੇ ਲੱਗਣਗੇ, ਫਿਰ ਗਲਤੀਆਂ ਨਹੀਂ ਹੋਣਗੀਆਂ।' ਸੱਚਮੁਚ ਕੁਝ ਹੀ ਮਹੀਨਿਆਂ ਬਾਅਦ 'ਪੰਜਾਬੀ ਟ੍ਰਿਬਿਊਨ' ਮਿਸਾਲੀ ਅਖ਼ਬਾਰ ਬਣ ਗਿਆ। 75 ਹਜ਼ਾਰ ਛਪਣ ਸੰਖਿਆ 'ਤੇ ਪਹੁੰਚਣਾ ਆਸਾਨ ਨਹੀਂ ਸੀ ਕਿਉਂਕਿ 'ਪੰਜਾਬੀ ਟ੍ਰਿਬਿਊਨ' ਦੇ ਨਾਲ ਹੀ 'ਪੰਜਾਬ ਕੇਸਰੀ ਗਰੁੱਪ' ਵੱਲੋਂ 'ਜੱਗਬਾਣੀ' ਦਾ ਰੋਜ਼ਾਨਾ ਪ੍ਰਕਾਸ਼ਨ ਵੀ ਸ਼ੁਰੂ ਹੋ ਚੁੱਕਾ ਸੀ। ਨਵੇਂ ਪਾਠਕਾਂ ਦੀ ਭਾਲ ਵਾਸਤੇ ਸ੍ਰ. ਬਰਜਿੰਦਰ ਸਿੰਘ ਨੇ ਨਵੇਂ ਨਵੇਂ ਕਾਲਮ ਸ਼ੁਰੂ ਕੀਤੇ, ਰਵਾਇਤੀ ਪੱਤਰਕਾਰੀ ਤੋਂ ਬਿਲਕੁਲ ਵੱਖਰੇ। ਨਵਾਂ ਸੱਜਰਾ ਅਹਿਸਾਸ ਸੀ, ਇਸ ਅਖਬਾਰ ਨੂੰ ਪੜ੍ਹਨ ਦਾ। ਸ੍ਰ. ਬਰਜਿੰਦਰ ਸਿੰਘ ਹਮਦਰਦ ਦਾ ਸਿਰਜਕ ਆਪਾ ਇਸ ਅਖਬਾਰ ਦੇ ਸੰਪਾਦਕੀ ਨੋਟਾਂ ਵਿੱਚ ਘੁਲ ਗਿਆ। 'ਕੁਝ ਪੱਤਰੇ' ਨਾਵਲ ਲਿਖਣ ਵਾਲਾ ਨਾਵਲਕਾਰ ਬਰਜਿੰਦਰ ਸਿੰਘ ਹਮਦਰਦ ਪੱਤਰਕਾਰੀ ਦੀ ਰੂਪ ਰੇਖਾ ਉਲੀਕਣ ਵਿੱਚ ਏਨਾ ਮਗਨ ਹੋ ਗਿਆ ਕਿ ਸਵੇਰਾਂ ਸ਼ਾਮਾਂ ਇਸੇ ਨੂੰ ਸਮਰਪਿਤ ਹੋ ਗਈਆਂ।

ਮੈਨੂੰ 1983 ਦਾ ਉਹ ਦਿਹਾੜਾ ਅੱਜ ਵੀ ਕੱਲ੍ਹ ਵਾਂਗ ਯਾਦ ਹੈ ਜਦ ਰਾਸ਼ਟਰਪਤੀ ਭਵਨ ਦੇ ਅਸ਼ੋਕਾ ਹਾਲ ਵਿੱਚ ਭਾਰਤ ਸਰਕਾਰ ਵੱਲੋਂ ਮਿਲਣ ਵਾਲੇ ਨਾਗਰਿਕ ਸਨਮਾਨਾਂ ਦਾ ਸਮਾਰੋਹ ਹੋ ਰਿਹਾ ਸੀ। ਡਾ. ਸਾਧੂ ਸਿੰਘ ਹਮਦਰਦ ਜੀ ਨੂੰ ਉਸ ਦਿਨ ਪਦਮਸ਼੍ਰੀ ਮਿਲਣਾ ਸੀ। ਉਸੇ ਦਿਨ ਫਿਲਮ ਅਦਾਕਾਰ ਅਮਿਤਾਭ ਬਚਨ ਨੂੰ ਵੀ ਪਦਮਸ਼੍ਰੀ ਮਿਲਿਆ ਅਤੇ ਅਥਲੀਟ ਚਾਰਲਸ ਬਰੋਮੀਓ ਨੂੰ ਵੀ ਮਿਲਿਆ। ਮੈਂ ਇਸ ਸਮਾਰੋਹ ਵਿੱਚ ਦਰਸ਼ਕ ਦੇ ਤੌਰ 'ਤੇ ਹਾਜ਼ਰ ਸੀ। ਸਨਮਾਨ ਉਪਰੰਤ ਚਾਹ ਦਾ ਪਿਆਲਾ ਪੀਂਦਿਆਂ ਹਮਦਰਦ ਸਾਹਿਬ ਦੀ ਨਜ਼ਰ ਮੇਰੇ 'ਤੇ ਪਈ ਤਾਂ ਮੈਂ ਨੇੜੇ ਹੋ ਕੇ ਮੁਬਾਰਕਬਾਦ ਦਿੱਤੀ। ਉੱਤਰ ਵਿੱਚ ਉਹ ਮੈਨੂੰ ਆਖਣ ਲੱਗੇ, 'ਪੁੱਤਰ! ਮੇਰੇ ਨਾਲੋਂ ਵੱਧ ਕਿਸਮਤ ਵਾਲਾ ਕੌਣ ਹੋਵੇਗਾ, ਮੈਨੂੰ ਅੱਜ ਪਦਮਸ਼੍ਰੀ ਦੀ ਉਪਾਧੀ ਮਿਲੀ ਹੈ



ਅਤੇ ਕੱਲ੍ਹ ਨੂੰ ਮੇਰੇ ਪੁੱਤਰ ਬਰਜਿੰਦਰ ਨੂੰ ਭਾਸ਼ਾ ਵਿਭਾਗ ਪੰਜਾਬ ਵੱਲੋਂ ਪਟਿਆਲੇ ਸ਼੍ਰੋਮਣੀ ਪੱਤਰਕਾਰ ਪੁਰਸਕਾਰ ਮਿਲਣਾ ਹੈ।' ਉਨ੍ਹਾਂ ਦੱਸਿਆ ਕਿ ਮੈਂ ਅਤੇ ਬੀਬੀ ਪ੍ਰਕਾਸ਼ ਕੌਰ ਅੱਜ ਰਾਤ ਹੀ ਦਿੱਲੀਓਂ ਚੰਡੀਗੜ੍ਹ ਪਹੁੰਚ ਜਾਵਾਂਗੇ ਅਤੇ ਸਵੇਰੇ ਭਾਸ਼ਾ ਵਿਭਾਗ ਦੇ ਸਮਾਗਮ ਵਿੱਚ ਸ਼ਾਮਿਲ ਹੋ ਕੇ ਇਸ ਰਸਮ ਨੂੰ ਖ਼ੁਦ ਅੱਖੀ ਵੇਖਾਂਗੇ। ਉਨ੍ਹਾਂ ਇਹ ਵੀ ਆਖਿਆ ਕਿ ਭਾਸ਼ਾ ਵਿਭਾਗ ਦੇ ਇਨਾਮਾਂ ਵਿੱਚ ਪੱਤਰਕਾਰੀ ਲਈ ਹੁਣ ਤੀਕ ਕਿਸੇ ਵੀ ਪਿਉ ਪੁੱਤਰ ਨੂੰ ਇਕੋ ਜਿੰਨਾਂ ਆਦਰ ਕਦੇ ਨਹੀਂ ਮਿਲਿਆ। ਹਮਦਰਦ ਸਾਹਿਬ ਇਹ ਗੱਲ ਜਾਣਦੇ ਸਨ ਕਿ ਮੇਰੀ ਉਮਰ ਦੇ ਬਹੁਤੇ ਨੌਜਵਾਨ ਸ੍ਰ. ਬਰਜਿੰਦਰ ਸਿੰਘ ਹਮਦਰਦ ਦੀ ਟੀਮ ਦੇ ਖਿਡਾਰੀ ਹਨ। ਇਹ ਦੱਸਦਿਆਂ ਮੈਨੂੰ ਅੱਜ ਬੇਹੱਦ ਤਸੱਲੀ ਹੈ ਕਿ ਜਿਨੇ ਚਿਰ ਭਾਅ ਜੀ ਬਰਜਿੰਦਰ ਸਿੰਘ ਅਜੀਤ ਭਵਨ ਤੋਂ ਲਾਂਭੇ ਰਹੇ, ਮੈਂ ਇਕ ਵੀ ਸਤਰ ਪ੍ਰਕਾਸ਼ਨ ਲਈ ਰੋਜ਼ਾਨਾ ਅਜੀਤ ਜਲੰਧਰ ਲਈ ਨਹੀਂ ਘੱਲੀ। ਹਮਦਰਦ ਸਾਹਿਬ ਦਾ ਬਜ਼ੁਰਗਾਨਾ ਸਤਿਕਾਰ ਹਮੇਸ਼ਾਂ ਕੀਤਾ ਪਰ ਇਹ ਗੱਲ ਰੜਕ ਵਾਂਗ ਕਦੇ ਵੀ ਮਨੋਂ ਨਾ ਨਿਕਲੀ ਕਿ ਭਾਅ ਜੀ ਬਰਜਿੰਦਰ ਸਿੰਘ ਉਨ੍ਹਾਂ ਦੀ ਬੁੱਕਲ ਕਿਉਂ ਨਹੀਂ।



ਡਾ. ਸਾਧੂ ਸਿੰਘ ਹਮਦਰਦ ਦੀ ਮੌਤ ਤੋਂ ਮਗਰੋਂ ਜਦ ਟਰੱਸਟ ਨੇ ਸ੍ਰ. ਬਰਜਿੰਦਰ ਸਿੰਘ ਨੂੰ ਵਾਪਸ ਆਉਣ ਲਈ ਆਖਿਆ ਤਾਂ ਉਨ੍ਹਾਂ ਲਈ ਇਹ ਫ਼ੈਸਲਾ ਕਰਨਾ ਆਸਾਨ ਨਹੀਂ ਸੀ। ਉਨ੍ਹਾਂ ਆਪਣੇ ਨਿਕਟਵਰਤੀਆਂ ਨਾਲ ਸਰਬਪੱਖੀ ਵਿਚਾਰ ਵਟਾਂਦਰਾ ਕੀਤਾ। ਮੈਨੂੰ ਉਹ ਦਿਨ ਵੀ ਚੇਤੇ ਹੈ ਜਦ ਇਹੋ ਜਿਹੇ ਤਰਲ ਦਿਨੀਂ ਮੈਂ ਚੰਡੀਗੜ੍ਹ ਵਿੱਚ ਸੀ। ਟ੍ਰਿਬਿਊਨ ਦੇ ਮੁੱਖ ਦਫ਼ਤਰ ਵਿੱਚ ਭਾਅ ਜੀ ਬਰਜਿੰਦਰ ਦੇ ਦਫ਼ਤਰੀ ਕਮਰੇ 'ਚੋਂ ਨਿਕਲਦਿਆਂ ਸਿਰਫ ਰਾਮਪੁਰਾ ਫੂਲ ਤੋਂ 'ਪੰਜਾਬੀ ਟ੍ਰਿਬਿਊਨ' ਦਾ ਪ੍ਰਤੀਨਿਧ ਬਲਜੀਤ ਬੱਲੀ ਹੀ ਤੀਸਰਾ ਸਾਥੀ ਸਾਡੇ ਅੰਗ ਸੰਗ ਸੀ। ਭਾਅ ਜੀ ਬਰਜਿੰਦਰ ਦੀ ਸਿਰਫ਼ ਦੋ ਅਗਲੇ ਬੂਹਿਆਂ ਵਾਲੀ ਡਾਲਫਿਨ ਕਾਰ ਵਿੱਚ ਅਸੀਂ ਤਿੰਨੇ ਸਵਾਰ ਘਰ ਤੀਕ ਪੁੱਜੇ। ਰਸਤੇ ਵਿੱਚ ਸਲਾਹ ਮਸ਼ਵਰਾ ਕਰਦਿਆਂ ਕਰਦਿਆਂ ਬੱਲੀ ਬੋਲਿਆ, 'ਭਾਅ ਜੀ



Sri Satguru Jagjit Singh Ji eLibrary NamdhariElibrary@gmail.com

ਜੇ ਤੁਸੀਂ ਜਲੰਧਰ ਜਾਣੈ ਤਾਂ ਮੈਂ ਵੀ 'ਪੰਜਾਬੀ ਟ੍ਰਿਬਿਊਨ' ਲਈ ਕੰਮ ਨਹੀਂ ਕਰਨਾ।' ਇਸੇ ਫ਼ੈਸਲੇ 'ਤੇ ਬੱਲੀ ਹਮੇਸ਼ਾਂ ਕਾਇਮ ਰਿਹਾ। ਲੰਮਾ ਸਮਾਂ ਉਹ ਚੰਡੀਗੜ੍ਹ ਤੋਂ 'ਅਜੀਤ' ਅਖ਼ਬਾਰ ਸਮੂਹ ਦਾ ਚੀਫ ਰਿਪੋਰਟਰ ਰਿਹਾ ਅਤੇ ਭਾ ਜੀ ਦਾ ਵਿਸ਼ਵਾਸਪਾਤਰ ਵੀ।

ਭਾ ਜੀ ਬਰਜਿੰਦਰ ਦੀ ਸੁਰੀਲੀ ਅਵਾਜ਼ ਦੀ ਚਰਚਾ ਤਾਂ ਬਹੁਤ ਵਾਰ ਡਾ. ਸ ਪ. ਸਿੰਘ ਅਤੇ ਭਾ ਜੀ ਰਜਿੰਦਰ ਸਿੰਘ ਚੀਮਾ ਤੋਂ ਸੁਣੀ ਸੀ ਪਰ ਸੁਣਨ ਦਾ ਸੁਭਾਗ ਕਦੇ ਨਹੀਂ ਸੀ ਮਿਲਿਆ। 1987-88 ਦੇ ਨੇੜੇ ਜਦ ਉਨ੍ਹਾਂ ਨੇ ਜਲੰਧਰ ਦੇ 36 ਡੀਫੈਂਸ ਕਲੋਨੀ ਵਿੱਚ ਆਪਣਾ ਪੱਕਾ ਘਰ ਉਸਾਰਿਆ ਤਾਂ ਉਸ ਵਿੱਚ ਇੱਕ ਸ਼ਾਮ ਪੂਰੇ ਰੌਂ ਵਿੱਚ ਆ ਕੇ ਉਨ੍ਹਾਂ ਨੇ ਕੁਝ ਫ਼ਿਲਮੀ ਗੀਤਾਂ ਦੀਆਂ ਧੁਨਾਂ ਢਲਦੀਆਂ ਸ਼ਾਮਾਂ ਵੇਲੇ ਮਿਸ਼ਰੀ ਵਾਂਗ ਸਾਡੇ ਕੰਨੀ ਘੋਲੀਆਂ। ਉਦੋਂ ਅਜੇ ਪ੍ਰਸਿੱਧ ਗਾਇਕ ਹੰਸ ਰਾਜ ਹੰਸ ਦਾ ਭਾ ਜੀ ਵੱਲ ਬਹੁਤ ਆਉਣਾ ਜਾਣਾ ਨਹੀਂ ਸੀ। ਹੰਸ ਰਾਜ ਹੰਸ ਨਾਲ ਮੁਲਾਕਾਤਾਂ ਅਤੇ ਮੁਹੱਬਤ ਦਾ ਸਿਲਸਿਲਾ ਜਿਉਂ ਜਿਉਂ ਪੀਡਾ. ਹੁੰਦਾ ਗਿਆ, ਭਾ ਜੀ ਬਰਜਿੰਦਰ ਵਿਚਲਾ ਗਾਇਕ ਤੇ ਸੰਗੀਤਕਾਰ ਹੋਰ ਅੰਗੜਾਈ ਲੈਣ ਲੱਗਾ। ਉਸੇ ਦਾ ਹੀ ਪ੍ਰਤਾਪ ਹੈ ਕਿ ਹੁਣ ਤੀਕ ਉਹ ਲਗਪਗ ਵੀਹ ਆਡੀਓ ਸੀ ਡੀਜ਼ ਗੁਰਦੀਪ ਸਿੰਘ ਤੇ ਹੋਰ ਸੰਗੀਤਕਾਰਾਂ ਦੇ ਸੰਗੀਤ ਵਿੱਚ ਤਿਆਰ ਕਰਕੇ ਜਿੱਥੇ ਆਪਣਾ ਸ਼ੌਕ ਪੂਰਾ ਕਰ ਚੁੱਕੇ ਹਨ, ਉਥੇ ਆਪਣੀ ਸਖਸ਼ੀਅਤ ਦੇ ਇੱਕ ਹੋਰ ਪਹਿਲੂ ਤੋਂ ਵੀ ਸਾਨੂੰ ਵਾਕਿਫ਼ ਕਰਵਾ ਚੁੱਕੇ ਹਨ। ਤਿੰਨ ਧੀਆਂ ਦੇ ਬਾਬਲ ਹੁੰਦਿਆਂ ਉਨ੍ਹਾਂ ਦੇ ਚਿਹਰੇ 'ਤੇ ਕਦੇ ਵੀ ਸ਼ਿਕਨ ਨਹੀਂ ਵੇਖੀ। ਪੁੱਤਰਾਂ ਵਰਗੀਆਂ ਧੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਤੇ ਸਿਰਫ਼ ਭਾ ਜੀ ਬਰਜਿੰਦਰ ਸਿੰਘ ਹਮਦਰਦ ਨੂੰ ਹੀ ਮਾਣ ਨਹੀਂ ਸਗੋਂ ਸਾਰੇ ਮਿੱਤਰਚਾਰੇ ਨੂੰ ਫ਼ਖ਼ਰ ਹੈ ਕਿ ਉਨ੍ਹਾਂ ਨੇ ਭਾ ਜੀ ਦੀ ਮੁਸਕਾਨ ਨੂੰ ਮੱਧਮ ਨਹੀਂ ਪੈਣ ਦਿੱਤਾ।

ਹੁਣ ਤਾਂ ਕੰਪਿਊਟਰ ਦਾ ਜ਼ਮਾਨਾ ਹੈ। ਪਹਿਲਾਂ ਵਾਲੀ ਸਿਰਜਣਾਤਮਕ ਪਹਿਲਕਦਮੀ ਗੈਰ ਹਾਜ਼ਰ ਹੋ ਰਹੀ ਹੈ ਪਰ ਅਖਬਾਰ ਦੀ ਤਿਆਰੀ ਲਈ ਸ਼ਾਮ ਵੇਲੇ ਡਾ. . ਬਰਜਿੰਦਰ ਸਿੰਘ ਹਮਦਰਦ ਨੂੰ ਕੰਮ ਕਰਦਿਆਂ ਵੇਖਣਾ ਆਪਦੇ ਆਪ ਵਿੱਚ ਹੀ ਸੁਆਦ ਭਰਪੂਰ ਅਨੁਭਵ ਹੁੰਦਾ ਸੀ, ਸੰਪਾਦਕੀ ਡੈਸਕ ਦੇ ਅਧਿਕਾਰੀ ਵੱਡੇ ਟੇਬਲ ਦੇ ਦੁਆਲੇ ਇੰਝ ਬੈਠਦੇ ਜਿਵੇਂ ਸਰਜਰੀ ਵਾਲੇ ਟੇਬਲ ਦੁਆਲੇ ਨਿੱਕੇ ਨਿੱਕੇ ਸਿਖਾਂਦਰੂ ਡਾਕਟਰ ਹੁੰਦੇ ਨੇ। ਡਾ. ਬਰਜਿੰਦਰ ਸਿੰਘ ਫੀਲਡ 'ਚੋਂ ਆਈਆਂ ਖਬਰਾਂ ਤੇ ਲਕੀਰਾਂ ਮਾਰਦੇ, ਤਸਵੀਰਾਂ ਤੇ ਕੈਂਚੀ ਚਲਾਉਂਦੇ। ਕਦੇ ਇਸ ਤਰ੍ਹਾਂ ਨਹੀਂ ਸੀ ਹੁੰਦਾ ਕਿ ਵਾਧੂ ਸਪੇਸ ਵਰਤੀ ਜਾਵੇ। ਸੰਜਮ ਅਤੇ ਸੰਕੋਚ ਦਾ ਸਮਾਂ ਸੀ। ਪੰਜਾਬ ਦੇ ਸੰਕਟ ਭਰਪੂਰ ਦਿਨਾਂ ਵਿੱਚ ਵੀ ਉਹ ਅਡੋਲ ਰਹੇ। ਵਿਰੋਧੀ ਭਾਵੇਂ ਉਨ੍ਹਾਂ ਨੂੰ ਵੰਨ ਸੁਵੰਨੀਆਂ ਤੋਹਮਤਾਂ ਲਾਉਂਦੇ ਰਹੇ ਪਰ ਉਨ੍ਹਾਂ ਨੇ ਆਪਣੀ ਕਲਮ ਰਾਹੀਂ ਪੰਜਾਬ ਦੀ ਵਕਾਲਤ ਕਰਨੀ ਬੰਦ ਨਾ ਕੀਤੀ।

ਭਾ ਜੀ ਬਰਜਿੰਦਰ ਨੂੰ ਹਰ ਕਿਸੇ ਦੀ ਸਮਰੱਥਾ ਅਨੁਸਾਰ ਕੰਮ ਲੈਣਾ ਆਉਂਦਾ ਹੈ। ਉਹ ਪੂਰੇ ਪੰਜਾਬ ਅੰਦਰ ਲਿਆਕਤ ਦੇ ਸੋਮਿਆਂ ਦੀ ਪਛਾਣ ਰੱਖਦੇ ਹਨ। ਇਹੀ ਕਾਰਨ ਹੈ ਕਿ ਉਨ੍ਹਾਂ ਦੀ ਮਿਕਨਾਤੀਸੀ ਅੱਖ ਤੋਂ ਕੋਈ ਵੀ ਲਿਆਕਤਵਾਨ ਆਦਮੀ ਬਚ ਨਹੀਂ ਸਕਿਆ।

ਮੇਰੇ ਫ਼ੋਟੋ ਕਲਾਕਾਰ ਮਿੱਤਰ ਤੇਜ ਪ੍ਰਤਾਪ ਸਿੰਘ ਸੰਧੂ ਨੇ ਕੁਝ ਵਰ੍ਹੇ ਪਹਿਲਾਂ ਇਕ ਵਿਸ਼ੇਸ਼ ਮੁਹਿੰਮ ਅਧੀਨ ਵਾਤਾਵਰਨ ਅਤੇ ਸਮਾਜਿਕ ਚੌਗਿਰਦੇ ਦੇ ਸੁਧਾਰ ਲਈ ਕੁਝ ਤਸਵੀਰਾਂ ਖਿੱਚੀਆਂ ਜੋ ਅਸੀਂ ਭਾ ਜੀ ਬਰਜਿੰਦਰ ਸਿੰਘ ਨੂੰ ਛਾਪਣ ਲਈ ਦੇਣ ਚਲੇ ਗਏ। 100 ਤੋਂ ਵੱਧ ਤਸਵੀਰਾਂ ਸਨ, ਤਸਵੀਰਾਂ ਵੇਖਦੇ ਵੇਖਦੇ ਉਹ ਕੁਰਸੀ ਤੋਂ ਉੱਠ ਖੜ੍ਹੇ ਹੋਏ ਅਤੇ ਪੰਜਾਂ ਮਿੰਟਾਂ ਵਿੱਚ ਹੀ ਉਨ੍ਹਾਂ ਨੇ ਆਪਣੇ ਸਟਾਫ ਦੇ ਮੈਂਬਰਾਂ ਦਰਸ਼ਨ ਸਿੰਘ ਮੱਕੜ, ਸਤਨਾਮ ਸਿੰਘ ਮਾਣਕ, ਹਰਜਿੰਦਰ ਸਿੰਘ ,ਬਲਵੰਤ ਸਿੰਘ ਬੱਲ ਅਤੇ ਪਰਮਜੀਤ ਸਿੰਘ ਵਿਰਕ ਨੂੰ ਕੋਲ ਬੁਲਾ ਕੇ ਤਸਵੀਰਾਂ ਵੰਡ ਦਿੱਤੀਆਂ। ਨਾਲ ਹੀ ਇਨ੍ਹਾਂ ਨੂੰ ਛਾਪਣ ਦੀ ਵਿਧੀ ਪੁੱਛਣ ਲੱਗੇ। ਸਭਨਾਂ ਨੇ ਆਪੋ ਆਪਣੀ ਸਮਰੱਥਾ ਮੁਤਾਬਕ ਸੁਝਾਅ ਦਿੱਤੇ। ਸੁਣ ਕੇ ਆਖਰੀ ਫ਼ੈਸਲਾ ਸੁਣਾਇਆ, 'ਇਹ ਤਸਵੀਰਾਂ ਇਕੱਲੀਆਂ ਨਹੀਂ ਛਾਪਣੀਆਂ, ਹਰ ਐਤਵਾਰ ਪਹਿਲੇ ਪੰਨੇ 'ਤੇ ਮੈਗਜ਼ੀਨ ਸੈਕਸ਼ਨ ਵਿੱਚ ਛਾਪਾਂਗੇ, ਇਨ੍ਹਾਂ ਤਸਵੀਰਾਂ ਦੀ ਵਿਆਖਿਆ ਅਤੇ ਹੋਰ ਸਬੰਧਿਤ ਜਾਣਕਾਰੀ ਗੁਰਭਜਨ ਲਿਖੇਗਾ। ਮੈਨੂੰ ਕਹਿਣ ਲੱਗੇ ਕਿ ਅੱਜ ਬੁੱਧਵਾਰ ਹੈ, ਹੁਣੇ ਹੀ ਪਿਛਲੇ ਕਮਰੇ ਵਿੱਚ ਬੈਠ ਜਾ ਤੇ ਇਸ ਐਤਵਾਰ ਛਪਣ ਵਾਲੇ ਕਾਲਮ ਲਈ ਮੈਟਰ ਲਿਖ ਕੇ ਦੇ ਜਾਓ। ਕਾਲਮ ਦਾ ਨਾਂ ਵੀ ਦੱਸੋ। 'ਕੈਮਰੇ ਦੀ ਅੱਖ ਬੋਲਦੀ' ਨਾਂ ਦਾ ਕਾਲਮ ਉਨ੍ਹਾਂ ਦੀ ਇਸੇ ਦੂਰ ਦ੍ਰਿਸ਼ਟੀ ਦਾ ਹੀ ਪ੍ਰਤਾਪ ਸੀ। ਇਸੇ ਨਾਮ ਹੇਠ ਹੀ ਮੇਰੀ ਤੇਜ ਪ੍ਰਤਾਪ ਸਿੰਘ ਸੰਧੂ ਨਾਲ ਸਾਂਝੇ ਤੌਰ 'ਤੇ ਸੁਚਿੱਤਰ ਪੁਸਤਕ ਚੇਤਨਾ ਪ੍ਰਕਾਸ਼ਨ ਲੁਧਿਆਣਾ ਵੱਲੋਂ 1999 'ਚ ਛਪੀ, ਜੋ ਚੌਗਿਰਦੇ ਅਤੇ ਵਾਤਾਵਰਨ ਚੇਤਨਾ ਬਾਰੇ ਪੰਜਾਬੀ ਵਿੱਚ ਪਹਿਲੀ ਸੁਚਿੱਤਰ ਪੁਸਤਕ ਬਣੀ। ਇਸ ਪੁਸਤਕ ਨੂੰ ਭਾ ਜੀ ਬਰਜਿੰਦਰ ਦੇ ਉਤਸ਼ਾਹ ਸਦਕਾ ਹੀ ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਸ੍ਰੀ ਇੰਦਰ ਕੁਮਾਰ ਗੁਜਰਾਲ ਅਤੇ ਪੰਜਾਬੀ ਲੇਖਕ ਸ੍ਰ. ਕਰਤਾਰ ਸਿੰਘ ਦੁੱਗਲ ਐੱਮ. ਪੀ. ਨੇ ਜਲੰਧਰ ਵਿਖੇ ਲੋਕ ਅਰਪਣ ਕੀਤਾ।

ਭਾ ਜੀ ਬਰਜਿੰਦਰ ਦੀ ਬੁੱਕਲ ਬਹੁਤ ਖੁੱਲੀ ਹੈ। ਇਸ ਵਿੱਚ ਸਲੀਕਾ ਭਰਪੂਰ ਜ਼ਿੰਦਗੀ ਜਿਊਣ ਵਾਲੇ ਸੰਗੀਤਕਾਰ ਵੀ ਬੈਠਦੇ ਹਨ, ਬਾਰੀਕ ਬੁੱਧ ਲੇਖਕ ਵੀ ਅਤੇ ਸੂਬੇ ਨੂੰ ਖੱਜਲ ਖੁਆਰ ਕਰਨ ਵਾਲੇ ਰੰਗ-ਬਰੰਗੇ, ਵੰਨ-ਸੁਵੰਨੇ ਸਿਆਸਤਦਾਨ ਵੀ। ਉਹ ਸਾਰਿਆਂ ਨੂੰ ਦਰਜਾ-ਬ-ਦਰਜਾ ਥਾਂ ਦਿੰਦੇ ਹਨ। ਕਈ ਵਾਰ ਤਾਂ ਆਪਸ ਵਿੱਚ ਭਿੜਨ ਵਾਲੇ ਸਿਆਸਤਦਾਨ ਉਨ੍ਹਾਂ ਦੇ ਦਰਬਾਰ ਵਿੱਚ ਇਕੱਠੇ ਹੀ ਐਂਟਰੀ ਮਾਰ ਜਾਂਦੇ ਹਨ ਪਰ ਉਨ੍ਹਾਂ ਨੇ ਸਭਨਾਂ ਲਈ ਵੱਖਰੇ ਵੱਖਰੇ ਘੁਰਨੇ ਰੱਖੇ ਹੋਏ ਹਨ। ਕਈ ਵਾਰ ਤਾਂ ਤਕਲੀਫ਼ ਵੀ ਹੁੰਦੀ ਹੈ ਕਿ ਸਾਡੇ ਭਾ ਜੀ ਦਾ ਕਿੰਨਾ ਮਹਿੰਗਾ ਸਮਾਂ ਇਹ ਅਕਲੋਂ ਹੌਲੇ ਲੋਕ ਅਜਾਈਂ ਗੁਆ ਰਹੇ ਹਨ ਅਤੇ ਆਪਣੀਆਂ ਗਰਜ਼ਾਂ ਪੂਰੀਆਂ ਕਰਨ ਲਈ ਕਿਵੇਂ ਰਾਈ ਦਾ



ਪਹਾੜ ਬਣਾ ਬਣਾ ਕੇ ਸਾਡੇ ਸੋਨੇ ਨੂੰ ਰੇਤ ਵਿੱਚ ਰੁਲਾਈ ਜਾਂਦੇ ਹਨ। ਇਨ੍ਹਾਂ ਦੇ ਅੰਗ ਸੰਗ ਰਹਿਣਾ ਵੀ ਹੁਣ ਸਾਡੇ ਭਾ ਜੀ ਦੇ ਸੁਭਾਅ ਦਾ ਇੱਕ ਹਿੱਸਾ ਬਣ ਗਿਆ ਹੈ।

ਭਾ ਜੀ ਬਰਜਿੰਦਰ ਨੇ ਸਿਰਫ ਮੇਰੇ ਹੀ ਨਹੀਂ ਸਗੋਂ ਮੇਰੇ ਵਰਗੇ ਹਜ਼ਾਰਾਂ ਸ਼ੁਭਚਿੰਤਕਾਂ ਦੇ ਅੱਥਰੂ ਪੂੰਝੇ ਹੋਣਗੇ। ਉਨ੍ਹਾਂ ਦੀ ਉਂਗਲੀ ਫੜ ਕੇ ਸ਼ਬਦ ਸਭਿਆਚਾਰ ਦੇ ਲੜ ਲਾਇਆ ਹੋਵੇਗਾ। ਕਈ ਵਾਰ ਤਾਂ ਏਨਾ ਮਾਣ ਦੇ ਦਿੰਦੇ ਹਨ ਕਿ ਖ਼ੁਦ 'ਤੇ ਯਕੀਨ ਨਹੀਂ ਆਉਂਦਾ। ਸਾਲ 2006 ਦੌਰਾਨ ਜਦ ਮੈਂ ਅਮਰੀਕਾ ਦੌਰੇ 'ਤੇ ਸੀ ਤਾਂ ਮੈਨੂੰ ਲਾਸ ਵੇਗਾਸ ਬੈਠਿਆਂ ਰੋਜ਼ਾਨਾ 'ਅਜੀਤ' ਦੇ ਅਮਰੀਕਾ ਪ੍ਰਤੀਨਿਧ ਹੁਸਨ ਲੜੋਆ ਅਤੇ ਮਿੱਤਰ ਕੁਲਦੀਪ ਸਿੰਘ ਧਾਲੀਵਾਲ (ਹੁਣ ਪੰਜਾਬ ਦਾ ਖੇਤੀਬਾੜੀ,ਪਰਵਾਸੀ ਮਾਮਲੇ ਤੇ ਪੇਂਡੂ ਵਿਕਾਸ ਮੰਤਰੀ)ਦਾ ਸੁਨੇਹਾ ਪੁੱਜਾ ਕਿ ਉਹ ਰੋਜ਼ਾਨਾ 'ਅਜੀਤ' ਦਾ ਸੈਕਰਾਮੈਂਟੋ ਵਿੱਚ ਦਫ਼ਤਰ ਖੋਲ ਰਹੇ ਹਨ ਅਤੇ ਭਾ ਜੀ ਨੇ ਤੁਹਾਡੇ ਲਈ ਸੁਨੇਹਾ ਦਿੱਤਾ ਹੈ ਕਿ ਤੁਸੀਂ ਇਸ ਮੌਕੇ 'ਅਜੀਤ ਟਰੱਸਟ ਦੇ ਚੇਅਰਮੈਨ ਸ੍ਰ. ਪ੍ਰੇਮ ਸਿੰਘ ਐਡਵੋਕੇਟ ਜੀ ਦਾ ਸੈਕਰਾਮੈਂਟੋ ਵਿਖੇ ਸਬ ਆਫਿਸ ਖੋਲ੍ਹਣ ਦੇ ਸਮਾਗਮ ਮੌਕੇ ਸਾਥ ਦਿਓ। ਕੈਨੇਡਾ. ਤੋਂਸਤਪਾਲ ਸਿੰਘ ਜੌਹਲ ਵੀ ਆ ਜਾਵੇਗਾ। ਸੱਚ ਜਾਣਿਓ ਮੈਂ ਕਦੇ ਵੀ ਆਪਣੇ ਆਪ ਨੂੰ ਏਨਾ ਸੁਭਾਗਾ ਮਹਿਸੂਸ ਨਹੀਂ ਸੀ ਕੀਤਾ।

ਭਾ ਜੀ ਬਰਜਿੰਦਰ ਸਿੰਘ ਹਮਦਰਦ ਦੀ ਸਖਸ਼ੀਅਤ ਨੂੰ ਜੇ ਮੈਂ ਅੱਖਾਂ ਮੀਟ ਕੇ ਨਿਹਾਰਨਾ ਹੋਵੇ ਤਾਂ ਮੈਨੂੰ ਉਹ ਸਿਖਰ ਬਨੇਰੇ 'ਤੇ ਜਗਦੇ ਉਹ ਚੌਮੁਖੀਏ ਚਿਰਾਗ ਵਾਂਗ ਦਿਸਦੇ ਹਨ, ਜਿਸ ਦੀ ਇੱਕ ਲਾਟ ਵਿੱਚ ਪੱਤਰਕਾਰੀ ਦੀ ਲੋਅ ਹੈ, ਦੂਸਰੀ ਵਿੱਚ ਸੰਗੀਤ ਮਘਦਾ ਹੈ, ਤੀਸਰੀ ਵਿੱਚ ਪ੍ਰਬੰਧਕੀ ਕਾਰਜ ਕੁਸ਼ਲਤਾ ਹੈ ਅਤੇ ਚੌਥੀ ਵਿੱਚ ਸਿਰਜਣਾਤਮਕ ਆਪਾ ਨੂਰ ਪਸਾਰਦਾ ਹੈ। ਮੈਂ ਆਪਣੀ ਜ਼ਿੰਦਗੀ ਦੇ ਉਸਾਰ ਵਿੱਚ ਜਿਹੜੀਆਂ ਸਖਸ਼ੀਅਤਾਂ ਨੂੰ ਮੈਂ ਆਪਣੇ ਵਿਸ਼ਾਲ ਪਰਿਵਾਰ ਤੋਂ ਇਲਾਵਾ ਸਤਿਕਾਰਿਆ ਹੈ, ਉਨ੍ਹਾਂ ਵਿੱਚ ਸ੍ਰ. ਗੁਰਸ਼ਰਨ ਸਿੰਘ ਨਾਟਕਕਾਰ, ਡਾ. ਸ. ਪ. ਸਿੰਘ, ਭਾ ਜੀ ਬਰਜਿੰਦਰ ਸਿੰਘ ਹਮਦਰਦ ਤੋਂ ਇਲਾਵਾ ਚੌਥਾ ਨਾਮ ਅਜੇ ਤੀਕ ਨਹੀਂ ਜੁੜਿਆ।



Sri Satguru Jagjit Singh Ji eLibrary NamdhariElibrary@gmail.com

# ਖੇਡ ਖਿੱਤੇ 'ਚ ਆਲਮੀ ਅਤੇ ਹਾਲੀਵੁੱਡ 'ਚ ਮਾਣਮੱਤਾ ਨਾਂਅ ਬਣੇ ਹੋਣਹਾਰ ਪੰਜਾਬੀ : ਸਟੀਵ ਨਿੱਜ਼ਰ

**- ਪਲੇਠੀ ਬਾਇਓਗ੍ਰਾਫ਼ੀ ਫ਼ਿਲਮ 'ਅਨਾਟਮੀ ਆਫ਼ ਏ ਵਰਿਅਰ' ਦੁਆਰਾ ਦੁਨੀਆ ਭਰ ਦੇ ਦਰਸ਼ਕਾਂ ਦੇ ਜਲਦ ਹੋਣਗੇ ਸਨਮੁੱਖ**




**ਪਰਮਜੀਤ, ਫ਼ਰੀਦਕੋਟ**
ਮੋ: 88377-85464


ਪੰਜਾਬ ਦੀ ਧਰਤੀ ਤੋਂ ਉੱਠ ਕੇ ਦੁਨੀਆ ਭਰ ਵਿਚ ਪੰਜਾਬੀਅਤ ਦਾ ਰੁਤਬਾ ਬੁਲੰਦ ਕਰਨ ਵਿਚ ਬੇਸ਼ੁਮਾਰ ਪੰਜਾਬੀਆਂ ਨੇ ਸਮੇਂ-ਸਮੇਂ ਅਹਿਮ ਯੋਗਦਾਨ ਦਿੱਤਾ ਹੈ, ਜਿਨ੍ਹਾਂ ਦੀ ਹੀ ਮਾਣ ਭਰੀ ਲੜੀ ਨੂੰ ਹੋਰ ਅੱਗੇ ਵਧਾ ਰਹੇ ਹਨ, ਏਸੇ ਹੀ ਮਿੱਟੀ 'ਤੇ ਜਨਮੇ ਹੋਣਹਾਰ ਨੌਜਵਾਨ ਕੁਲਵੰਤ ਸਿੰਘ ਨਿੱਜਰ, ਜੋ ਅੱਜ ਸਟੀਵ ਨਿੱਜਰ ਵਜੋਂ ਆਪਣੇ ਮਾਣਮੱਤਾ ਵਜੂਦ ਦਾ ਸ਼ੁਮਾਰ ਕਰਵਾਉਂਦਿਆਂ ਜਿੱਥੇ ਕੈਨੇਡੀਅਨ ਸੂਬੇ ਦੇ ਉੱਚਕੋਟੀ ਸਾਬਕਾ ਫੁੱਟਬਾਲ ਖ਼ਿਡਾਰੀ ਅਤੇ ਕੋਚ ਵਜੋਂ ਚੋਖੀ ਭੱਲ ਬਣਾ ਚੁੱਕੇ ਹਨ, ਉਥੇ ਨਾਲ ਹੀ ਬਾਕਮਾਲ ਅਤੇ ਪ੍ਰਭਾਵਸ਼ਾਲੀ ਅਦਾਕਾਰ ਵਜੋਂ ਵੀ ਹਾਲੀਵੁੱਡ ਫ਼ਿਲਮ ਜਗਤ ਵਿਚ ਆਪਣੇ ਸ਼ਾਨਦਾਰ ਅਭਿਨੈ ਦੀਆਂ ਧੁੰਮਾਂ ਪਾ ਰਹੇ ਹਨ।

ਕੈਨੇਡਾ ਭਰ 'ਚ ਪੰਜਾਬੀਅਤ ਕਦਰਾਂ, ਕੀਮਤਾਂ ਨੂੰ ਜਿਉਂਦਾ ਰੱਖਣ 'ਚ ਅਹਿਮ ਭੂਮਕਾ ਨਿਭਾ ਰਹੀ ਇਸ ਮਾਣਮੱਤੀ ਅਤੇ ਬਹੁਪੱਖੀ ਸ਼ਖ਼ਸੀਅਤ ਨਾਲ ਉਨ੍ਹਾਂ ਦੇ ਜੀਵਨ, ਖੇਡ ਅਤੇ ਫ਼ਿਲਮੀ ਸਫ਼ਰ ਸੰਬੰਧੀ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਮੁੱਢਲੇ ਪੜਾਅ ਤੋਂ ਹੀ ਨਜ਼ਰਸਾਨੀ ਕਰਵਾਉਂਦਿਆਂ ਦੱਸਿਆ "ਮੂਲ ਰੂਪ ਵਿਚ ਪੰਜਾਬ ਦੇ ਰਜਵਾੜਾਸ਼ਾਹੀ ਸ਼ਹਿਰ ਕਪੂਰਥਲਾ ਨਾਲ ਸੰਬੰਧਿਤ ਹਨ, ਜਦ ਮਹਿਜ਼ 9 ਸਾਲ ਦਾ ਸੀ ਤਾਂ ਕੈਨੇਡਾ ਦੇ ਟੋਰਾਂਟੋ ਵਿਖੇ ਪਰਵਾਸ ਕਰ ਲਿਆ ਸੀ। ਪੰਜਾਬ ਤੋਂ ਲੈ ਕੇ ਸੱਤ ਸਮੁੰਦਰ ਪਾਰ ਤੱਕ ਆਪਣੀਆਂ ਬਹੁਕਲਾਵਾਂ ਨਾਲ ਹਰ ਇਕ ਨੂੰ ਕਾਇਲ ਕਰ ਰਹੇ ਸਟੀਵ ਪਹਿਲੇ ਏਸੇ ਭਾਰਤੀ ਨੌਜਵਾਨ ਹਨ, ਜਿਨ੍ਹਾਂ ਕੈਨੇਡਾ ਵਿਚ ਫੁੱਟਬਾਲ ਖ਼ੇਡ ਨੂੰ ਇਕ ਨਵਾਂ ਜੀਵਨ ਅਤੇ ਮੁੜ ਸੁਰਜੀਤੀ ਦੇਣ ਵਿਚ ਵੀ ਅਹਿਮ ਭੂਮਿਕਾ ਨਿਭਾਈ ਹੈ। ਇਸੇ ਆਸਾਧਾਰਨ ਖੇਡ ਪ੍ਰਤਿਭਾ ਦੇ ਚਲਦਿਆਂ ਅੱਜ ਉਨ੍ਹਾਂ ਕੈਨੇਡਾ ਦੀ ਪੇਸ਼ੇਵਰ ਫੁੱਟਬਾਲ ਟੀਮ ਦਾ ਮਾਲਿਕ ਹੋਣ ਦਾ ਵੀ ਫ਼ਖਰ ਆਪਣੀ ਝੋਲੀ ਪਾਇਆ ਹੈ।

ਉਨ੍ਹਾਂ ਆਪਣੇ ਇਸੇ ਸਫ਼ਰ 'ਤੇ ਝਾਤ ਪਾਉਂਦਿਆਂ ਦੱਸਿਆ ਕਿ ਸਾਲ 1987 ਵਿਚ ਉਨ੍ਹਾਂ 'ਟੋਰਾਂਟੋ ਬਿਲਜਾਰਡ' ਕਲੱਬ ਨਾਲ ਤਿੰਨ ਸਾਲ ਲਈ ਕੈਨੇਡੀਅਨ ਫੁੱਟਬਾਲ ਲੀਗ ਖੇਡਣਾ ਸ਼ੁਰੂ ਕੀਤਾ ਅਤੇ ਪੜਾਅ-ਦਰ-ਪੜਾਅ ਨਿਭਾਈਆਂ ਬੇਹਤਰੀਣ ਖੇਡ ਜ਼ਿੰਮੇਵਾਰੀਆਂ ਸਦਕਾ ਉਨ੍ਹਾਂ 2001 ਵਿਚ 'ਬਰੈਂਮਟਨ ਹਿਟਮੈਂਨ' ਦੇ ਨਾਂਅ ਹੇਠ ਇਕ ਫ਼ਰੈਂਚਾਈਜ਼ ਵੀ ਸਥਾਪਿਤ ਕੀਤੀ, ਜੋ ਵੱਡੇ-ਵੱਡੇ ਖ਼ੇਡ ਮਹਾਰਥੀਆਂ ਨੂੰ ਕਰਾਰੀ ਮਾਤ ਦੇ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਕੈਨੇਡੀਅਨ ਖਿੱਤੇ 'ਚ ਫੁੱਟਬਾਲ ਖੇਡ ਨੂੰ ਸ਼ਿਖਰ ਵੱਲ ਲਿਜਾਣ ਦੀਆਂ ਉਨ੍ਹਾਂ ਵਿਚਲੀਆਂ ਸਮਰੱਥਾਵਾਂ ਦੇ ਮੱਦੇਨਜ਼ਰ ਉਨ੍ਹਾਂ ਨੂੰ ਫੁੱਟਬਾਲ ਲੀਗ 2002 ਵਿਚ ਬਰੈਂਮਟਨ ਟੀਮ ਲਈ ਮੁੱਖ ਕੋਚ ਵਜੋਂ ਨਿਯੁਕਤ

> **ਕੈਨੇਡਾ ਭਰ 'ਚ ਪੰਜਾਬੀਅਤ ਕਦਰਾਂ, ਕੀਮਤਾਂ ਨੂੰ ਜਿਉਂਦਾ ਰੱਖਣ 'ਚ ਅਹਿਮ ਭੂਮਕਾ ਨਿਭਾ ਰਹੀ ਇਸ ਮਾਣਮੱਤੀ ਅਤੇ ਬਹੁਪੱਖੀ ਸ਼ਖ਼ਸੀਅਤ ਨਾਲ ਉਨ੍ਹਾਂ ਦੇ ਜੀਵਨ, ਖੇਡ ਅਤੇ ਫ਼ਿਲਮੀ ਸਫ਼ਰ ਸੰਬੰਧੀ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਮੁੱਢਲੇ ਪੜਾਅ ਤੋਂ ਹੀ ਨਜ਼ਰਸਾਨੀ ਕਰਵਾਉਂਦਿਆਂ ਦੱਸਿਆ "ਮੂਲ ਰੂਪ ਵਿਚ ਪੰਜਾਬ ਦੇ ਰਜਵਾੜਾਸ਼ਾਹੀ ਸ਼ਹਿਰ ਕਪੂਰਥਲਾ ਨਾਲ ਸੰਬੰਧਿਤ ਹਨ, ਜਦ ਮਹਿਜ਼ 9 ਸਾਲ ਦਾ ਸੀ ਤਾਂ ਕੈਨੇਡਾ ਦੇ ਟੋਰਾਂਟੋ ਵਿਖੇ ਪਰਵਾਸ ਕਰ ਲਿਆ ਸੀ।**

ਕੀਤਾ ਗਿਆ, ਜਿਸ ਤੋਂ ਬਾਅਦ ਦੇ ਸੀਜ਼ਨਾਂ ਵਿਚ ਉਨ੍ਹਾਂ ਸੰਘਰਸ਼ਸ਼ੀਲ ਆਉਂਦੀ ਚਲੀ ਆ ਰਹੀ ਕੈਨੇਡਾ ਫੁੱਟਬਾਲ ਟੀਮ ਨੂੰ ਇਕ ਪ੍ਰਮੁੱਖ ਬਲ ਵਿਚ ਤਬਦੀਲ ਕਰਨ ਦਾ ਮਾਣ ਵੀ ਹਾਸਿਲ ਕੀਤਾ, ਜਿਸ ਦੇ ਸਦਕਾ ਹੀ ਇਹ ਟੀਮ ਸੀ.ਪੀ.ਐਸ.ਐਲ. ਚੈਂਪੀਅਨਸ਼ਿਪ ਦੇ ਫਾਈਨਲ ਵਿਚ ਪਹੁੰਚਣ ਦੇ ਆਪਣੇ ਸੁਪਨੇ ਨੂੰ ਵੀ ਅੰਜ਼ਾਮ ਦੇ ਸਕੀ।

ਸਾਲ 2004 ਵਿਚ ਸੀ.ਪੀ.ਐਸ.ਐਲ. ਸਟਾਰ ਟੀਮ ਦੇ ਲਈ ਬੋਵਿਸ਼ਟਾ ਐਫ.ਸੀ. ਦੇ ਲਈ ਸਹਿ ਕੋਚ ਦੇ ਰੂਪ ਵਿਚ ਸੇਵਾ ਕਰਨ ਵਾਲੇ ਸਟੀਵ ਦੀ ਇੰਟਰਨੈਸ਼ਨਲ ਫ਼ਿਲਮ ਦੁਨੀਆਂ ਵਿਚ ਦਸਤਕ ਹਾਲੀਵੁੱਡ ਫ਼ਿਲਮ 'ਦਾ ਫਾਈਨਲ ਗੋਲ' ਨਾਲ ਹੋਈ, ਜਿਸ ਦਾ ਨਿਰਮਾਣ ਉਨ੍ਹਾਂ ਦੇ ਘਰੇਲੂ ਬੈਨਰਜ਼ 'ਫਾਈਵ ਰਿਵਰਜ਼' ਫ਼ਿਲਮਜ਼ ਵੱਲੋਂ ਕੀਤਾ , ਜੋ ਸਾਲ 1993 ਵਿਚ 40 ਤੋਂ ਵੱਧ ਦੇਸ਼ਾਂ ਵਿਚ ਰਿਲੀਜ਼







Sri Satguru Jagjit Singh Ji eLibrary NamdhariElibrary@gmail.com

ਹੋਈ ਅਤੇ ਇਸ ਵਿਚ ਉਨ੍ਹਾਂ ਨਾਲ ਮੰਨੀ ਪ੍ਰਮੰਨੀ ਹਾਲੀਵੁੱਡ ਅਦਾਕਾਰਾ ਇਰਿਕ ਅਸਟਰਾਡਾ ਨੇ ਲੀਡ ਭੂਮਿਕਾ ਨਿਭਾਈ। ਇਸ ਤੋਂ ਬਾਅਦ ਉਨ੍ਹਾਂ ਚਰਚਿਤ ਅੰਗਰੇਜ਼ੀ ਫ਼ਿਲਮ 'ਰਖਸ਼ਕ' ਵਿਚ ਵੀ ਪ੍ਰਮੁੱਖ ਰੋਲ ਅਦਾ ਕੀਤਾ, ਜਿਸ ਵਿਚ ਉਨ੍ਹਾਂ ਨਾਲ ਫ਼੍ਰੈਕ ਜੈਗਰੈਨੋਂ ਅਤੇ ਮੈਥਿਸ ਹਊਸ ਜਿਹੇ ਟਾਪਮੋਸਟ ਹਾਲੀਵੁੱਡ ਅਦਾਕਾਰਾ ਨੇ ਵੀ ਮਹੱਤਵਪੂਰਨ ਭੂਮਿਕਾਵਾਂ ਨਿਭਾਈਆਂ। ਉਨ੍ਹਾਂ ਦੱਸਿਆ ਕਿ ਹਾਲੀਵੁੱਡ ਵਿਚ ਸ਼ੁਰੂ ਹੋਏ ਇਸ ਫ਼ਿਲਮੀ ਸਫ਼ਰ ਦੇ ਚਲਦਿਆਂ ਹੀ ਉਨ੍ਹਾਂ ਸਿੱਖਇਜ਼ਮ ਦੀ ਉਚਕੋਟੀ ਸਿੱਖ ਹਸਤੀ ਵਜੋ ਜਾਣੇ ਜਾਂਦੇ ਮਹਾਰਾਜਾ ਰਣਜੀਤ ਸਿੰਘ ਦੇ ਜੀਵਨ ਆਧਾਰਿਤ 'ਦਾ ਲਾਸਟ ਕਿੰਗ' ਦਾ ਨਿਰਮਾਣ ਕੀਤਾ , ਜਿਸ ਨੇ 'ਕਾਨਜ਼ ਫ਼ਿਲਮੀ ਫੈਸਟੀਵਲ' ਵਿਚ ਆਪਣੀ ਮੌਜੂਦਗੀ ਦਰਜ਼ ਕਰਵਾਈ ਹੈ।

ਫ਼ਿਲਮਜ਼ ਅਤੇ ਫੁੱਟਬਾਲ ਪ੍ਰਤੀ ਆਪਣੇ ਪਿਆਰ , ਜਨੂੰਨ ਦੇ ਚਲਦਿਆਂ ਹੋਣਹਾਰ ਪੰਜਾਬੀ ਸਖ਼ਸੀਅਤ ਵੱਲੋਂ 'ਡ੍ਰੀਮਜ਼' ਨਾਮਕ ਇਕ ਫੁੱਟਬਾਲ ਅਧਾਰਿਤ ਸਪੋਰਟਸ਼ ਰਿਅਲਟੀ ਸੋਅਜ਼ ਨੂੰ ਹੋਂਦ ਵਿਚ ਲਿਆਂਦਾ ਜਾ ਚੁੱਕਾ ਹੈ, ਜਿਸ ਦੇ ਸਟੀਵ ਨਿੱਜਰ ਹੈੱਡ ਅਤੇ ਕਾਰਜ਼ਕਾਰੀ ਕੋਚ ਵੀ ਰਹੇ, ਜੋ ਕਿ ਫਾਕਸ ਸਪੋਰਟਸ ਯੂ.ਐਸ.ਏ. ਵਿਚ ਵੱਡੇ ਪੱਧਰ 'ਤੇ ਪ੍ਰਸਾਰਿਤ ਕੀਤਾ ਗਿਆ। ਵਰਤਮਾਨ ਸਮੇਂ ਸਟੀਵ ਕੈਨੇਡਾ ਵਿਚ ਆਪਣੀ ਸਕਿਊਰਿਟੀ ਕੰਪਨੀ 'ਦਾ ਟਿਟਾਨ' ਨੂੰ ਸਫ਼ਲਤਾਪੂਰਵਕ ਚਲਾ ਰਹੇ ਹਨ, ਜੋ ਹਾਲੀਵੁੱਡ, ਬਾਲੀਵੁੱਡ ਦੀਆਂ ਬੇਸ਼ੁਮਾਰ ਮਸ਼ਹੂਰ ਹਸਤੀਆਂ ਜਿਨ੍ਹਾਂ ਵਿਚ ਪਿਅਰਅਸ਼ ਬ੍ਰਾਸਨਨ, ਕਰਨ ਜੌਹਰ, ਸਲਮਾਨ ਖਾਨ, ਸਵ. ਇਰਫ਼ਾਨ ਖਾਨ, ਅਭਿਸ਼ੇਕ ਬੱਚਨ, ਜੈਕ ਇਫ਼ਰਾਨੇ, ਸ਼ਿੰਡੀ ਕਰੋਫਡ ਆਦਿ ਸ਼ਾਮਿਲ ਹਨ ਨੂੰ ਕੈਨੇਡਾ, ਉਤਰੀ ਅਮਰੀਕਾ ਦੌਰਿਆਂ ਦੌਰਾਨ ਮਜ਼ਬੂਤ ਸੁਰੱਖਿਆ ਪ੍ਰਦਾਨ ਕਰਨ ਦਾ ਜ਼ਿੰਮਾ ਸੰਭਾਲ ਚੁੱਕੀ ਹੈ।

ਹਾਲੀਵੁੱਡ ਫ਼ਿਲਮੀ ਦੁਨੀਆ ਵਿਚ ਅਦਾਕਾਰ ਵਜੋਂ ਅਤੇ ਕੈਨੇਡਾ ਖੇਡ ਖੇਤਰ ਵਿਚ ਫੁੱਟਬਾਲ ਖਿਡਾਰੀ ਅਤੇ ਕੋਚ ਵਜੋਂ ਬੇਸ਼ੁਮਾਰ ਪ੍ਰਾਪਤੀਆਂ ਹਾਸਿਲ ਕਰ ਚੁੱਕੇ ਸਟੀਵ ਹੁਣ ਆਪਣੇ ਅਗਲੇ ਨਿਸ਼ਾਨੇ ਜੋ ਉਨ੍ਹਾਂ ਵੱਲੋਂ ਆਪਣੀਆਂ







ਅਸਲ ਜੜ੍ਹਾਂ ਨਾਲ ਜੁੜਨਾ ਹੈ, ਵੱਲ ਵਧ ਚੁੱਕੇ ਹਨ, ਜੋ ਪੰਜਾਬੀ ਸਿਨੇਮਾ ਲਈ ਵੀ ਵਿਸ਼ੇਸ਼ ਫਰਜ਼ ਨਿਭਾਉਣ ਹਿੱਤ ਯਤਨਸ਼ੀਲ ਹੋਣ ਜਾ ਰਹੇ ਹਨ, ਜਿਨ੍ਹਾਂ ਦੱਸਿਆ ਕਿ ਉਨ੍ਹਾਂ ਦੀ ਤਮੰਨਾਂ ਆਪਣੇ ਵਤਨ ਅਤੇ ਫ਼ਿਲਮੀ ਖਿੱਤੇ ਚਾਹੇ ਉਹ ਹਿੰਦੀ ਹੋਵੇ ਜਾਂ ਫ਼ਿਰ ਪੰਜਾਬੀ ਲਈ ਕੁਝ ਵਿਸ਼ੇਸ਼ ਅਤੇ ਵਿਲੱਖਣ ਕਰ ਗੁਜ਼ਰਣ ਦੀ ਹੈ, ਜਿਸ ਦੀ ਸ਼ੁਰੂਆਤ ਆਉਂਦੇ ਦਿਨੀਂ ਉਨ੍ਹਾਂ ਦੇ ਘਰੇਲੂ ਪ੍ਰੋਡੋਕਸ਼ਨ ਹਾਊਸ 'ਟਾਈਟਾਨ ਫ਼ਿਲਮਜ਼' ਵਲੋਂ ਕੀਤੀ ਜਾਵੇਗੀ।

**ਬਾਇਓਗ੍ਰਾਫ਼ੀ ਦੁਆਰਾ ਜਲਦ ਹੋਣਗੇ ਦਰਸ਼ਕਾਂ ਸਨਮੁੱਖ**-ਪੰਜਾਬ 'ਚ ਬੀਤੇ ਬਚਪਨ ਅਤੇ ਫ਼ਿਰ ਵਿਦੇਸ਼ ਜਾਣ ਬਾਅਦ ਖੇਡ ਖਿੱਤੇ ਦੇ ਅੱਤ ਸੰਘਰਸ਼ੀ ਅਤੇ ਫ਼ਿਰ ਆਲਮੀ ਪੱਧਰੀ ਸ਼ਖ਼ਸੀਅਤ ਬਣਨ ਤੱਕ ਦੇ ਸਫ਼ਰ ਨੂੰ ਬਿਆਨ ਕਰਦੀ ਆਪਣੀ ਬਾਇਓਗ੍ਰਾਫ਼ੀ ਫ਼ਿਲਮ 'ਅਨਾਟਮੀ ਆਫ਼ ਏ ਵਰਿਅਰ' ਦੁਆਰਾ ਸਟੀਵ ਜਲਦ ਦੁਨੀਆ ਭਰ ਦੇ ਦਰਸ਼ਕਾਂ ਸਨਮੁੱਖ ਹੋਣ ਜਾ ਰਹੇ ਹਨ, ਜਿਨ੍ਹਾਂ ਵਲੋਂ ਬਣਾਈ ਗਈ ਇਸ ਚਰਚਿਤ ਫ਼ਿਲਮ ਨੂੰ ਕੈਨੇਡਾ ਤੋਂ ਬਾਅਦ ਗੋਆ, ਮੁੰਬਈ ਆਦਿ ਦੇ ਵੱਡੇ ਅਤੇ ਨਾਮੀ ਫ਼ਿਲਮ ਫੈਸਟੀਵਲਜ਼ ਵਿਚ ਸ਼ਾਮਿਲ ਹੋਣ ਦਾ ਮਾਣ ਵੀ ਹਾਸਿਲ ਹੋਣ ਜਾ ਰਿਹਾ ਹੈ।



Sri Satguru Jagjit Singh Ji eLibrary NamdhariElibrary@gmail.com





Sri Satguru Jagjit Singh Ji eLibrary NamdhariElibrary@gmail.com




ਜਿੰਮੀ ਸ਼ੇਰਗਿੱਲ ਨੇ ਆਪਣੇ ਪਰਿਵਾਰ ਨਾਲ ਸਾਂਝੀ ਕੀਤੀ ਤਸਵੀਰ,
ਦਿੱਤੀ ਨਵੇਂ ਸਾਲ ਦੀ ਮੁਬਾਰਕਬਾਦ।



ਨਵੇਂ ਸਾਲ ਦੀ ਵਧਾਈ ਦਿੰਦੇ ਆਪਣੇ ਪਰਿਵਾਰ ਨਾਲ ਸਾਂਝੀ ਕੀਤੀ ਗਿੱਪੀ ਗਰੇਵਾਲ
ਦੀ ਪਤਨੀ ਰਵਨੀਤ ਗਰੇਵਾਲ ਨੇ ਖਾਸ ਤਸਵੀਰ।







ਆਪਣੀ ਮਸੂਮੀਅਤ ਨਾਲ ਪ੍ਰਸ਼ੰਸਕਾਂ ਦੇ ਦਿਲਾਂ 'ਤੇ ਰਾਜ ਕਰਨ ਵਾਲੇ ਗੁਰਬਾਜ਼ ਗਰੇਵਾਲ ਨੇ ਦਿੱਤੀ ਨਵੇਂ ਸਾਲ ਦੀ ਵਧਾਈ।









ਹਰ ਇੱਕ ਦੇ ਦਿਲਾਂ 'ਤੇ ਰਾਜ ਕਰਨ ਵਾਲੇ ਦਿਲਜੀਤ ਦੋਸਾਂਝ ਨੇ ਨਵੇਂ ਸਾਲ ਦੀ ਵਧਾਈ ਦਿੰਦਿਆਂ ਆਪਣੀਆਂ ਕੁਝ ਤਸਵੀਰਾਂ ਸਾਂਝੀਆਂ ਕੀਤੀਆਂ।


Sri Satguru Jagjit Singh Ji eLibrary NamdhariElibrary@gmail.com

# “ਜਯਹ ਨਿਸ਼ਾਨੀ ਹੈ ਕਿਸੀ ਪੰਜਾਬ ਕੇ ਦਿਲਦਾਰ ਕੀ, ਵਤਨ ਪੇ ਲੁਟੇ ਹੁਏ ਰਣਜੀਤ ਸਿੰਘ ਸਿਰਦਾਰ ਕੀ॥”


**- ਇੰਦਰਜੀਤ ਸਿੰਘ ਹਰਪੁਰਾ-**

ਬਟਾਲਾ।

ਮੋਬਾਈਲ : 98155-77574




ਇਹ ਭਾਵੁਕ ਸਤਰਾਂ ਉਸ ਨਿਸ਼ਾਨ ਸਾਹਿਬ ਦੇ ਮੁੱਢ ’ਤੇ ਲਿਖੀਆਂ ਮਿਲਦੀਆਂ ਹਨ ਜੋ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਦੇ ਵਲੋਂ ਰੋਪੜ ਦੇ ਲਾਗੇ ਸਤਲੁਜ ਦਰਿਆ ਦੇ ਕੰਢੇ, ਆਸਰੋਂ ਪਿੰਡ ਦੀ ਇਕ ਪਹਾੜੀ ਤੇ ਸੰਨ 1831 ਵਿੱਚ ਲਗਾਇਆ ਗਿਆ ਸੀ।

ਭਾਰਤ ਦੇ ਗਵਰਨਰ ਜਰਨਲ ਲਾਰਡ ਵਿਲੀਅਮ ਬੈਂਟਿਕ ਦੇ ਨਾਲ 26 ਅਕਤੂਬਰ 1831 ਨੂੰ ਮੁਲਾਕਾਤ ਕਰਨ ਤੋ ਪਹਿਲਾਂ ਸ਼ੇਰ-ਏ-ਪੰਜਾਬ ਵਲੋਂ ਪੰਜਾਬ ਦੀ ਆਜ਼ਾਦੀ ਦਰਸਾਉਣ ਲਈ ਇਕ ਨਿਗਰਾਨ ਚੌਕੀ ਦੀ ਸਥਾਪਨਾ ਕੀਤੀ ਗਈ ਸੀ ਜਿੱਥੇ “ਸਰਕਾਰ ਏ ਖਾਲਸਾ” ਦਾ ਨਿਸਾਨ ਸਾਹਿਬ ਲਗਾਇਆ ਗਿਆ ਤੇ ਤੋਪਾਂ ਬੀੜੀਆਂ ਗਈਆਂ। ਸੰਨ 1849 ਵਿੱਚ ਪੰਜਾਬ ਤੇ ਅੰਗਰੇਜ਼ਾਂ ਦਾ ਕਬਜਾ ਹੋਣ ਤੋਂ ਬਾਅਦ ਇਹ ਖਾਲਸਾ ਰਾਜ ਦੀ ਫ਼ੌਜੀ ਚੌਕੀ ਢਾਹ ਦਿੱਤੀ ਗਈ ਪਰ ਨਿਸ਼ਾਨ ਸਾਹਿਬ ਦਾ ਖੰਭਾ ਅਸ਼ਟ ਧਾਤੂ ਦਾ ਬਣਿਆ ਹੋਣ ਕਰਕੇ ਬਚ ਗਿਆ। ਜੰਗ-ਏ-ਅਜ਼ਾਦੀ ਦੇ ਮੋਢੀ ਸੰਗਰਾਮੀ ਏਥੇ ਆ ਕੇ ਅਜ਼ਾਦੀ ਦੇ ਝੰਡੇ ਨੂੰ ਮੁੜ ਝੁਲਾਉਣ ਦਾ ਪ੍ਰਣ ਕਰਦੇ ਰਹੇ ਹਨ। ਇਹ ਭਾਵੁਕ ਸਤਰਾਂ ਵੀ ਇਸ ਨਿਸ਼ਾਨ ਸਾਹਿਬ ਦੇ ਮੁੱਢ ’ਤੇ ਕਿਸੀ ਖਾਲਸਾ ਰਾਜ ਦੇ ਹਮਾਇਤੀ ਅਣਪਛਾਤੇ ਕਵੀ ਵਲੋਂ ਲਿਖੀਆਂ ਗਈਆਂ ਹਨ :-

“ਯਹ ਨਿਸ਼ਾਨੀ ਹੈ ਕਿਸੀ ਪੰਜਾਬ ਕੇ ਦਿਲਦਾਰ ਕੀ,
ਵਤਨ ਪੇ ਲੁਟੇ ਹੁਏ ਰਣਜੀਤ ਸਿੰਘ ਸਿਰਦਾਰ ਕੀ॥”

ਆਓ ਹੁਣ ਜਾਣਦੇ ਹਾਂ ਇਸ ਥਾਂ ’ਤੇ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਅਤੇ ਭਾਰਤ ਦੇ ਗਵਰਨਰ ਜਰਨਲ ਲਾਰਡ ਵਿਲੀਅਮ ਬੈਂਟਿਕ ਦਰਮਿਆਨ ਹੋਈ ਇਤਿਹਾਸਕ ਮਿਲਣੀ ਦੇ ਬਾਰੇ ਸੰਨ 1831 ਦੇ ਅਕਤੂਬਰ ਮਹੀਨੇ ਦੇ ਆਖਰੀ ਹਫ਼ਤੇ ਹੋਣ ਵਾਲੀ ਇਸ ਇਤਿਹਾਸਕ ਮੀਟਿੰਗ ਦੀਆਂ ਲਾਹੌਰ ਦਰਬਾਰ ਅਤੇ ਅੰਗਰੇਜ਼ੀ ਹਕੂਮਤ ਵੱਲੋਂ ਤਿਆਰੀਆਂ ਅਗਸਤ 1831 ਨੂੰ ਹੀ ਸ਼ੁਰੂ ਹੋ ਗਈਆਂ ਸਨ। ਮੀਟਿੰਗ ਲਈ ਸਥਾਨ ਰੋਪੜ ਦੇ ਕੋਲ ਦਰਿਆ ਸਤਲੁਜ ਦਾ ਕਿਨਾਰਾ ਚੁਣਿਆ ਗਿਆ। 27 ਅਗਸਤ 1831 ਨੂੰ ਮਹਾਰਾਜਾ ਰਣਜੀਤ ਸਿੰਘ ਨੇ ਕੁੰਮੇਦਾਨ ਚੇਤ ਸਿੰਘ ਨੂੰ ਦਰਿਆ ਸਤਲੁਲ ਉੱਪਰ ਬੇੜੀਆਂ ਦਾ ਮਜ਼ਬੂਤ ਪੁੱਲ ਤਿਆਰ ਕਰਨ ਦਾ ਹੁਕਮ ਦਿੱਤਾ। ਇਸ ਦੇ ਨਾਲ ਮੀਆਂ ਸਮਾਦਜੂ ਨੂੰ ਖ਼ਾਲਸਾ ਫ਼ੌਜਾਂ ਲਈ 17000 ਖੂਬਸੂਰਤ ਵਰਦੀਆਂ ਤਿਆਰ ਕਰਨ ਅਤੇ ਮੀਟਿੰਗ ਵਾਲੇ ਸਥਾਨ ’ਤੇ ਟੈਂਟ ਲਗਾਉਣ ਦੇ ਹੁਕਮ ਦਿੱਤੇ ਗਏ। ਲਾਹੌਰ ਦਰਬਾਰ ਵੱਲੋਂ ਤਿੰਨ ਲੱਖ ਰੁਪਏ ਇਸ ਮੀਟਿੰਗ ਵਿੱਚ ਸ਼ਾਮਲ ਹੋਣ ਵਾਲੇ ਖ਼ਾਲਸਾ ਫ਼ੌਜ ਦੇ ਸਾਰੇ ਜਵਾਨਾਂ ਨੂੰ ਵੰਡੇ ਗਏ ਤਾਂ ਜੋ ਲਾਹੌਰ ਦਰਬਾਰ ਦੇ ਸਾਰੇ ਜਵਾਨ ਪੂਰੀ ਤਰਾਂ ਖੁਸ਼ ਅਤੇ ਪ੍ਰਸੰਨ ਚਿੱਤ ਹੋ ਕੇ ਹੱਸਦੇ ਹੋਏ ਚਿਹਰੇ ਲੈ ਕੇ ਅੰਗਰੇਜ਼ਾਂ ਸਾਹਮਣੇ ਜਾਣ।







14 ਅਕਤੂਬਰ 1831 ਨੂੰ ਸਰਕਾਰ ਅੰਗਰੇਜ਼ੀ ਦੇ ਨੁਮਾਇੰਦੇ ਕੈਪਟਨ ਵਾਡੇ, ਮੂਰੀ ਅਤੇ ਬੋਇਜਨ ਅੰਮ੍ਰਿਤਸਰ ਵਿਖੇ ਮਹਾਰਾਜਾ ਰਣਜੀਤ ਸਿੰਘ ਨੂੰ ਲੈਣ ਲਈ ਆਏ। ਉਸ ਸਮੇਂ 18 ਅਕਤੂਬਰ ਨੂੰ ਦੁਸ਼ਹਿਰੇ ਦਾ ਤਿਆਰ ਅੰਮ੍ਰਿਤਸਰ ਵਿਖੇ ਪੂਰੀ ਧੂਮ-ਧਾਮ ਨਾਲ ਮਨਾਇਆ ਜਾਣਾ ਸੀ। ਦੁਸ਼ਹਿਰਾ ਮਨਾ ਕੇ ਮਹਾਰਾਜਾ ਰਣਜੀਤ ਸਿੰਘ ਆਪਣੇ ਨਾਲ ਕੰਵਰ ਖੜਕ ਸਿੰਘ ਅਤੇ ਸ਼ੇਰ ਸਿੰਘ, ਸਰਦਾਰ ਹਰੀ ਸਿੰਘ ਨਲਵਾ ਸਮੇਤ ਹੋਰ ਸਿੱਖ ਸਰਦਾਰਾਂ ਅਤੇ ਲਾਹੌਰ ਦਰਬਾਰ ਦੇ ਅਧਿਕਾਰੀਆਂ ਨਾਲ 25




Sri Satguru Jagjit Singh Ji eLibrary NamdhariElibrary@gmail.com

ਅਕਤੂਬਰ ਨੂੰ ਰੋਪੜ ਨੇੜੇ ਦਰਿਆ ਸਤਲੁਜ ਦੇ ਸੱਜੇ ਕਿਨਾਰੇ ਪਿੰਡ ਕਾਠਗੜ ਵਿਖੇ ਪਹੁੰਚ ਗਏ। ਸਰਕਾਰ ਅੰਗਰੇਜ਼ੀ ਦੇ ਅਧਿਕਾਰੀ ਤੇ ਸਿਪਾਹੀ ਮੇਰਠ ਅਤੇ ਕਰਨਾਲ ਤੋਂ 20 ਅਕਤੂਬਰ ਨੂੰ ਰੋਪੜ ਪਹੁੰਚ ਗਏ ਸਨ। ਲਾਰਡ ਵਿਲੀਅਮ ਬੈਂਟਿਕ ਵੀ 22 ਅਕਤੂਬਰ ਨੂੰ ਰੋਪੜ ਵਿਖੇ ਪਹੁੰਚ ਕੇ ਮਹਾਰਾਜਾ ਰਣਜੀਤ ਸਿੰਘ ਨਾਲ ਮੁਲਾਕਾਤ ਦਾ ਇੰਤਜ਼ਾਰ ਕਰ ਰਿਹਾ ਸੀ।

ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਆਪਣੇ ਚੋਣਵੇਂ 10,000 ਘੋੜਸਵਾਰਾਂ, 6000 ਇਨਫੈਂਟਰੀ ਅਤੇ ਤੋਪਖਾਨੇ ਦੇ ਜਵਾਨਾਂ ਨਾਲ ਸਤਲੁਜ ਦੇ ਸੱਜੇ ਕੰਡੇ ਕਾਠਗੜ ਵਿਖੇ ਪਹੁੰਚਿਆ ਜਿਥੇ ਲਾਹੌਰ ਦਰਬਾਰ ਨੇ ਆਪਣਾ ਕੈਂਪ ਲਗਾਇਆ। ਸ਼ੇਰ-ਏ-ਪੰਜਾਬ ਦੇ ਹੁਕਮਾਂ ਤਹਿਤ ਲਾਹੌਰ ਦਰਬਾਰ ਵੱਲੋਂ ਪਹੀਆਂ ਉੱਪਰ ਚੱਲਣ ਵਾਲਾ ਸਲਿਵਰ ਦਾ ਇੱਕ ਦੋ ਮੰਜ਼ਲੀ ਸ਼ਾਹੀ ਮੁਲਾਕਾਤ ਦਾ ਸਥਾਨ (ਮੋਬਾਇਲ ਆਫਿਸ) ਤਿਆਰ ਕੀਤਾ ਗਿਆ ਜਿਸ ਨੂੰ ਸਤਲੁਜ ਦਰਿਆ ਦੇ ਕੰਢੇ ਲਿਜਾ ਕੇ ਸਭ ਤੋਂ ਉੱਚੀ ਪਹਾੜੀ ਉੱਪਰ ਸਥਾਪਤ ਕਰ ਦਿੱਤਾ ਗਿਆ। ਇਸਦੇ ਆਸ-ਪਾਸ ਹੋਰ ਸ਼ਾਹੀ ਸ਼ਾਮਿਆਨੇ ਲਗਾਏ ਗਏ। ਰਾਜਾ ਧਿਆਨ ਸਿੰਘ ਨੂੰ ਦਰਿਆ ਸਤਲੁਜ 'ਤੇ ਬਣੇ ਪੁੱਲ ਦੀ ਰਾਖੀ ਦੀ ਜਿੰਮੇਵਾਰੀ ਦਿੱਤੀ ਗਈ। ਇਹ ਪਹਾੜੀ ਪਿੰਡ ਆਸਰੋਂ ਦੇ ਅਧੀਨ ਪੈਂਦੀ ਹੈ। ਮੇਜਰ ਜਨਰਲ ਰਾਮਸੇ ਦੀ ਅਗਵਾਈ ਹੇਠ ਸਰਕਾਰ ਅੰਗਰੇਜ਼ੀ ਦੇ ਅਹਿਲਕਾਰਾਂ ਦਾ ਵਫਦ ਜਿਸ ਵਿੱਚ ਕਮਾਂਡਰ ਇਨ ਚੀਫ਼ ਲਾਰਡ ਡਲਹੌਜ਼ੀ ਅਤੇ ਗਵਰਨਰ ਜਨਰਲ ਦੇ ਚੀਫ ਸੈਕਟਰੀ ਪ੍ਰਿੰਸਿਪ ਸ਼ਾਮਲ ਸਨ ਉਹ ਮਹਾਰਾਜਾ ਰਣਜੀਤ ਸਿੰਘ ਕੋਲ 26 ਅਕਤੂਬਰ ਲਈ ਮੁਲਾਕਾਤ ਦਾ ਸਮਾਂ ਨਿਰਧਾਰਤ ਕਰਨ ਲਈ ਪਹੁੰਚੇ। ਇਸੇ ਦੌਰਾਨ ਕੰਵਰ ਖੜਕ ਸਿੰਘ ਦੀ ਅਗਵਾਈ ਹੇਠ ਲਾਹੌਰ ਦਰਬਾਰ ਦੇ 6 ਹੋਰ ਸਰਦਾਰ ਗਵਰਨਰ ਜਨਰਲ ਨੂੰ ਮਿਲਣ ਲਈ ਦਰਿਆ ਪਾਰ ਪਹੁੰਚੇ।

26 ਅਕਤੂਬਰ 1831 ਨੂੰ ਮੁਲਾਕਾਤ ਦਾ ਸਮਾਂ ਨਿਸ਼ਚਿਤ ਹੋਇਆ। ਜਿਉਂ ਹੀ 26 ਅਕਤੂਬਰ ਦਾ ਸੂਰਜ ਚੜ੍ਹਿਆ ਤਾਂ ਸ਼ੇਰ-ਏ-ਪੰਜਾਬ ਹਾਥੀ 'ਤੇ ਸਵਾਰ ਹੋ ਕੇ 3000 ਘੋੜਸਵਾਰਾਂ ਅਤੇ 800 ਪੈਦਲ ਜਵਾਨਾਂ ਨਾਲ ਬੇੜੀਆਂ ਦੇ ਪੁੱਲ ਰਾਹੀਂ ਰੋਪੜ ਵਿਖੇ ਸਰਕਾਰ ਅੰਗਰੇਜ਼ੀ ਦੇ ਕੈਂਪ ਲਈ ਰਵਾਨਾਂ ਹੋਏ। ਪੁੱਲ ਤੋਂ ਪਾਰ ਬ੍ਰਿਟਿਸ਼ ਸੈਨਿਕਾਂ ਨੇ ਗਵਰਨਰ ਜਨਰਲ ਦੇ ਕੈਂਪ ਤੱਕ ਖੂਬਸੂਰਤ ਰਸਤਾ ਬਣਾਇਆ ਹੋਇਆ ਸੀ। ਮਹਾਰਾਜਾ ਅਜੇ ਅੱਧ ਵਿੱਚ ਹੀ ਗਏ ਸਨ ਕਿ ਗਵਰਨਰ ਜਰਨਲ ਲਾਰਡ ਵਿਲੀਅਮ ਬੈਂਟਿਕ ਨੇ ਅੱਗੇ ਆ ਕੇ ਪੂਰੀ ਗਰਮਜੋਸ਼ੀ ਨਾਲ ਸ਼ੇਰ-ਏ-ਪੰਜਾਬ ਦਾ ਸਵਾਗਤ ਕੀਤਾ। ਉਨਾਂ ਨੇ ਮਹਾਰਾਜਾ ਰਣਜੀਤ ਸਿੰਘ ਦੇ ਸਤਿਕਾਰ ਵਿੱਚ ਆਪਣਾ ਹੈਟ ਉਤਾਰ ਕੇ ਉਨਾਂ ਨੂੰ ਸੈਲਿਊਟ ਕੀਤਾ। ਅੰਗਰੇਜ਼ ਸੈਨਿਕਾਂ ਨੇ ਮਹਾਰਾਜਾ ਰਣਜੀਤ ਸਿੰਘ ਗਾਰਡ ਆਫ ਆਨਰ ਦਿੱਤਾ। ਇਸ ਤੋਂ ਬਾਅਦ ਰਣਜੀਤ ਸਿੰਘ ਵੱਲੋਂ ਬਹੁਤ ਕੀਮਤੀ ਤੋਹਫ਼ੇ ਗਵਰਨ ਜਨਰਲ ਨੂੰ ਲਾਹੌਰ ਦਰਬਾਰ ਦੀ ਤਰਫੋਂ ਭੇਟ ਕੀਤੇ ਗਏ। ਇਸ ਤੋਂ ਬਾਅਦ ਲਾਰਡ ਵਿਲੀਅਮ ਬੈਂਟਿਕ ਮਹਾਰਾਜਾ ਰਣਜੀਤ ਸਿੰਘ ਨੂੰ ਇੱਕ ਟੈਂਟ ਵਿੱਚ ਲੈ ਕੇ ਗਏ ਜਿਥੇ ਲੇਡੀ ਵਿਲੀਅਮ ਬੈਂਟਿਕ ਅਤੇ ਹੋਰ ਯੂਰਪੀ ਔਰਤਾਂ ਨੇ ਸ਼ੇਰ-ਏ-ਪੰਜਾਬ ਦਾ ਨਿੱਘਾ ਸਵਾਗਤ ਕੀਤਾ। ਟੈਂਟ ਦੇ ਬਾਹਰ ਸਰਕਾਰ ਅੰਗਰੇਜ਼ੀ ਦੇ ਸਾਰੇ ਅਧਿਕਾਰੀ ਮਹਾਰਾਜਾ ਰਣਜੀਤ ਸਿੰਘ ਨੂੰ ਮਿਲਣ ਲਈ ਖੜੇ ਸਨ। ਰਣਜੀਤ ਸਿੰਘ ਅਤੇ ਉਸਦੇ ਸਾਰੇ ਸਰਦਾਰਾਂ ਨੇ ਬਸੰਤੀ ਰੰਗ ਦੀਆਂ ਖੂਬਸੂਰਤ ਸ਼ਾਹੀ ਪੁਸ਼ਾਕਾਂ ਪਹਿਨੀਆਂ ਹੋਈਆਂ ਸਨ।




ਸਰਕਾਰ ਅੰਗਰੇਜ਼ੀ ਨੇ ਮਹਾਰਾਜੇ ਦੇ ਸਾਵਗਤ ਵਿੱਚ ਕੋਈ ਕਸਰ ਨਾ ਛੱਡੀ ਅਤੇ ਇਸੇ ਦੌਰਾਨ ਗੀਤ-ਸੰਗੀਤ ਦਾ ਪ੍ਰਬੰਧ ਵੀ ਕੀਤਾ ਗਿਆ ਸੀ। ਮਹਾਰਾਜਾ ਰਣਜੀਤ ਸਿੰਘ ਨੇ ਯੂਰਪੀਅਨ ਗਾਇਕਾਂ ਤੇ ਡਾਂਸਰਾਂ ਨੂੰ 1000 ਰੁਪਏ ਦਾ ਇਨਾਮ ਦਿੱਤਾ। ਇਸ ਤਰਾਂ ਦੋਵਾਂ ਬਾਦਸ਼ਾਹੀਆਂ ਦੇ ਹੁਕਮਰਾਨਾਂ ਨੇ ਆਪਸ ਵਿੱਚ ਦੋਸਤੀ ਨੂੰ ਮਜ਼ਬੂਤ ਕਰਨ ਅਤੇ ਸਦਭਾਵਨਾਂ ਭਰੀਆਂ ਗੱਲਾਂ-ਬਾਤਾਂ ਕੀਤੀਆਂ। ਅਖੀਰ ਦੁਪਹਿਰ ਨੂੰ ਸ਼ੇਰ-ਏ-ਪੰਜਾਬ ਆਪਣੇ ਸਰਦਾਰਾਂ ਤੇ ਹੋਰ ਜਵਾਨਾਂ ਨਾਲ ਆਪਣੇ ਕੈਂਪ ਵਿੱਚ ਵਾਪਸ ਆ ਗਏ। ਉਸੇ ਸ਼ਾਮ ਕੰਵਰ ਸ਼ੇਰ ਸਿੰਘ ਦੀ ਅਗਵਾਈ ਹੇਠ ਚੋਣਵੇਂ ਸਰਦਾਰ ਬ੍ਰਿਟਿਸ਼ ਕੈਂਪ ਵਿੱਚ ਗਏ ਅਤੇ ਗਵਰਨਰ ਜਰਨਲ ਲਾਰਡ ਵਿਲੀਅਮ ਬੈਂਟਿਕ ਨੂੰ ਪੰਜਾਬ ਆਉਣ ਦਾ ਸੱਦਾ ਦਿੱਤਾ। ਅਗਲੇ ਦਿਨ 27 ਅਕਤੂਬਰ ਨੂੰ ਗਵਰਨਰ ਜਰਨਲ ਲਾਰਡ ਵਿਲੀਅਮ ਬੈਂਟਿਕ ਆਪਣੇ ਅਧਿਕਾਰੀਆਂ ਨਾਲ ਸ਼ੇਰ-ਏ-ਪੰਜਾਬ ਨਾਲ ਮੁਲਕਾਤ ਕਰਨ ਲਈ ਚੱਲ ਪਏ। ਲਾਹੌਰ ਦਰਬਾਰ ਵੱਲੋਂ ਅੰਗਰੇਜ਼ੀ ਮਹਿਮਾਨਾਂ ਦੇ ਸ਼ਾਹੀ ਸਵਾਗਤ ਲਈ ਤਿਆਰੀਆਂ ਕੀਤੀਆਂ ਗਈਆਂ ਸਨ। ਸਰਕਾਰ ਖ਼ਾਲਸਾ ਦੇ ਸੈਨਿਕਾਂ ਦੀਆਂ ਦੋ ਕਤਾਰਾਂ ਸਤਲੁਜ ਦੇ ਕੰਢੇ ਤੋਂ ਲੈ ਕੇ ਸ਼ਾਹੀ ਮੁਲਾਕਾਤ ਦਾ ਸਥਾਨ ਤੱਕ ਖੜੀਆਂ ਸਨ। ਦੋਵਾਂ ਸਾਈਡਾਂ ਦੇ ਉੱਲਟੇ ਮੂੰਹ ਤੋਪਖਾਨੇ ਬੀੜੇ ਹੋਏ ਸਨ ਅਤੇ ਤੋਪਾਂ ਦੇ ਮੂੰਹ ਅਸਮਾਨ ਵੱਲ ਸਨ। ਗਵਰਨਰ ਜਨਰਲ ਹਾਥੀ ਉੱਪਰ ਆ ਰਹੇ ਸਨ। ਸ਼ੇਰ-ਏ-ਪੰਜਾਬ ਆਪਣੇ ਹਾਥੀ 'ਤੇ ਸਵਾਰ ਹੋ ਕੇ ਅੱਗੋਂ ਲਾਰਡ ਵਿਲੀਅਮ ਬੈਂਟਿਕ ਨੂੰ






Sri Satguru Jagjit Singh Ji eLibrary NamdhariElibrary@gmail.com

ਲੈਣ ਲਈ ਪਹੁੰਚੇ। ਜਦੋਂ ਦੋਵੇਂ ਹਾਥੀ ਪੁੱਲ ਵਿੱਚ ਬਰਾਬਰ ਪਹੁੰਚੇ ਤਾਂ ਮਹਾਰਾਜਾ ਰਣਜੀਤ ਸਿੰਘ ਨੇ ਹੱਥ ਵਧਾ ਕੇ ਲਾਰਡ ਵਿਲੀਅਮ ਬੈਂਟਿਕ ਨੂੰ ਆਪਣੇ ਹਾਥੀ ’ਤੇ ਸਵਾਰ ਕਰ ਲਿਆ। ਪੁੱਲ ਪਾਰ ਕਰਨ ਤੋਂ ਬਾਅਦ ਦੋਵੇਂ ਹੁਕਮਰਾਨ ਹਾਥੀ ਤੋਂ ਹੇਠਾਂ ਉੱਤਰੇ ਤਾਂ ਸਿੱਖ ਸੈਨਿਕਾਂ ਨੇ ਤਲਵਾਰਾਂ ਦੀ ਛਾਂ ਕਰਕੇ ਜੈ-ਕਾਰੇ ਲਗਾਉਣੇ ਸ਼ੁਰੂ ਕਰ ਦਿੱਤੇ। ਤੋਪਖਾਨੇ ਵੱਲੋਂ ਤੋਪਾਂ ਚਲਾ ਕੇ ਅੰਗਰੇਜ਼ੀ ਮਹਿਮਾਨਾਂ ਦਾ ਸਵਾਗਤ ਕੀਤਾ। ਉੱਚੀ ਪਹਾੜੀ ’ਤੇ ਲਾਲ ਰੰਗ ਦਾ ਖ਼ੂਬਸੂਰਤ ਸ਼ਾਮਿਆਨਾ ਅਤੇ ਕਨਾਤਾਂ ਲੱਗੀਆਂ ਹੋਈਆਂ ਸਨ। ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ ਗਵਰਨਰ ਜਰਨਲ ਲਾਰਡ ਵਿਲੀਅਮ ਬੈਂਟਿਕ ਦਾ ਨਿੱਘਾ ਸਵਾਗਤ ਕੀਤਾ ਅਤੇ ਲਾਹੌਰ ਦਰਬਾਰ ਦੇ ਸਰਦਾਰਾਂ ਨਾਲ ਜਾਣ-ਪਛਾਣ ਕਰਵਾਈ। ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ ਲਾਰਡ ਵਿਲੀਅਮ ਬੈਂਟਿਕ ਨਾਲ ਸਿਲਵਰ ਦੇ ਦੋ ਮੰਜ਼ਿਲਾ ਸ਼ਾਹੀ ਕੈਂਪ ਦੀ ਉਪਰਲੀ ਮੰਜ਼ਿਲ ਵਿੱਚ ਬੈਠ ਕੇ ਮੁਲਾਕਾਤ ਕੀਤੀ ਜਦਕਿ ਸਰਕਾਰ ਅੰਗਰੇਜ਼ੀ ਦੇ ਹੋਰ ਅਧਿਕਾਰੀਆਂ ਨੂੰ ਪਹਿਲੀ ਮੰਜ਼ਿਲ ਵਿੱਚ ਬਿਠਾਇਆ ਗਿਆ। ਕਰੀਬ ਇੱਕ ਘੰਟਾ ਮਹਾਰਾਜਾ ਰਣਜੀਤ ਸਿੰਘ ਤੇ ਗਵਰਨਰ ਜਰਨਲ ਲਾਰਡ ਵਿਲੀਅਮ ਬੈਂਟਿਕ ਦੀ ਮੁਲਾਕਾਤ ਹੋਈ ਜਿਸ ਵਿੱਚ ਰਵਾਜ਼ਨੀ ਗੱਲਾਂ ਜਿਵੇਂ ਕਿ ਗਰਮੀ ਰੁੱਤ ਵਿੱਚ ਅੰਗਰੇਜ਼ ਫ਼ੌਜ ਕਿਹੜੇ ਸਮੇਂ ਕਵਾਇਦ ਕਰਦੀ ਹੈ ਜਾਂ ਕਿਸ ਤਰੀਕੇ ਨਾਲ ਰਵਾਨਾ ਹੁੰਦੀ ਹੈ ਆਦਿ ਹੋਈਆਂ। ਇਸ ਤੋਂ ਬਾਅਦ ਵਿਲੀਅਮ ਬੈਂਟਿਕ ਆਪਣੇ ਕੈਂਪ ਵਿੱਚ ਚਲੇ ਗਏ। ਉਸੇ ਸ਼ਾਮ ਨੂੰ ਦੋਵਾਂ ਕੈਂਪਾਂ ਵੱਲੋਂ ਖ਼ੁਸ਼ੀ ਵਿੱਚ ਆਤਿਸ਼ਬਾਜ਼ੀ ਕੀਤੀ ਗਈ।



28 ਅਕਤੂਬਰ ਨੂੰ ਕੰਵਰ ਖੜਕ ਸਿੰਘ ਅਤੇ ਸ਼ੇਰ ਸਿੰਘ ਗਰਵਰਨਰ ਜਨਰਲ ਨੂੰ ਲਾਹੌਰ ਦਰਬਾਰ ਦੇ ਕੈਂਪ ਵਿੱਚ ਲੈ ਕੇ ਆਏ। ਰਾਤਰੀ ਭੋਜ ਦਿੱਤਾ ਗਿਆ ਅਤੇ ਗੀਤ-ਸੰਗੀਤ ਦੀ ਮਹਿਫਲ ਦੇਰ ਸ਼ਾਮ ਤੱਕ ਚੱਲੀ। 29 ਅਕਤੂਬਰ ਨੂੰ ਗਵਰਨਰ ਜਨਰਲ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਰਾਤਰੀ ਭੋਜਨ ’ਤੇ ਸੱਦਿਆ ਅਤੇ ਉਸ ਸਮੇਂ ਵੀ ਸਿਰਫ ਗੀਤ-ਸੰਗੀਤ ਵਾਲਾ ਮਹੌਲ ਹੀ ਬਣਿਆ ਰਿਹਾ। 30 ਅਕਤੂਬਰ ਨੂੰ ਮਹਾਰਾਜਾ ਰਣਜੀਤ ਸਿੰਘ ਨੇ ਇੱਛਾ ਜ਼ਾਹਰ ਕੀਤੀ ਕਿ ਉਹ ਅੰਗਰੇਜ਼ੀ ਸੈਨਾ ਦਾ ਪੂਰਾ ਸਰਵੇਖਣ ਕਰਨਾ ਚਾਹੁੰਦੇ ਹਨ। ਮਹਾਰਾਜਾ ਰਣਜੀਤ ਸਿੰਘ ਨੇ ਹਰੀ ਸਿੰਘ ਨਲੂਏ ਨੂੰ ਗਵਰਨ ਜਨਰਲ ਪਾਸ ਭੇਜਿਆ। ਮਹਾਰਾਜਾ ਰਣਜੀਤ ਸਿੰਘ ਦੀ ਇੱਛਾ ਸੁਣਨ ਉਪਰੰਤ ਲਾਰਡ ਵਿਲੀਅਮ ਬੈਂਟਿਕ ਨੇ ਆਪਣੀ ਸਮੁੱਚੀ ਸੈਨਾ ਨੂੰ ਹੁਕਮ ਦਿੱਤਾ ਕਿ ਉਹ ਆਪਣੇ ਹਰ ਕਿਸਮ ਦੇ ਜੰਗੀ ਕਰਤੱਵ, ਮਸ਼ਕਾਂ ਅਤੇ ਤਕਨੀਕੀ ਹੁਨਰ ਮਹਾਰਾਜਾ ਸਾਹਿਬ ਨੂੰ ਦਿਖਾਉਣ। ਮਹਾਰਾਜਾ ਰਣਜੀਤ ਸਿੰਘ ਨੇ ਬੜੀ ਗਹਿਰਾਈ ਨਾਲ ਅੰਗਰੇਜ਼ੀ ਫੌਜ ਦਾ ਮੁਆਇਨਾ ਕੀਤਾ ਅਤੇ ਸਿਪਾਹੀਆਂ ਨਾਲ ਗੱਲਾਂ-ਬਾਤਾਂ ਵੀ ਕੀਤੀਆਂ। ਉਹ ਅੰਗਰੇਜ਼ ਸੈਨਿਕਾਂ ਦੇ ਹੁਨਰ ਨੂੰ ਦੇਖ ਕੇ ਖ਼ੁਸ਼ ਹੋਏ ਅਤੇ ਕਿਹਾ ਕਿ ਲਾਹੌਰ ਦਰਬਾਰ ਦੇ ਸੈਨਿਕ ਵੀ ਜੰਗੀ ਹੁਨਰਾਂ ਵਿੱਚ ਪੂਰੇ ਮਾਹਿਰ ਹਨ। 31 ਅਕਤੂਬਰ ਨੂੰ ਗਵਰਨਰ ਜਨਰਲ ਨੇ ਖ਼ਾਲਸਾ ਫੌਜਾਂ ਦੀ ਕਵਾਇਦ ਦੇਖੀ ਜਿਸ ਵਿੱਚ ਕੰਵਰ ਸ਼ੇਰ ਸਿੰਘ, ਸਰਦਾਰ ਹਰੀ ਸਿੰਘ ਨਲਵਾ, ਰਾਜਾ ਧਿਆਨ ਸਿੰਘ, ਰਾਜਾ ਸੁਚੇਤ ਸਿੰਘ ਸਮੇਤ ਹੋਰ ਸਰਦਾਰਾਂ ਤੇ ਜਵਾਨਾਂ ਨੇ ਵੀ ਵਾਰੋ-ਵਾਰੀ ਆਪਣੇ ਜੰਗੀ ਹੁਨਰ ਦਾ ਸ਼ਾਨਦਾਰ ਮੁਜ਼ਾਹਰਾ ਕੀਤਾ। ਇਸ ਦਿਨ ਸ਼ਾਮ ਨੂੰ ਅੰਗਰੇਜ਼ੀ ਕੈਂਪ ਵਿੱਚ ਗਵਰਨਰ ਜਨਰਲ ਦੇ ਕੈਂਪ ਵਿੱਚ ਵਿਦਾਇਗੀ ਸਮਾਰੋਹ ਹੋਇਆ। ਦੋਵਾਂ ਹਕੂਮਤਾਂ ਦੇ ਸਾਰੇ ਪ੍ਰਮੁੱਖ ਅਧਿਕਾਰੀ ਇੱਕ ਦੂਜੇ ਨਾਲ ਮਿਲ ਕੇ ਬੈਠੇ।

ਗਵਰਨਰ ਜਨਰਲ ਨੇ 1809 ਈਸਵੀ ਵਾਲੀ ਸੰਧੀ ਦੇ ਕਾਗਜ਼ਾਤ ਕੱਢ ਕੇ ਕਿਹਾ ਕਿ ਅੰਗਰੇਜ਼ਾਂ ਅਤੇ ਖ਼ਾਲਸਾ ਜੀ ਦੀ ਸਰਕਾਰ ਦਰਮਿਆਨ ਦੋਸਤੀ ਦਾ ਜੋ ਅਹਿਦਨਾਮਾ ਅੱਜ ਤੋਂ 22 ਸਾਲ ਪਹਿਲਾਂ ਲਿਖਿਆ ਗਿਆ ਸੀ ਉਹ ਇਸ ਨੂੰ ਅੱਜ ਤੋਂ ਫਿਰ ਦੁਬਾਰਾ ਸਹੀ ਕਰਦੇ ਹਨ ਕਿ ਦੋਵਾਂ ਹਕੂਮਤਾਂ ਦੀ ਦੋਸਤੀ ਪਹਿਲਾਂ ਨਾਲੋਂ ਵੀ ਜਿਆਦਾ ਪੱਕੀ ਹੋਵੇਗੀ। ਦੋਵਾਂ ਹੁਕਮਰਾਨਾਂ ਨੇ ਇਸ ਸਾਂਝੇ ਐਲਾਨਨਾਮੇ ਉੱਪਰ ਦਸਤਖ਼ਤ ਕੀਤੇ ਅਤੇ ਇੱਕ ਦੂਸਰੇ ਨੂੰ ਮੁਬਾਰਕਬਾਦ ਦਿੱਤੀ। ਗਵਰਨਰ ਜਨਰਲ ਨੇ ਹੋਰ ਤੋਹਫਿਆਂ ਦੇ ਨਾਲ ਦੋ ਨਵੀਆਂ ਤੋਪਾਂ ਵੀ ਤੋਹਫੇ ਵਿੱਚ ਦਿੱਤੀਆਂ ਜਿਨ੍ਹਾਂ ਰਾਹੀਂ ਪੰਜ-ਪੰਜ ਪੌਂਡ ਦੇ ਗੋਲੇ ਦਾਗੇ ਜਾ ਸਕਦੇ ਸਨ। 1 ਨਵੰਬਰ 1831 ਨੂੰ ਸਵੇਰ ਹੁੰਦਿਆਂ ਹੀ ਦੋਵੇਂ ਸਰਕਾਰ ਵੱਲੋਂ ਆਪਣੇ ਕੈਂਪ ਚੁੱਕ ਲਏ ਗਏ ਅਤੇ ਮਹਾਰਾਜਾ ਰਣਜੀਤ ਸਿੰਘ ਕਪੂਰਥਲੇ ਨੂੰ ਰਵਾਨਾ ਹੋ ਗਏ ਜਦਕਿ ਗਵਰਨਰ ਜਨਰਲ ਦਿੱਲੀ ਵੱਲ ਨੂੰ ਚੱਲ ਪਏ।

ਇਸ ਸ਼ਾਹੀ ਮੁਲਾਕਾਤ ਤੋਂ ਬਾਅਦ ਲਾਹੌਰ ਦਰਬਾਰ ਵੱਲੋਂ ਦਰਿਆ ਸਤਲੁਜ ਦੇ ਸੱਜੇ ਕੰਢੇ ਉਸ ਉੱਚੀ ਪਹਾੜੀ ਜਿਥੇ ਮਹਾਰਾਜਾ ਰਣਜੀਤ ਸਿੰਘ ਦੀ ਲਾਰਡ ਵਿਲੀਅਮ ਬੈਂਟਿਕ ਨਾਲ ਮੁਲਾਕਾਤ ਹੋਈ ਸੀ ਓਥੇ ਨਿਗਰਾਨ ਚੌਕੀ ਦੀ ਸਥਾਪਨਾ ਕੀਤੀ ਗਈ ਅਤੇ ਨਾਲ ਹੀ ਪਹਾੜੀ ’ਤੇ “ਸਰਕਾਰ ਖ਼ਾਲਸਾ” ਦਾ ਨਿਸ਼ਾਨ ਸਾਹਿਬ ਝੁਲਾਇਆ ਗਿਆ। ਸੰਨ 1849 ਤੱਕ ਇਹ ਥਾਂ ਸਰਕਾਰ ਖ਼ਾਲਸਾ ਦੇ ਰਾਜ ਦੀ ਹੱਦ ਵਜੋਂ ਕਾਇਮ ਰਹੀ। ਅਖੀਰ ਜਦੋਂ ਸੰਨ 1849 ਵਿੱਚ ਅੰਗਰੇਜ਼ਾਂ ਨੇ ਪੰਜਾਬ ’ਤੇ ਕਬਜ਼ਾ ਕਰ ਲਿਆ ਤਾਂ ਖ਼ਾਲਸਾ ਰਾਜ ਦੀ ਇਸ ਚੌਕੀ ਨੂੰ ਢਾਹ ਦਿੱਤਾ ਗਿਆ ਪਰ ਨਿਸ਼ਾਨ ਸਾਹਿਬ ਦਾ ਖੰਭਾ ਅਸ਼ਟ ਧਾਤੂ ਦਾ ਬਣਿਆ ਹੋਣ ਕਰਕੇ ਬਚ ਗਿਆ। ਜੰਗ-ਏ-ਅਜ਼ਾਦੀ ਦੇ ਮੋਢੀ ਸੰਗਰਾਮੀ ਏਥੇ ਆ ਕੇ ਅਜ਼ਾਦੀ ਦੇ ਝੰਡੇ ਨੂੰ ਮੁੜ ਝੁਲਾਉਣ ਦਾ ਪ੍ਰਣ ਕਰਦੇ ਰਹੇ ਹਨ।

19 ਅਕਤੂਬਰ 2001 ਨੂੰ ਸਰਕਾਰ ਵੱਲੋਂ ਇਸ ਪਹਾੜੀ ਨੂੰ ਮਹਾਰਾਜਾ ਰਣਜੀਤ ਸਿੰਘ ਵਿਰਾਸਤੀ ਪਹਾੜੀ (ਮਹਾਰਾਜਾ ਰਣਜੀਤ ਸਿੰਘ ਨੈਸ਼ਨਲ ਹੈਰੀਟੇਜ ਹਿਲ ਪਾਰਕ) ਦਾ ਦਰਜਾ ਦਿੱਤਾ ਗਿਆ ਹੈ। ਖ਼ਾਲਸਾ ਰਾਜ ਦੇ ਸੁਨਿਹਰੀ ਦੌਰ ਦੀ ਗਵਾਹੀ ਭਰਦਾ ਸਰਕਾਰ ਖ਼ਾਲਸਾ ਦਾ ਇਹ ਨਿਸ਼ਾਨ ਸਾਹਿਬ ਅੱਜ ਵੀ ਮੌਜੂਦ ਹੈ। ਸਤਲੁਜ ਦਰਿਆ ਤੇ ਬਣੇ ਪੁਰਾਣੇ ਪੁਲ ਦੇ ਨਾਲ ਗੁਰਦੁਆਰਾ ਟਿੱਬੀ ਸਾਹਿਬ ਦੇ ਸਾਹਮਣੇ ਸੈਂਕੜੇ ਫੁੱਟ ਉੱਚੀ ਪਹਾੜੀ ਤੇ ਇਹ ਨਿਸ਼ਾਨ ਸਾਹਿਬ ਲੱਗਿਆ ਹੋਇਆ ਹੈ। ਜਿਸਦੇ ਉਪਰਲੇ ਹਿੱਸੇ ਤੇ ਇੱਕ ਪਾਸੇ ਗੁਰਮੁਖੀ ’ਚ ਦੂਜੇ ਪਾਸੇ ਉਰਦੂ ਵਿੱਚ “ਅਕਾਲ ਸਹਾਇ” ਅਤੇ “ਸਰਕਾਰ ਖ਼ਾਲਸਾ” ਲਿਖਿਆ ਹੋਇਆ ਹੈ। ਇਹ ਜਗਾ ਹੁਣ ਸਵਰਾਜ ਮਾਜ਼ਦਾ ਕੰਪਨੀ ਦੇ ਅਧਿਕਾਰ ਖੇਤਰ ਵਿੱਚ ਹੈ ਅਤੇ ਗੇਟ ਉੱਪਰ ਆਪਣਾ ਨਾਮ ਤੇ ਪਤਾ ਦੱਸ ਕੇ ਇਸ ਨਿਸ਼ਾਨ ਸਾਹਿਬ ਦੇ ਦਰਸ਼ਨ ਕਰਨ ਜਾਇਆ ਜਾ ਸਕਦਾ ਹੈ। ਪਹਾੜੀ ਕਾਫੀ ਉੱਚੀ ਹੈ ਅਤੇ ਇੱਕ ਪਗਡੰਡੀ ਇਸ ਤੱਕ ਪਹੁੰਚਦੀ ਹੈ। ਉੱਪਰ ਜਾ ਕੇ ਜਿਥੇ ਇਸ ਸਰਕਾਰ ਖ਼ਾਲਸਾ ਦੇ ਇਤਿਹਾਸਕ ਨਿਸ਼ਾਨ ਸਾਹਿਬ ਦੇ ਦਰਸ਼ਨ ਹੁੰਦੇ ਹਨ ਓਥੇ ਦਰਿਆ ਸਤਲੁਜ ਦਾ ਨਜ਼ਾਰਾ ਵੀ ਬੁਹੱਦ ਖ਼ੂਬਸੂਰਤ ਦਿਖਾਈ ਦਿੰਦਾ ਹੈ। ਪੰਜਾਬ ਸਰਕਾਰ ਦੇ ਸੈਰ ਸਪਾਟਾ ਵਿਭਾਗ ਵੱਲੋਂ ਇਸ ਸਥਾਨ ਦੇ ਵਿਕਾਸ ਅਤੇ ਲੋਕਾਂ ਵਿੱਚ ਪ੍ਰਚੱਲਿਤ ਕਰਨ ਲਈ ਉਪਰਾਲੇ ਕੀਤੇ ਜਾਣ ਦੀ ਲੋੜ ਹੈ।

ਅਗਲੀ ਵਾਰ ਤੁਸੀਂ ਵੀ ਜਦੋਂ ਕਦੀ ਰੋਪੜ ਵਿਖੇ ਇਸ ਨਿਸ਼ਾਨ ਸਾਹਿਬ ਦੇ ਕੋਲੋਂ ਦੀ ਗੁਜ਼ਰੋ ਤਾਂ ਇਸ ਇਤਿਹਾਸਕ ਸਥਾਨ ਦੇ ਦਰਸ਼ਨ ਕਰਕੇ ਜ਼ਰੂਰ ਆਇਓ। ਤੁਹਾਨੂੰ ਵੀ ਆਪਣੇ ਸ਼ਾਨਾਮੱਤੇ ਇਤਿਹਾਸ ’ਤੇ ਮਾਣ ਜ਼ਰੂਰ ਹੋਵੇਗਾ।

••



Sri Satguru Jagjit Singh Ji eLibrary NamdhariElibrary@gmail.com

# ਪੰਜਾਬ ਦੇ ਸ਼ਾਖਸ਼ਾਤ ਦਰਸ਼ਨ ਹੋ ਜਾਂਦੇ ਹਨ ਬਾਬੂ ਸਿੰਘ ਮਾਨ ਮਰਾੜ੍ਹਾਂ ਵਾਲਿਆਂ ਦੇ ਗੀਤਾਂ 'ਚੋਂ




**ਅਸ਼ੋਕ ਬਾਂਸਲ ਮਾਨਸਾ**

ਮੋਬਾਈਲ : 98151-30226


ਬਾਬੂ ਸਿੰਘ ਮਾਨ ਮਰਾੜ੍ਹਾਂ ਵਾਲਿਆਂ ਦਾ ਤਕਰੀਬਨ ਅੱਧੀ ਸਦੀ ਪੁਰਾਣਾ ਇਕ ਗੀਤ ਐ ਜੋ ਆਪਣੇ ਸਮੇਂ ਦੇ ਪ੍ਰਸਿੱਧ ਗਾਇਕ ਕਰਮਜੀਤ ਧੂਰੀ ਦੀ ਆਵਾਜ਼ ਵਿੱਚ ਰਿਕਾਰਡ ਹੋਇਆ। ਪੰਜਾਬ ਪੰਜਾਬੀ ਤੇ ਪੰਜਾਬੀਅਤ ਨੂੰ ਪਿਆਰ ਕਰਨ ਵਾਲੇ ਹਰ ਪੰਜਾਬੀ ਨੂੰ ਇਹ ਗੀਤ ਅੱਖਾਂ ਮੀਟ ਕੇ ਸੁਨਣਾ ਪੈਂਦਾ ਹੈ। ਅੱਖਾਂ ਮੀਟ ਕੇ ਉਸ ਪੰਜਾਬ ਦੇ ਸ਼ਾਖਸ਼ਾਤ ਦਰਸ਼ਨ ਹੋ ਜਾਂਦੇ ਐ ਜਿਸ ਨੂੰ ਪੰਜਾਬ ਆਖਿਆ ਜਾਂਦਾ ਸੀ।

ਲੱਸੀ ਦਾ ਚਟੂਰਾ ਸਿਰ ਤੇ,
ਭੱਤਾ ਲੈਕੇ ਤੁਰੀ ਬਣ ਠਣ ਕੇ
ਕਣਕਾਂ ਮਰੋੜਾ ਖਾ ਗਈਆਂ,
ਜਦੋਂ ਨਿਕਲੀ ਸਰ੍ਹੋਂ ਦਾ ਫੁੱਲ ਬਣ ਕੇ

**ਚਟੂਰਾ** --ਛੋਟਾ ਘੜਾ, ਚਾਟੀ ਦਾ ਬੱਚਾ

**ਭੱਤਾ** --ਖੇਤ ਕੰਮ ਕਰਦੇ ਕਿਸਾਨ ਦਾ ਦੁਪਹਿਰ ਦਾ ਖਾਣਾ

**ਬਣ ਠਣ ਕੇ** --ਹਾਰ ਸ਼ਿੰਗਾਰ ਲਾ ਕੇ

**ਕਣਕਾਂ ਦਾ ਮਰੋੜਾ ਖਾਣਾ**--ਕਣਕ ਦੀਆਂ ਬੱਲੀਆਂ ਦਾ ਰੰਗ ਪੱਕਣ ਤੋਂ ਪਹਿਲਾਂ ਹਰਾ ਹੰਦਾ ਹੈ ਪੱਕਣ ਵੇਲੇ ਉਹਨਾਂ ਬੱਲੀਆਂ 'ਚੋਂ ਸੋਨੇ ਰੰਗੀ ਭਾ ਮਾਰਨ ਲੱਗਦੀ ਹੈ। ਹਰੇ ਰੰਗ ਤੋਂ ਸੁਨਹਿਰੀ ਰੰਗ ਤਬਦੀਲ ਹੋਣ ਦੀ ਪ੍ਰਕਿਰਿਆ ਨੂੰ ਹੀ ਕਣਕਾਂ ਦਾ ਮਰੋੜਾ ਖਾਣਾ ਕਿਹਾ ਜਾਂਦਾ ਹੈ।

**ਸਰ੍ਹੋਂ ਦਾ ਫੁੱਲ**--ਇੱਥੇ ਕਵੀ ਨੇ ਉਸ ਮੁਟਿਆਰ ਦੇ ਹੁਸਨ ਦੀ ਤਾਰੀਫ਼ ਸਰੋਂ ਦੇ ਫੁੱਲ ਨਾਲ ਕੀਤੀ ਐ ਕਿਉਂਕਿ ਸਰ੍ਹੋਂ ਦੇ ਫੁੱਲਾਂ ਦਾ ਰੰਗ ਪੀਲਾ ਹੁੰਦਾ ਹੈ ਜੋ ਬਹੁਤ ਖੂਬਸੂਰਤ ਲਗਦਾ ਹੈ।

ਸੂਰਜੇ ਨੂੰ ਹੌਲ ਪਾ ਗਿਆ
ਤਿੱਲੇਦਾਰ ਘੱਗਰੇ ਦਾ ਨਾਲਾ
ਜਾਵੇ ਨਾ ਵਿਚਾਰਾ ਪੱਟਿਆ
ਕੋਈ ਚੰਦਰੇ ਨਸੀਬਾਂ ਵਾਲਾ
ਪੌਣ ਦੇ ਹਵਾਸ ਗੁੰਮ ਗਏ,
ਜਦੋਂ ਝਾਂਜਰ ਛਣਾ ਛਣ ਛਣਕੇ

ਹੌਲ-ਹੌਲ ਸਹੀ ਮਾਅਨਿਆਂ ਵਿੱਚ ਦਿਲ ਦੀ ਧੜਕਣ ਤੇਜ਼ ਹੋਣ ਨੂੰ ਕਿਹਾ ਜਾਂਦਾ ਹੈ, ਕਵਿਤਾ ਜਾਂ ਗੀਤ ਦੀ ਭਾਸ਼ਾ ਵਿੱਚ ਇਹ ਅਤਿਕਥਨੀ ਅਲੰਕਾਰ ਹੈ, ਅਲੰਕਾਰਾਂ ਬਾਰੇ ਵਿਸਥਾਰ ਪੂਰਵਕ ਗੱਲ ਕਿਸੇ ਹੋਰ ਪੋਸਟ ਵਿੱਚ ਕਰਾਂਗਾ।

**ਤਿੱਲੇਦਾਰ ਘੱਗਰਾ** - ਘੱਗਰਾ ਸੁਆਣੀਆਂ ਦੇ ਤੇੜ ਦਾ ਪਹਿਰਾਵਾ, ਘਗਰੇ ਤੋਂ ਉਸ ਘਰ ਦੇ ਆਰਥਿਕ ਪੱਧਰ ਦਾ ਵੀ ਪਤਾ ਲੱਗ ਜਾਂਦਾ ਸੀ ਹੁਣ ਤਿੱਲੇਦਾਰ ਘਗਰਾ ਤਾਂ ਕਿਸੇ ਸਰਦੇ ਪੁੱਜਦੇ ਪਰਿਵਾਰ ਦੀ ਸੁਆਣੀ ਹੀ ਪਹਿਨਦੀ ਸੀ ਜੋ ਘੱਗਰਾ ਤਿੱਲੇ ਨਾਲ ਮੜ੍ਹਿਆ ਹੁੰਦਾ

**ਪੌਣ ਦੇ ਹਵਾਸ ਗੁੰਮ ਗਏ** -ਇਹ ਵੀ ਅੱਤਕਥਨੀ ਅਲੰਕਾਰ ਹੈ ਭਾਵ ਵਗਦੀਆਂ ਹਵਾਵਾਂ ਵੀ ਉਸ ਸੁਆਣੀ ਦੇ ਘਗਰੇ ਵਿਚਲੇ ਨਾਲੇ ਨੂੰ ਵੇਖ ਕੇ ਹੋਸ਼ ਗੁਆ ਬੈਠੀਆਂ ਕਿਉਂਕਿ ਘਗਰੇ ਵਿਚਲਾ ਨਾਲਾ ਵੀ ਬੜੀ ਰੀਝ ਨਾਲ ਹੱਥੀਂ ਬੁਣਿਆ ਹੋਇਆ ਹੁੰਦਾ ਸੀ ਜੋ ਬੰਨ੍ਹ ਕੇ ਘਗਰੇ ਦਾ ਨਾਲਾ ਬਾਹਰ ਲਮਕਾ ਲਿਆ ਜਾਂਦਾ ਸੀ, ਜਦੋਂ ਤੁਰੀ ਜਾਂਦੀ ਉਸ ਨਾਰ ਦੇ ਪੈਰਾਂ ਵਿੱਚ ਪਾਈ ਝਾਂਜਰ ਛਣਕਦੀ ਤਾਂ ਪੌਣ ਦੇ ਹਵਾਸ ਗੁੰਮ ਗਏ

ਮਣ੍ਹੇ ਉੱਤੇ ਮਾਰੇ ਹੋਕਰੇ,
ਹੱਥ ਗੋਪੀਆ ਉਡਾਵੇ ਚਿੜੀਆਂ
ਕੱਲਰਾਂ ਦੇ ਭਾਗ ਜਾਗ ਪਏ,
ਜਦੋਂ ਹੱਸੀ ਤਾ ਕਪਾਹਾਂ ਖਿੜੀਆਂ
ਤੋਤਿਆਂ ਨੂੰ ਪੈ ਗਏ ਮਾਮਲੇ,
ਮਾਰੇ ਗੋਪੀਆ ਕਮਾਨ ਵਾਂਗੂੰ ਤਣਕੇ

**ਮਣ੍ਹਾ** -- ਫਸਲਾਂ ਦੀ ਚਿੜੀਆਂ , ਤੋਤਿਆਂ ਜਨੌਰਾਂ ਤੋਂ ਰਾਖੀ ਕਰਨ ਲਈ ਫਸਲਾਂ ਦੇ ਕੱਦ ਤੋਂ ਉੱਚੇ ਟੰਬੇ ਗੱਡ ਕੇ ਉਹਨਾਂ ਉੱਤੇ ਮੰਜਾ ਜਿਹਾ ਬੰਨ ਦਿੱਤਾ ਜਾਂਦਾ ਸੀ ਜਿਸ ਉੱਤੇ ਚੜ੍ਹ ਕੇ ਫਸਲਾਂ ਨੂੰ ਠੂੰਗ ਰਹੇ ਜਾਨਵਰਾਂ ਨੂੰ ਹੋਕਰੇ ਮਾਰ ਕੇ ਉਡਾਇਆ ਜਾ ਸਕੇ।

**ਗੋਪੀਆ** -- ਬਰੀਕ ਰੱਸੀ ਨਾਲ ਬਣਾਈ ਲੰਮੀ ਗੁਲੇਲ।

ਉਸ ਦੀ ਮੁਸਕਰਾਹਟ ਤੋਂ ਪ੍ਰਭਾਵਿਤ ਹੋਏ ਕਪਾਹ ਦੇ ਟੀਂਡੇ ਵੀ ਖਿੜ ਪਏ । ਜਦੋਂ ਕਮਾਣ ਵਾਂਗੂੰ ਤਣਕੇ ਗੋਪੀਆ ਮਾਰਦੀ ਤਾਂ ਫਸਲਾਂ ਤੇ ਬੈਠੇ ਤੋਤਿਆਂ ਦੀ ਜਾਣ ਨੂੰ ਬਣ ਜਾਂਦੀ

ਚੂੜੀਆਂ ਦੇ ਸਾਜ਼ ਸੁਣ ਕੇ,
ਟੀਂਡੇ ਹੱਸ ਪਏ ਖੇਤ ਦੇ ਸਾਰੇ
ਕੂਲਾ ਪੱਟ ਹੋ ਗਿਆ ਨਰਮਾ,
ਤੈਨੂੰ ਛੋਹਦਿਆ ਸਾਰ ਮੁਟਿਆਰੇ
ਛੱਲੀਆਂ ਚ ਕਿਵੇਂ ਪੁੜ ਗਏ
ਤੇਰੀ ਗਾਨੀ ਦੇ ਗੁਆਚੇ ਮਣਕੇ



ਨਵ-ਵਿਆਹੁਤਾ ਦੇ ਹੱਥਾਂ ਵਿੱਚ ਪਾਈਆਂ ਚੂੜੀਆਂ ਜਦੋਂ ਆਪਸ ਵਿੱਚ ਖਹਿੰਦੀਆਂ ਤਾਂ ਉਹਨਾਂ ਵਿੱਚ ਪੈਦਾ ਹੁੰਦਾ ਸੰਗੀਤ ਸੁਣ ਕੇ ਕਪਾਹ ਦੀ ਟੀਂਡੇ ਵੀ ਆਨੰਦ ਵਿੱਚ ਆਉਂਦੇ, ਜਦੋਂ ਉਹਦੇ ਨਾਲ ਨਰਮਾ ਛੋਹ ਜਾਂਦਾ ਤਾਂ ਹੋਰ ਵੀ ਕੂਲਾ ਹੋ ਜਾਂਦਾ। ਕਵੀ ਨੇ ਉਸਮਦੀ ਗਾਨੀ ਦੇ ਮਣਕਿਆਂ ਦੀ ਤੁਲਣਾ ਛੱਲੀ ਦੇ ਦਾਣਿਆਂ ਦੀ ਚਿਣਤੀ ਨਾਲ ਕੀਤੀ ਐ-

ਕਹਿੰਦਾ ਹਾਲੀ ਹਲ ਛੱਡ ਕੇ,
ਆਈਆਂ ਹੁਸਨ ਦੀਆਂ ਸਰਕਾਰਾਂ
ਲਾਲ ਗੇਰੂ ਵਾਂਗ ਹੋਗਈ ਓਂ
ਤੇਰੇ ਸਿਰ ਤੋਂ ਸਰਘੀਆਂ ਵਾਰਾਂ
'ਮਾਨ' ਅਰਮਾਨ ਕਿਰ ਗਏ
ਸਾਰੇ ਚਾਵਾਂ ਤੇ ਅਦਾਵਾਂ ਥਾਣੀ ਛਣਕੇ

ਆਪਣੀ ਹੂਰ ਪਰੀ ਨੂੰ ਦੇਖ ਕੇ ਗੱਭਰੂ ਨੇ ਹਲ ਛੱਡ ਦਿੱਤਾ

ਆਪਣੇ ਮਾਹੀ ਦੇ ਦੀਦਾਰ ਕਰਕੇ ਨਾਰ ਦਾ ਰੰਗ ਵੀ ਗੇਰੂ ਵਰਗਾ ਲਾਲ ਸੂਹਾ ਹੋ ਗਿਆ

**ਸਰਘੀ** -- ਸਵੇਰ ਦਾ ਵੇਲਾ ਜਦੋਂ ਸੂਰਜ ਦੀ ਪਹਿਲੀ ਕਿਰਨ ਨਿਕਲਣੀ ਹੁੰਦੀ ਐ ਅਸਮਾਨ ਵਿੱਚੋਂ ਇਕ ਸੁਨਹਿਰੀ ਰੰਗ ਦੀ ਭਾਅ ਮਾਰਦੀ ਹੁੰਦੀ ਐ।

ਹੁਣ ਆਖਰੀ ਗੱਲ ਕਿ 'ਮਾਨ' ਅਰਮਾਨ ਕਿਰ ਗਏ ਸਾਰੇ ਚਾਵਾਂ ਤੇ ਅਦਾਵਾਂ ਥਾਣੀ ਛਣਕੇ ਦੀ ਵਿਆਖਿਆ ਇੱਥੇ ਨਹੀਂ ਕੀਤੀ ਜਾ ਸਕਦੀ। ਇਹ ਤਾਂ ਆਥਣ ਵੇਲੇ ਹਾਣੀਆਂ ਦੀ ਢਾਣੀ ਵਿੱਚ ਹੀ ਕੀਤੀ ਜਾ ਸਕਦੀ ਐ। ਕਿਉਂਕਿ ਇਸ ਦ੍ਰਿਸ਼ ਨੂੰ ਸ਼ਬਦਾਂ ਰਾਹੀਂ ਤੇ ਰੂਪਮਾਨ ਕੀਤਾ ਹੀ ਨਹੀਂ ਜਾ ਸਕਦਾ।




Sri Satguru Jagjit Singh Ji eLibrary NamdhariElibrary@gmail.com

# ਸਾਗ ਮੱਥੇ ਦੇ ਭਾਗ



**ਪ੍ਰੋ. ਜਸਵੰਤ ਸਿੰਘ ਗੰਡਮ**

ਫਗਵਾੜਾ, ਮੋਬਾਈਲ : 98766-55055

ਪਿੰਡੋਂ ਸਾਗ ਆਇਆ ਤਾਂ ਪਿੰਡ ਵੀ ਨਾਲ ਆ ਗਿਆ! ਮਾਂ ਦੀ ਮਮਤਾ, ਬਾਪ ਦੀ ਮਿਹਨਤ, ਮਿੱਟੀ ਦੀ ਮਹਿਕ, ਪੀਲਾ ਦੁਪੱਟਾ ਤਾਣੀ ਸਰੋਂ ਦੇ ਖੇਤ, ਸਾਰੀ ਦਿਹਾੜੀ ਗੋਹਟਿਆਂ ਉਪਰ ਚੜ੍ਹੀ ਤੌੜੀ ਵਿਚ ਨਿੰਮੇ ਨਿੰਮੇ ਸੇਕ 'ਤੇ ਸਾਗ ਦਾ ਰਿੱਝਣਾ, ਘੋਟਣਾ, ਇਕ ਵਿਸ਼ੇਸ਼ ਕਿਸਮ ਦੀ ਖੁਸ਼ਬੂ ਦਾ ਆਉਣਾ, ਮਾਂ ਦੁਆਰਾ ਮੱਖਣ ਦਾ ਡਲਾ ਪਾ ਕੇ ਸਾਗ ਅਤੇ ਮੱਕੀ ਦੀਆਂ ਰੋਟੀਆਂ ਡਾਢੇ ਪਿਆਰ ਨਾਲ ਪਰੋਸਣਾ!

ਕਿਹਾ ਜਾਂਦੈ ਕਿ 'ਦਾਨ ਪੁੰਨ ਇਸ਼ਨਾਨ ਲਈ ਮਾਘ ਹੈ ਮਹਾਨ' (ਉੱਤਮ) ਪਰ 'ਸਰ੍ਹੋਂ ਦਾ ਸਾਗ, ਇਸਤਰੀ ਨੂੰ ਸੁਹਾਗ, ਜੁੜਦਾ ਨਾਲ ਭਾਗ'! 'ਪੋਹ ਰਿੱਧਾ ਤੇ ਮਾਘ ਖਾਧਾ' ਵੀ ਕਿਹਾ ਜਾਂਦੈ। 'ਕਾਹਨੂੰ ਮੁੱਛ ਨੂੰ ਮਰੋੜਾ ਦੇਵੇਂ,/ਤੇਰਾ ਕਿਹੜਾ ਸਾਗ ਤੋੜਿਆ' ਦਾ ਪ੍ਰਸ਼ਨ ਵੀ ਕੀਤਾ ਜਾਂਦੈ। ਇਹ ਵੀ ਕਹਿੰਦੇ ਹਨ 'ਸਾਗ ਚਾਲੀ ਸਾਲ, ਪਾਲਕ ਸੌ ਸਾਲ'! ਪਰ ਇਹ ਅਖਾਣ ਦਾ ਉਮਰ ਨਾਲੋਂ ਸਿਹਤ ਨਾਲ ਵਧੇਰੇ ਸੰਬੰਧ ਹੋਣਾ ਚਾਹੀਦਾ ਸੀ। ਜਿੰਨਾ ਚਿਰ ਪਚਦੈ, ਸਾਗ ਖਾਧਾ ਜਾ ਸਕਦੈ।ਅਸੀਂ 72 ਸਾਲ ਦੀ ਉਮਰੇ ਵੀ ਸਾਗ ਪੂਰੇ ਆਨੰਦ ਨਾਲ ਛਕਦੇ ਹਾਂ (ਅਜੇ ਅਸੀਂ ਸੱਤਰੇ-ਬਹੱਤਰੇ ਨਹੀਂ)! ਸਗੋਂ ਪਾਲਕ ਵਿਚ ਸਰ੍ਹੋਂ ਨਾਲੋਂ ਵਧੇਰੇ ਆਇਰਨ ਹੋਣ ਕਾਰਨ ਯੂਰਿਕ ਐਸਿਡ ਵਾਲਿਆਂ ਨੂੰ ਇਸ ਨੂੰ ਘਟ ਖਾਣਾ ਚਾਹੀਦੈ।

ਭਾਵੇਂ ਡੱਬਾਬੰਦ ਸਾਗ ਸਾਰਾ ਸਾਲ ਹੀ ਮਿਲਦਾ ਰਹਿੰਦਾ ਹੈ ਪਰ ਸਾਗ ਅਸਲ ਵਿਚ ਸਿਆਲ ਦੀ ਗਿਜ਼ਾ ਹੈ। ਵੇਚ-ਵਟਕ ਪੱਖੋਂ ਬੀਜੀ ਗਈ ਸਰ੍ਹੋਂ ਦਾ ਸਾਗ ਸ਼ਹਿਰਾਂ ਵਿਚ ਤਾਂ ਸਤੰਬਰ ਮਹੀਨੇ ਵਿਚ ਹੀ ਮਿਲਣਾ ਸ਼ੁਰੂ ਹੋ ਜਾਂਦੈ ਪਰ ਮੌਸਮੀ ਮੇਵੇ ਦੀ ਗੱਲ ਹੀ ਕੁਝ ਹੋਰ ਹੈ। ਇਹੋ ਜਿਹੇ ਮੇਵੇ ਵਾਰੇ ਤਾਂ ਇਕ ਗੀਤ ਹੈ-'ਚੌਂਕੇ ਤੇ ਪਈਆਂ ਮੋਰਨੀਆਂ,/ਤੌੜੀ 'ਚ ਰਿਝਦਾ ਸਾਗ ਹੋਵੇ'! ਇਕ ਹੋਰ ਗੀਤ ਵਿਚ 'ਗੰਦਲਾਂ ਦਾ ਸਾਗ ਭੱਠੀ ਬੇਬੇ ਨੇ ਬਣਾਇਆ ਹੋਵੇ' ਅਤੇ 'ਸਰ੍ਹੋਂ ਦੇ ਸਾਗ ਵਿਚ ਮੈਂ ਘਿਉ ਹੀ ਘਿਉ ਪਾਈ ਜਾਵਾਂ/ਮੱਕੀ ਦੀਆਂ ਰੋਟੀਆਂ ਨੂੰ ਬਿਨਾਂ ਗਿਣੇ ਖਾਈ ਜਾਵਾਂ' ਦੇ ਬੋਲ ਗੁਰਦਾਸ ਮਾਨ ਦੇ ਗਾਏ ਗੀਤ ਵਿਚ ਸੁਣਨ ਨੂੰ ਮਿਲਦੇ ਹਨ। ਇਕ ਥਾਂ 'ਫਸਲਾਂ ਦੇ ਟੱਪੇ' ਤਹਿਤ ਵੀ ਇਹ ਚਰਚਾ ਪੜ੍ਹੀ-'ਤੋਰੀਆ ਜਵਾਨ ਹੋ ਗਿਆ,/ਸਰ੍ਹੋਂ ਵਲ ਮਾਰੇ ਸੈਨਤਾਂ/ਮੁੱਛ ਫੁਟੀ ਤੋਂ ਸ਼ੈਤਾਨ ਹੋ ਗਿਆ'। ਗੀਤਾਂ ਅਤੇ ਟੱਪਿਆਂ ਤੋਂ ਸਾਗ ਹੁਣ ਗਜ਼ਲ ਵਿਚ ਵੀ ਆ ਗਿਐ-'ਸਰ੍ਹੋਂ ਦਾ ਸਾਗ, ਮੱਖਣੀ ਨਾਲ, ਰੋਟੀ ਜੋ ਮਜ਼ਾ ਦਿੰਦੀ,/ਮਜ਼ਾ ਉਹ ਨਾਂ ਕਦੇ ਮਿਲਦਾ ਵਿਦੇਸ਼ੀ ਖਾਣਿਆਂ ਅੰਦਰ' (ਅਮਰ ਸੂਫੀ)।

ਤੌੜੀ ਵਿਚ ਰਿੰਨ੍ਹੇ ਸਾਗ ਦਾ ਕੋਈ ਮੁਕਾਬਲਾ ਹੀ ਨਹੀਂ। ਪਿੰਡ ਰਹਿੰਦਿਆਂ ਦੇਖਿਆ ਸੀ ਕਿ ਕਿਵੇਂ ਪਾਥੀਆਂ (ਗੋਹਟਿਆਂ) ਜਾਂ ਹੋਰ ਦੇਸੀ ਬਾਲਣ ਨਾਲ ਚੁਲ੍ਹੇ ਵਿਚ ਬਲਦੀ ਅੱਗ ਉਪਰ ਕੁਮਹਾਰ ਵਲੋਂ ਆਵੇ ਵਿਚ ਪਕਾਈ ਹੋਈ ਮਿੱਟੀ ਦੀ ਤੌੜੀ ਵਿਚ ਸਾਰਾ ਸਾਰਾ ਦਿਨ ਸਾਗ ਰਿੱਝਦਾ ਰਹਿੰਦਾ ਸੀ। ਖੇਤ 'ਚੋਂ ਸਰੋਂ ਤੋੜਨ, ਧੋਣ, ਪੱਤੇ ਛਾਂਗਣ, ਗੰਦਲਾਂ ਛਿਲਣ, ਚੀਰਨ, ਰਿੰਨ੍ਹਣ, ਘੋਟਣ, ਅੱਲਣ ਪਾਉਣ ਉਪਰੰਤ ਗੜ੍ਹਕਾ ਲਗਾਉਣ ਅਤੇ ਤੜਕਾ ਲਗੇ ਸਾਗ ਨੂੰ ਪਰੋਸਣ ਯੋਗ ਕਰਨ ਲਈ ਸਵਾਣੀਆਂ, ਮਾਵਾਂ-ਧੀਆਂ-ਭੈਣਾਂ ਦਾ ਸਾਰਾ ਦਿਨ ਹੀ ਖਪ ਜਾਂਦਾ ਸੀ। ਜੇ ਮੱਕੀ ਦੀ ਰੋਟੀ ਪਕਾਉਣ ਲਈ ਗੁਰ ਚਾਹੀਦੈ ਤਾਂ ਸਾਗ ਘੋਟਣ ਲਈ ਜਾਨ ਚਾਹੀਦੀ ਐ। ਸਾਗ ਘੋਟਣਾ ਕੋਈ ਝੋਨਾ ਲਾਉਣ ਲਈ ਕੱਦੂ ਕਰਨ ਤੋਂ ਘਟ ਨਹੀਂ। ਤਾਜ਼ੇ ਮੱਖਣ ਦਾ ਭੇਲਾ ਪਾ ਸਾਗ ਖਾਣ ਦਾ ਸਵਰਗੀ ਹੁਲਾਰਾ ਹੁੰਦੈ! 'ਤੇ ਨਾਲ ਚਾਟੀ ਦੀ ਲੱਸੀ, ਸੋਨੇ 'ਤੇ ਸੁਹਾਗਾ!'

ਸਾਗ ਸਰ੍ਹੋਂ, ਬਾਥੂ, ਮੇਥੇ, ਪਾਲਕ ਆਦਿ ਮਿਲਾ ਕੇ ਬਣਦੈ। ਕਹਿੰਦੇ ਹਨ 'ਸਰ੍ਹੋਂ ਦਾ ਸਾਗ, ਬਣਾਵੇ ਭਾਗ/ਸਾਗ ਮੱਥੇ ਦੇ ਭਾਗ'! ਇਹ ਵੀ ਕਿਹਾ ਜਾਂਦੈ ਕਿ 'ਸਾਗ ਬੁੜ੍ਹੇ ਦਾ ਭਾਗ'। ਭਾਵ ਮਿਹਨਤੀ ਬਜ਼ੁਰਗ ਲਈ ਸਾਗ ਅੱਛੀ ਖੁਰਾਕ ਹੈ ਜੋ ਭਾਗਾਂ ਨਾਲ ਮਿਲਦੀ ਹੈ। ਖਾਣ ਨਾਲ ਬੁੜ੍ਹੇ ਦਾ ਪਾਲਾ ਉਤਰ ਜਾਂਦੈ। ਵੈਸੇ ਵੀ ਘੋਟ ਘੋਟ ਕੇ ਮਲਾਈ ਵਰਗਾ ਕੀਤਾ ਸਾਗ ਬਜ਼ੁਰਗਾਂ ਲਈ ਖਾਣ ਨੂੰ ਵੀ ਸੌਖੈ। ਉਂਜ ਹੁੰਦਾ ਭਾਰਾ, ਵਡੇਰੀ ਉਮਰੇ ਜ਼ਰਾ ਸੰਭਲ ਕੇ ਖਾਣਾ ਬਣਦੈ।

ਪਰ ਇਹ ਵੀ ਅਖਾਣ ਹੈ ਕਿ 'ਮਾੜਿਆ ਤੇਰੇ ਮਾੜੇ ਭਾਗ, ਜਿਧਰ ਜਾਵੇਂ ਓਧਰ ਈ ਸਾਗ'। ਇਸ ਤੋਂ ਸਾਨੂੰ ਆਪਣੇ ਬਚਪਨ/ਲੜਕਪਨ ਦੇ ਉਹ ਦਿਨ ਚੇਤੇ ਆ ਗਏ ਜਦ ਹਫਤਾ ਹਫਤਾ ਭਰ ਸਾਗ ਦੀ ਤੌੜੀ ਚੁੱਲ੍ਹੇ ਉਪਰ ਚੜ੍ਹੀ ਹੀ ਰਹਿੰਦੀ ਸੀ ਅਤੇ ਅਸੀਂ ਆਪਣੀ ਮਾਂ ਅਗੇ ਤਰਲੇ-ਮਿੰਨਤਾਂ ਕਰਿਆ ਕਰਦੇ ਸੀ ਕਿ 'ਬੀਬੀ, ਹੁਣ ਤਾਂ ਅੰਦਰੋਂ ਜੋ ਵੀ ਬਾਹਰ ਨਿਕਲਦੈ ਸਭ ਹਰਾ ਹਰਾ ਹੀ ਹੁੰਦੈ। ਇਸ ਤੋਂ ਪਹਿਲਾਂ ਕਿ 'ਸਾਵਨ ਦੇ ਅੰਧੇ ਨੂੰ ਹਰਾ ਹੀ ਦਿਸਦਾ' ਵਾਲੀ ਨੌਬਤ ਆ ਜਾਏ, ਸਾਡਾ ਸਾਗ ਤੋਂ ਖਹਿੜਾ ਛੁਡਾਉ। ਭਾਵੇਂ ਮਸਰਾਂ ਦੀ ਦਾਲ ਹੀ ਧਰ ਦਿਉ'! (ਉਨ੍ਹੀ ਦਿਨੀਂ ਮਸਰਾਂ ਦੀ ਦਾਲ ਬਿਮਾਰਾਂ ਦਾਂ ਖਾਜਾ ਸਮਝੀ ਜਾਂਦੀ ਸੀ, ਅੱਜਕਲ੍ਹ ਵਾਂਗ ਇਹ 'ਵੀ. ਆਈ.ਪੀ.' ਦੇ ਰੁਤਬੇ ਵਾਲੀ ਦਾਲ ਨਹੀਂ ਸੀ ਹੁੰਦੀ, ਜਿਸ ਵਾਰੇ ਕਿਹਾ ਜਾਂਦੈ 'ਇਹ ਮੂੰਹ ਤੇ ਮਸਰਾਂ ਦੀ ਦਾਲ'!

ਪ੍ਰੋ. ਕਿਰਪਾਲ ਕਜ਼ਾਕ ਦੇ 'ਪੰਜਾਬੀ ਸੱਭਿਆਚਾਰ ਸ਼ਬਦਕੋਸ਼' ਅਨੁਸਾਰ 'ਸਾਗ (ਨ.ਪੁ.) ਸਰ੍ਹੋਂ, ਪਾਲਕ, ਚਿਲਾਈ ਆਦਿ ਪੱਤਰਾਂ ਦੀ ਰਿੰਨ੍ਹੀ ਸਬਜ਼ੀ' ਨੂੰ ਕਹਿੰਦੇ ਹਨ। ਭਾਈ ਕਾਹਨ ਸਿੰਘ ਨਾਭਾ ਦੇ ਮਹਾਨ ਕੋਸ਼ ਅਨੁਸਾਰ ਸਾਗ ਸੰਸਕ੍ਰਿਤ ਮੂਲ ਦੇ 'ਸ਼ਾਕ' ਸ਼ਬਦ ਤੋਂ ਉਤਪੰਨ ਹੋਇਆ ਜੋ ਸੰਗਯਾ ਹੈ ਤੇ ਜਿਸ ਦਾ ਅਰਥ ਹੈ ਸਬਜ਼ੀ, ਨਬਾਤ 2. ਸਰ੍ਹੋਂ. ਪਾਲਕ ਆਦਿ ਦੀ ਭਾਜੀ ('ਸਬਜ਼ ਭਾਜੀ ਤੇ ਸੁਕੀ ਮੜ, ਵਾਹ ਸ਼ਾਦੀ ਦਾ ਖਾਣਾ')। 'ਨਬਾਤ' ਅਰਬੀ ਦਾ ਸ਼ਬਦ ਹੈ ਜਿਸ ਦਾ ਅਰਥ ਹੈ ਵਨਸਪਤਿ. ਸਾਗ. ਤਰਕਾਰੀ। 'ਸਾਕ' ਸ਼ਬਦ ਦਾਂ ਅਰਥ



**ਸਾਗ ਧਰਨ ਤੋਂ ਪਹਿਲਾਂ ਘਰ ਦੇ ਛੋਟੇ-ਵੱਡੇ ਮੈਂਬਰ ਸਰ੍ਹੋਂ ਦੇ ਪੱਤਿਆਂ ਅਤੇ ਗੰਦਲਾਂ ਨੂੰ ਛਿਲਣ ਅਤੇ ਚੀਰਨ ਵਿਚ ਮਗਨ**



Sri Satguru Jagjit Singh Ji eLibrary NamdhariElibrary@gmail.com

ਵੀ ਇਹੀ ਹੈ, ਭਾਵੇਂ ਇਸ ਦੇ ਹੋਰ ਵੀ ਅਰਥ ਹਨ। ਹੋਰ ਸਰੋਤਾਂ ਅਨੁਸਾਰ ਸਾਗ ਪੱਤਿਆਂ ਤੋਂ ਬਣਨ ਵਾਲਾ ਇਕ ਦੱਖਣ ਏਸ਼ੀਆਈ ਪਕਵਾਨ ਹੈ ਜਿਸ ਨੂੰ ਮੱਕੀ ਦੀ ਰੋਟੀ (ਨਾਨ, ਚਾਵਲ) ਨਾਲ ਖਾਧਾ ਜਾਂਦੈ। ਇਹ ਸਿਆਲ ਦਾ ਤੋਹਫਾ ਹੈ, ਪੰਜਾਬੀਆਂ ਲਈ ਨਿਆਮਤ ਅਤੇ ਸਟੇਪਲ ਪੱਤੇਦਾਰ ਸਬਜ਼ੀ/ਖਾਣਾ ਹੈ।

ਸਰ੍ਹੋਂ ਨੂੰ ਸਰਸੋਂ, ਸਰਸਉ, ਸੁਰਸਪ, ਸਰਸ਼ਫ (ਫਾਰਸੀ) ਸ਼ਬਦਾਂ ਨਾਲ ਬਿਆਨਿਆਂ ਗਿਆ ਹੈ ('ਕਾਚੀ ਸਰਸਉ ਪੇਲਿਕੈ'-ਸ.ਕਬੀਰ)। ਗੰਦਲ ਦਾ ਅਰਥ ਸੰਗਯਾ ਦੇ ਤੌਰ 'ਤੇ ਗੋਭ, ਲਗਰ ਕੀਤਾ ਗਿਆ ਹੈ-'ਫਰੀਦਾ ਏ ਵਿਸੁ ਗੰਦਲਾ/ਧਰੀਆਂ ਖੰਡਿ ਲਿਵਾੜਿ' (ਸ.ਫਰੀਦ)। ਕਮਸਿਨ, ਮੁਲਾਇਮ ਕੱਚੀ ਕਲੀ ਨੂੰ ਗੰਦਲ ਵਰਗੀ ਕੁੜੀ ਕਹਿ ਕੇ ਸਰਾਹਿਆ ਜਾਂਦਾ ਹੈ। ਸੋਹਣੀ-ਸੁਨੱਖੀ ਨੂੰ 'ਸਰ੍ਹੋਂ ਦੇ ਫੁੱਲ ਵਰਗੀ' ਆਖ ਕੇ ਉਸ ਦੇ ਸੁਹੱਪਣ ਦੀ ਪ੍ਰਸੰਸਾ ਕੀਤੀ ਜਾਂਦੀ ਹੈ ('ਵਾਜਾਂ ਮਾਰਦੀ ਸਰ੍ਹੋਂ ਦੇ ਫੁੱਲ ਵਰਗੀ,/ਰੋਟੀ ਖਾ ਜਾ ਢੱਕਣਾ ਜਿਹਾ)।

ਸਾਗ ਵਿਚ ਕੈਲੋਰੀ, ਫੈਟਸ, ਪੋਟਾਸ਼ੀਅਮ, ਕਾਰਬੋਹਾਈਡਰੇਟ, ਫਾਈਬਰ, ਆਇਰਨ, ਮੈਗਨੀਸ਼ੀਅਮ, ਕੈਲਸ਼ੀਅਮ, ਭਾਂਤ ਭਾਂਤ ਦੇ ਵਿਟਾਮਿਨ ਅਤੇ ਪ੍ਰੋਟੀਨ ਵਰਗੇ ਤੱਤ ਭਰਪੂਰ ਮਾਤਰਾ ਵਿਚ ਮੌਜੂਦ ਹੁੰਦੇ ਹਨ। ਸਾਡਾ ਇਕ ਡਾਕਟਰ ਦੋਸਤ ਦਸਦੈ ਕਿ ਸਾਗ ਖਾਣ ਨਾਲ ਪੇਟ ਸਾਫ ਰਹਿੰਦੈ ਪਰ ਇਸ ਦਾ ਵਧੇਰੇ ਸੇਵਨ ਯੂਰਿਕ ਏਸਿਡ ਅਤੇ ਜਲਨ ਵਧਾਉਂਦੈ। ਸਾਗ ਵਿਚ ਅੱਲਣ ਪਾਏ ਜਾਣ ਦੇ ਵੀ ਕਈ ਕਾਰਨ ਹਨ। ਬਜ਼ੁਰਗ ਔਰਤਾਂ ਅਤੇ ਹੋਰ ਸਿਆਣੇ ਲੋਕ ਦਸਦੇ ਹਨ ਕਿ ਮੱਕੀ ਦੇ ਆਟੇ ਦਾ ਅੱਲਣ ਪਾਉਣ ਨਾਲ ਜਿਥੇ ਸਾਗ ਦੀ ਇਕਸਾਰਤਾ ਬਣਦੀ ਹੈ, ਉਥੇ ਇਹ ਹੋਰ ਸੁਆਦਲਾ ਹੋ ਜਾਂਦੈ। ਅੱਲਣ ਹਰੇ ਪੱਤਿਆਂ ਵਿਚੋਂ ਕਲੋਰੋਫਿਲ ਦਾ ਟੇਸਟ ਆਪਣੇ ਅੰਦਰ ਸਮੋ ਲੈਂਦੈ। ਅੱਲਣ ਸਾਗ ਵਿਚਲਾ ਪਾਣੀ ਸੁਕਾਉਣ ਅਤੇ ਇਸ ਨੂੰ ਮੁਲਾਇਮ ਬਨਾਉਣ ਲਈ ਵੀ ਪਾਇਆ ਜਾਂਦੈ। ਸਾਗ ਸੰਘਣਾ ਕਰਨ,ਇਸ ਵਿਚਲੀ ਕੌੜ ਮੁਕਾਉਣ, ਮਲਾਈਦਾਰ ਕਰਨ, ਪਾਣੀ ਸੋਕਣ, ਪਾਲਕ ਦੇ ਖਾਰੇਪਨ ਨੂੰ ਮਿਠਾਸ ਦੇ ਕੇ ਸੁਆਦਲਾ ਕਰਨ,ਗਾਹੜਾ ਅਤੇ ਮਿਠਾਸ ਵਧਾਉਣ ਲਈ ਅੱਲਣ ਪਾਇਆ ਜਾਂਦੈ।

ਅੱਲ੍ਹਣ ਮੱਕੀ ਜਾਂ ਬਾਜਰੇ ਦੇ ਆਟੇ ਜਾਂ ਵੇਸਣ ਦਾ ਹੀ ਪਾਉਣਾ ਚਾਹੀਦਾ ਹੈ, ਕਣਕ ਦੇ ਆਟੇ ਦਾ ਨਹੀਂ। ਕਣਕ ਦੇ ਆਟੇ ਨਾਲ ਸਾਗ ਜੁੜ ਜਾਂਦੈ। ਅੱਲਣ ਮਿਕਸ ਕਰਨ ਲਈ ਵੀ ਲੱਕੜ ਦੀ ਬਣੀ ਵਿਸ਼ੇਸ਼ ਕੜਛੀ/ਡੋਈ ਵਰਤੀ ਜਾਂਦੀ ਹੈ। ਫਿਰ ਸੇਕ ਤੇ ਰਖ ਕੇ ਗੜ੍ਹਕਾ ਲਗਾਇਆ ਜਾਂਦੈ ਭਾਵ ਪਾਏ ਗਏ ਅੱਲਣ ਨੂੰ ਪਕਾਇਆ ਜਾਂਦੈ। ਸਾਗ ਤੋੜਨਾ ਤੇ ਚੀਰਨਾ ਇਕ ਕਲਾ ਹੈ। ਚੀਰਨ ਲਈ ਤਾਂ ਇਕ ਵਿਸ਼ੇਸ਼ ਦਾਤਰ ਵਰਤਿਆ ਜਾਂਦੈ ਜਿਸ ਦਾ ਮੁੱਠਾ ਪੈਰਾਂ ਹੇਠ ਦਬ ਕੇ ਮਹੀਨ ਮਹੀਨ ਚੀਰਾਈ ਕੀਤੀ ਜਾਂਦੀ ਹੈ।

ਰਾਇ ਸਰ੍ਹੋਂ ਦਾ ਸਾਗ ਜ਼ਿਆਦਾ ਸੁਆਦਲਾ ਅਤੇ ਗੁਣਕਾਰੀ ਸਮਝਿਆ ਜਾਂਦੈ। ਕਈ ਗੋਭੀ ਸਰ੍ਹੋਂ ਵੀ ਪਸੰਦ ਕਰਦੇ ਹਨ ਪਰ ਇਸ ਦੀ ਤਾਸੀਰ ਬਾਏ ਹੁੰਦੀ ਹੈ। ਸਾਗ ਵਿਚ ਲਸਣ, ਅਦਰਕ, ਹਰੀਆਂ ਮਿਰਚਾਂ ਅਤੇ ਨਮਕ/ਲੂਣ ਸੁਆਦ ਅਨੁਸਾਰ ਪਾਏ ਜਾਂਦੇ ਹਨ। ਮਾਡਰਨ ਸਮਿਆਂ ਵਿਚ ਹੁਣ ਬਰੌਕਲੀ, ਪਨੀਰ ਅਤੇ ਮੀਟ ਆਦਿ ਪਾ ਕੇ ਵੀ ਸਾਗ ਬਣਇਆ ਜਾਂਦਾ ਹੈ। ਪਾਲਕ ਪਨੀਰ ਅਤੇ ਪਾਲਕ ਮੀਟ ਵੀ ਬਹੁਤ ਪ੍ਰਚਲਤ ਹਨ। ਤੌੜੀਆਂ ਤਾਂ ਲੋਪ ਹੁੰਦੀਆਂ ਜਾ ਰਹੀਆਂ ਹਨ ਅਤੇ ਪ੍ਰੈਸ਼ਰ ਕੁੱਕਰਾਂ ਦੀ ਸਰਦਾਰੀ ਹੈ। ਕਈ ਜਣੀਆਂ ਤੌੜੀ ਦਾ ਝੱਸ ਪੂਰਾ ਕਰਨ ਲਈ ਹਿੰਡੋਲੀਯਮ ਦੇ ਮੋਟੇ ਥੱਲੇ ਵਾਲੇ ਪਤੀਲੇ ਦੀ ਵਰਤੋਂ ਵੀ ਕਰਦੀਆਂ ਹਨ।

ਭਾਵੇਂ ਗੈਰ ਪੰਜਾਬੀ ਵੀ ਸਾਗ ਦਾ ਆਨੰਦ ਲੈਂਦੇ ਹਨ ਪਰ ਸਾਗ ਅਤੇ ਮੱਕੀ ਦੀ ਰੋਟੀ ਪੰਜਾਬੀਆਂ ਨਾਲ ਹੀ ਜੁੜੀ ਹੋਈ ਹੈ। ਬੇਸ਼ਕ ਪੀਜ਼ਿਆਂ-ਪਾਸਤਿਆਂ-ਬਰਗਰਾਂ ਨੂੰ ਪ੍ਰਣਾਈ ਜੰਕ ਫੂਡ ਦੀ ਪੱਟੀ ਮਾਡਰਨ ਪੀੜ੍ਹੀ ਵਿਚ ਬਹੁਤਿਆਂ ਨੂੰ ਪੱਤੇਦਾਰ ਸਰ੍ਹੋਂ ਦਾ ਸਾਗ ਪੱਠਾਨੁਮਾ ਖਾਧ ਪਦਾਰਥ ਲਗਦੈ ਪਰ ਅਜੇ ਵੀ ਇਸ ਪੀੜ੍ਹੀ ਵਿਚ ਕੁਝ ਕੁ ਹਨ ਜੋ ਸਾਗ ਪਸੰਦ ਕਰਦੇ ਹਨ। ਸਾਡੀ ਉਮਰ ਵਾਲਿਆਂ ਲਈ ਤਾਂ ਸਰ੍ਹੋਂ ਦਾ ਸਾਗ ਬਹਿਸ਼ਤੀ ਖੁਰਾਕ ਹੈ! ਦਰਅਸਲ ਸਾਗ ਪੰਜਾਬੀਆਂ ਦੇ ਫੋਕਲੋਰ ਅਤੇ ਸਾਈਕੀ ਵਿਚ ਰਚਿਆ ਮਿਚਿਆ ਹੈ।ਪੰਜਾਬੀ ਲੋਕਧਾਰਾ ਵਿਚ ਦੋ ਬੋਲੀਆਂ ਬਹੁਤ ਹੀ ਪ੍ਰਚੱਲਤ ਹਨ-

"ਹੱਥ ਸੋਚ ਕੇ ਗੰਦਲ ਨੂੰ ਪਾਂਵੀ,/ਨੀ ਕਿਹੜੀ ਏਂ ਤੂੰ ਸਾਗ ਤੋੜਦੀ?" ਅਤੇ "ਕਾਹਨੂੰ ਮਾਰਦੈ ਜੱਟਾ ਲਲਕਾਰੇ,/ਕਿਹੜਾ ਤੇਰਾ ਸਾਗ ਤੋੜਿਆ"। ਦੋਨਾਂ ਵਿਚ ਸਾਗ ਦੀ ਮਹਿਮਾਂ ਦਾ ਵਰਨਣ ਹੈ। ਜਾਣੀ ਸਾਗ (ਸਰ੍ਹੋਂ) ਐਸੀ ਦਿਲਕਛ ਸੌਗਾਤ ਹੈ ਕਿ ਬਦੋਬਦੀ ਕਿਸੇ ਸੁਆਣੀ/ਮੁਟਿਆਰ ਦਾ ਹੱਥ ਇਸ ਦੀਆਂ ਗੰਦਲਾਂ ਤੋੜਨ ਲਈ ਅਹੁਲਦੈ। ਅਤੇ ਇਹ ਇਸ ਕਦਰ ਕੀਮਤੀ ਸ਼ੈਅ ਵੀ ਹੈ ਕਿ ਇਸ ਦਾ ਮਾਲਕ ਇਸ ਦੇ ਤੋੜੇ ਜਾਣ 'ਤੇ ਲਲਕਾਰੇ ਮਾਰ ਸਕਦੈ ਅਤੇ ਤੋੜਨ ਵਾਲੀ ਨੂੰ ਚਿਤਾਵਨੀ ਦੇ ਸਕਦੈ ਕਿ ਉਹ ਗੰਦਲ ਨੂੰ ਹੱਥ ਪਾਉਣ ਤੋਂ ਪਹਿਲਾਂ ਆਪਣਾ ਪੜ੍ਹਿਆ ਵਿਚਾਰ ਲਵੇ। ਭਾਵੇ ਇਨ੍ਹਾਂ ਬੋਲੀਆ ਵਿਚ ਦੋ ਵੱਖ ਵੱਖ ਪ੍ਰਸਥਿੱਤੀਆਂ ਦਾ ਵਰਨਣ ਹੈ ਪਰ ਦੋਨਾਂ ਸੂਰਤਾਂ ਵਿਚ ਸਾਗ/ਸਰ੍ਹੋਂ ਸਾਂਝੀ ਸੌਗਾਤ ਹੈ। ਪਰ 'ਨੀ ਕਿਹੜੀ ਏਂ ਤੂੰ ਸਾਗ ਤੋੜਦੀ' ਦੇ ਦਾਬੇ ਜਿਹੇ ਵਾਲੇ ਸਵਾਲ ਦਾ ਓਸੇ ਤੋੜ 'ਚ ਜਵਾਬ ਦੇਣ ਵਾਲੀ ਬੋਲੀ/ਸੁਆਣੀ ਵੀ ਹੁਣ ਤਿਆਰ ਬਰ ਤਿਆਰ ਹੈ-

"ਸਾਗ ਤੋੜਦੀ ਮੁਰੱਬਿਆਂ ਵਾਲੀ,
ਵੇ ਕਿਹੜਾ ਏਂ ਤੂੰ ਵਾਜਾਂ ਮਾਰਦਾ"?

ਅੰਤਿਕਾ: ਇਹ ਚੁਟਕਲਾ ਨਹੀਂ,ਬਿਲਕੁਲ ਸੱਚ ਹੈ। ਗੱਲ 1970-71 ਦੀ ਹੈ। ਸਾਡੇ ਪਿੰਡ ਇਕ ਅੰਗਰੇਜ਼ ਰਹਿੰਦਾ ਸੀ ਜੇਮਜ਼ ਪਾਲ ਠਿਬਿਡੋ। ਉਸ ਦਾ ਇਕ ਦੋਸਤ ਬੌਬ ਉਸ ਨੂੰ ਮਿਲਣ ਆਇਆ। ਸਾਡੇ ਘਰ ਖਾਣਾ ਸੀ। ਸਾਗ ਦੇ ਦਿਨ ਸਨ।ਮੱਖਣ ਪਾ ਕੇ ਮਾਂ ਨੇ ਸਾਗ ਤੇ ਮੱਕੀ ਦੀ ਰੋਟੀ ਦੋਵਾਂ ਅਗੇ ਬੜੀ ਰੀਝ ਨਾਲ ਪਰੋਸੀ। ਜੇਮਜ਼ ਤਾਂ ਸੁਆਦ ਨਾਲ ਖਾ ਗਿਆ ਪਰ ਬੌਬ ਨੇ ਰੋਟੀ ਉਪਰੋਂ ਸਾਗ ਅਤੇ ਮੱਖਣ ਤਾਂ ਖਾ ਲਿਆ ਪਰ ਰੋਟੀ ਨੂੰ ਮੂੰਹ ਨਹੀਂ ਲਾਇਆ। ਸ਼ਾਇਦ ਮੋਟੀ ਮੱਕੀ ਦੀ ਰੋਟੀ ਨੂੰ 'ਪਲੇਟ' ਸਮਝਦਾ ਹੋਵੇ!

••

# ਪੰਜਾਬੀ ਸਿਨੇਮਾ ਦਾ ਉੱਭਰਦਾ ਹੀਰੋ ਨਾਨਕ ਸਿੰਘ



ਨਾਨਕ ਸਿੰਘ ਸਾਡੀ ਪੰਜਾਬੀ ਸਿਨਮੇ ਦੀ ਅਦਾਕਾਰਾ ਉਪਾਸਨਾ ਸਿੰਘ ਦਾ ਬੇਟਾ ਹੈ। ਕੁਝ ਮਹੀਨੇ ਪਹਿਲਾਂ ਉਹ 'ਬਾਈ ਜੀ ਕੁੱਟਣਗੇ' ਵਿਚ ਪਹਿਲੀ ਵਾਰ ਪਰਦੇ 'ਤੇ ਆਇਆ ਸੀ ਅਤੇ ਆਪਣੇ ਛੋਟੇ ਜਿਹੇ ਰੋਲ ਵਿਚ ਉਸ ਨੇ ਕਾਫੀ ਪ੍ਰਭਾਵਤ ਕੀਤਾ ਸੀ। ਹੁਣ ਉਹ ਉਪਾਸਨਾ ਸਿੰਘ ਵੱਲੋਂ ਡਾਇਰੈਕਟ ਕੀਤੀ ਰੋਮਾਂਟਿਕ ਕਾਮੇਡੀ 'ਯਾਰਾਂ ਦੀਆਂ ਪੌਂ ਬਾਰਾਂ' ਵਿਚ ਪੂਰੇ-ਪਰਪੱਕ ਹੀਰੋ ਵਜੋਂ ਪੰਜਾਬੀ ਸਿਨਮੇ ਵਿਚ ਐਂਟਰੀ ਲੈ ਰਿਹਾ ਹੈ। ਫਿਲਮ ਤਿਆਰ ਹੈ ਅਤੇ ਇਸ ਦੇ ਅਗਲੇ ਸਾਲ ਫਰਵਰੀ-ਮਾਰਚ ਵਿਚ ਰਿਲੀਜ਼ ਹੋਣ ਦੀ ਸੰਭਾਵਨਾ ਹੈ। ਪੰਜਾਬੀ ਸਿਨਮੇ ਵਿਚ ਦਾਖਲ ਹੋਣ ਵਾਲੇ ਇਸ ਹੋਣਹਾਰ ਹੀਰੋ ਨੂੰ ਬਹੁਤ ਬਹੁਤ ਵਧਾਈ ਅਤੇ ਉੱਜਲ ਭਵਿੱਖ ਲਈ ਸ਼ੁਭ ਕਾਮਨਾਵਾਂ!

**-ਇਕਬਾਲ ਸਿੰਘ ਚਾਨਾ**

## ਲਾਭਕਾਰੀ ਹੈ ਹਰੀ ਚਾਹ

ਨਵੀਆਂ ਖੋਜਾਂ ਤੋਂ ਪਤਾ ਲੱਗਿਆ ਹੈ ਕਿ ਹਰੀ ਚਾਹ ਦੀ ਵਰਤੋਂ ਚਮੜੀ ਦੇ ਕੈਂਸਰ ਨੂੰ ਰੋਕਦੀ ਹੈ। ਹਰੀ ਚਾਹ ਵਿੱਚ ਇਸ ਤਰ੍ਹਾਂ ਦੇ ਐਂਟੀਆਕਸੀਡੈਂਟ ਪਾਏ ਜਾਂਦੇ ਹਨ। ਜਿਵੇਂ ਪੋਲੀਫਿਨੋਲਸ ਜੋ ਟਿਊਮਰ ਸੈੱਲ ਨੂੰ ਪੈਦਾ ਨਹੀ ਹੋਣ ਦਿੰਦੇ। ਇੱਕ ਖੋਜ ਅਨੁਸਾਰ ਦਿਨ ਵਿੱਚ ਦੋ ਜਾਂ ਤਿੰਨ ਕੱਪ ਹਰੀ ਚਾਹ ਦੀ ਵਰਤੋਂ ਕਰਨੀ ਕੈਂਸਰ ਤੋਂ ਬਚਾਅ ਲਈ ਚੰਗੀ ਹੈ ਪਰ ਇਸ ਇਹ ਸਿਰਫ ਬਚਾਅ ਦਾ ਮਾਧਿਅਮ ਹੈ, ਸਕਿਨ ਕੈਂਸਰ ਦਾ ਇਲਾਜ ਨਹੀਂ।

**-ਸੋਨੀ ਮਲਹੋਤਰਾ**



Sri Satguru Jagjit Singh Ji eLibrary NamdhariElibrary@gmail.com



# ਅਮਰੀਕਾ ਵੱਸਦੀ ਪੰਜਾਬੀ ਕਹਾਣੀਕਾਰ ਪਰਵੇਜ਼ ਸੰਧੂ ਦਾ ਪੰਜਾਬੀ ਲੋਕ ਵਿਰਾਸਤ ਅਕਾਡਮੀ ਵੱਲੋਂ ਸਨਮਾਨ

## ਪਰਵੇਜ਼ ਸੰਧੂ ਨੇ ਚੌਥੀ ਪੰਜਵੀਂ ਜਮਾਤ ਵਿੱਚ ਦਾਦਾ ਜੀ ਦੀ ਰੀਸ ਕਰਦਿਆਂ ਡਾਇਰੀ ਲਿਖਣੀ ਆਰੰਭੀ

ਲੁਧਿਆਣਾ – ਅਮਰੀਕਾ ਦੇ ਵਾਸ਼ਿੰਗਟਨ ਸੂਬੇ ’ਚ ਵੱਸਦੀ ਪੰਜਾਬੀ ਕਹਾਣੀਕਾਰ ਪਰਵੇਜ਼ ਸੰਧੂ ਦੀ ਪੰਜਾਬ ਫੇਰੀ ਤੇ ਲੁਧਿਆਣਾ ਵਿਖੇ ਸ਼ਹੀਦ ਭਗਤ ਸਿੰਘ ਨਗਰ ਵਿਖੇ ਪੰਜਾਬੀ ਲੋਕ ਵਿਰਾਸਤ ਅਕਾਡਮੀ ਵੱਲੋਂ ਪੰਜਾਬੀ ਪੁਸਤਕਾਂ ਦਾ ਸੈੱਟ ਦੇ ਕੇ ਸਨਮਾਨਿਤ ਕੀਤਾ ਗਿਆ।

ਪਰਵੇਜ਼ ਸੰਧੂ ਨੇ ਇਸ ਮੌਕੇ ਆਪਣੀ ਕਹਾਣੀ ਸਿਰਜਣ ਪ੍ਰਕ੍ਰਿਆ ਬਾਰੇ ਦੱਸਦਿਆਂ ਕਿਹਾ ਕਿ ਆਪਣੇ ਦਾਦਾ ਜੀ ਦੀਆਂ ਸਿਰਜਣਾਤਮਕ ਬਿਰਤੀਆਂ ਕਾਰਨ ਉਹ ਬਚਪਨ ਵਿੱਚ ਹੀ ਚੰਗਾ ਸਾਹਿੱਤ ਅੰਗਰੇਜ਼ੀ ਪੰਜਾਬੀ ਤੇ ਹਿੰਦੀ ਵਿੱਚ ਪੜ੍ਹਨ ਲੱਗ ਪਈ ਸੀ। ਚੌਥੀ ਪੰਜਵੀਂ ਜਮਾਤ ਵਿੱਚ ਉਸ ਦਾਦਾ ਜੀ ਦੀ ਰੀਸ ਕਰਦਿਆਂ ਡਾਇਰੀ ਲਿਖਣੀ ਆਰੰਭੀ ਪਰ ਉਸ ਵਿੱਚ ਉਹ ਹੋਰਨਾਂ ਦੀਆਂ ਲਿਖੀਆਂ ਮਨਪਸੰਦ ਰਚਨਾਵਾਂ ਨੂੰ ਹੀ ਲਿਖਦੀ। ਹੌਲੀ ਉਹ ਪਿੰਡ ਵਿੱਚੋਂ ਸੁਣੀਆਂ ਸੁਣਾਈਆਂ ਗੱਲਾਂ ਲਿਖਣ ਲੱਗ ਪਈ ਤੇ ਬਾਰਾਂ ਸਾਲ ਦੀ ਉਮਰ ਵਿੱਚ ਉਸ ਪਹਿਲੀ ਕਹਾਣੀ ਵਹੁਟੀ ਲਿਖੀ ਜੋ ਜਲੰਧਰ ਤੋਂ ਛਪਦੇ ਇੱਕ ਅਖ਼ਬਾਰ ਨੇ ਛਾਪੀ।

ਪੰਜਾਬੀ ਲੋਕ ਵਿਰਾਸਤ ਅਕਾਡਮੀ ਦੇ ਚੇਅਰਮੈਨ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਪਰਵੇਜ਼ ਸੰਧੂ ਦੀ ਜਾਣ ਪਛਾਣ ਕਰਵਾਉਂਦਿਆਂ ਦੱਸਿਆ ਕਿ ਉਸ ਦੀਆਂ ਚਾਰ ਕਹਾਣੀ ਪੁਸਤਕਾਂ ਮੁੱਠੀ ਭਰ ਸੁਪਨੇ, ਟਾਹਣੀਉਂ ਟੁੱਟੇ, ਕੌੜ ਬਲੂ ਅਤੇ ਬਲੌਰੀ ਅੱਖ ਵਾਲਾ ਮੁੰਡਾ ਛਪ ਚੁਕੀਆਂ ਹਨ ਅਤੇ ਇੱਕ ਕਥਾ ਮੂਲਕ ਵਾਰਤਕ ਸੰਗ੍ਰਹਿ ਕੰਙਣੀ ਛਪ ਚੁਕਾ ਹੈ। ਇਨ੍ਹਾਂ ਪੰਜ ਪੁਸਤਕਾ ਨੂੰ ਪੰਜਾਬੀ ਪਿਆਰਿਆਂ ਵੱਲੋਂ ਚੰਗਾ ਹੁੰਗਾਰਾ ਮਿਲਿਆ ਹੈ। ਪੰਜਾਬੀ ਸਾਹਿੱਤ ਅਕਾਡਮੀ ਲੁਧਿਆਣਾ ਦੇ ਸਾਬਕਾ ਪ੍ਰਧਾਨ ਪ੍ਰੋ. ਰਵਿੰਦਰ ਭੱਠਲ, ਜਨਰਲ ਸਕੱਤਰ ਡਾ. ਗੁਰਇਕਬਾਲ ਸਿੰਘ ਤੇ ਮੀਤ ਪ੍ਰਧਾਨ ਤੇ ਪੰਜਾਬੀ ਕਵੀ ਤ੍ਰੈਲੋਚਨ ਲੋਚੀ ਵੀ ਇਸ ਮੌਕੇ ਹਾਜ਼ਰ ਸਨ।

---

## ਦਰਦ

ਜਿਨ੍ਹਾਂ ਰਾਹਾਂ ’ਤੇ ਕਦੇ ਤੇਰੇ ਹੋਣ ਦਾ ਅਹਿਸਾਸ ਸੀ ਸੱਜਣਾ
ਅੱਜ ਉਨ੍ਹਾਂ ’ਤੇ ਆਪਣੇ ਆਪ ਨੂੰ ਬੇਗਾਨਾ ਪਾਇਆ ਮੈਂ
ਜਿਹੜੇ ਦਰਾਂ ’ਤੇ ਜਾ ਕੇ ਰੋਜ ਮੰਗਦੀ ਰਹੀ ਸੀ ਤੈਨੂੰ
ਉਨ੍ਹਾਂ ਦਰਾਂ ’ਤੇ ਜਾ ਕੇ ਰੋ ਰੋ ਦਿਲ ਦਾ ਹਾਲ ਸੁਣਾਇਆ ਮੈਂ
ਲੋਕਾ ਅੱਗੇ ਰਹਾ ਮੈਂ ਖਿੜ ਖਿੜ ਕੇ ਹੱਸਦੀ
ਕੀ ਜਾਣੇ ਕੋਈ ਕੀ ਕੀ ਆਪਣੇ ਅੰਦਰ ਲੁਕਾਇਆ ਮੈਂ

ਤੂੰ ਬੇਵਫਾਈ ਕਰਕੇ ਦੇ ਗਏ ਹੋ ਉਮਰ ਭਰ ਦੀ ਸਜਾ
ਕਦੇ ਨਾ ਕੀਤੇ ਹੋਏ ਗੁਨਾਹਾਂ ਦੇ ਦਰਦ ਨੂੰ ਪਾਇਆ ਮੈਂ
ਜਿਨ੍ਹਾਂ ਲੋਕਾਂ ਦੇ ਵਿੱਚ ਮੇਰੀ ਪਹਿਚਾਣ ਸੀ ‘ਸਿੱਧੂਆ’ ਤੇਰੇ ਕਰਕੇ
ਅੱਜ ਉਨ੍ਹਾਂ ਲੋਕਾਂ ਨੂੰ ਆਪਣਾ ਨਾਮ ਤੇ ਪਤਾ ਸਮਝਾਇਆ ਮੈਂ

**-ਅਰਸ਼ਪ੍ਰੀਤ ਸਿੱਧੂ**

ਮੋਬਾਈਲ : 94786-22509



Sri Satguru Jagjit Singh Ji eLibrary NamdhariElibrary@gmail.com

# ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਵੱਲੋਂ ਲਾਲ ਸਿੰਘ ਦਿਲ ਯਾਦਗਾਰੀ ਭਾਸ਼ਨ




ਲੁਧਿਆਣਾ - ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਵੱਲੋਂ ਨਹਿਰੂ ਮੈਮੋਰੀਅਲ ਸਰਕਾਰੀ ਕਾਲਜ, ਮਾਨਸਾ ਦੇ ਸਹਿਯੋਗ ਨਾਲ ਮਿਤੀ 18 ਨਵੰਬਰ, 2022 ਨੂੰ ਲਾਲ ਸਿੰਘ ਦਿਲ ਯਾਦਗਾਰੀ ਭਾਸ਼ਨ ਦਾ ਆਯੋਜਨ ਕਰਵਾਇਆ ਗਿਆ। ਡਾ. ਰਾਜ ਕੁਮਾਰ ਹੰਸ, ਰਿਟਾਇਰਡ ਪ੍ਰੋਫੈਸਰ ਬੜੌਦਾ ਯੂਨੀਵਰਸਿਟੀ ਇਸ ਭਾਸ਼ਨ ਦੇ ਮੁੱਖ ਵਕਤਾ ਸਨ। ਉਨ੍ਹਾਂ 'ਦਲਿਤ ਸਾਹਿਤ ਅਤੇ ਲਾਲ ਸਿੰਘ ਦਿਲ' ਬਾਰੇ ਭਾਸ਼ਨ ਦਿੰਦੇ ਹੋਏ ਆਖਿਆ ਕਿ ਲਾਲ ਸਿੰਘ ਦਿਲ ਪੰਜਾਬੀ ਸਾਹਿਤ ਦਾ ਸਰਦਾਰ ਹੈ। ਉਹ ਇਕ ਇਨਕਲਾਬੀ ਕਵੀ ਅਤੇ ਗਹਿਰੀ ਸ਼ਖ਼ਸੀਅਤ ਦਾ ਮਾਲਕ ਸੀ ਜਿਸ ਦੇ ਜੀਵਨ ਵਿਚ ਬਹੁਤ ਉਤਰਾਅ-ਚੜ੍ਹਾਅ ਆਏ, ਤੇ ਉਨ੍ਹਾਂ ਬਾਰੇ ਲਿਖਿਆ। ਉਨ੍ਹਾਂ ਆਖਿਆ ਕਿ ਦਿਲ ਅਧੂਰੇ ਸਫ਼ਰ ਦੀ ਪੂਰੀ ਦਾਸਤਾਨ ਹੈ। ਉਹ ਰਾਜਨੀਤੀ ਦਾ ਨਕਸ਼ਾ ਨਵੀਸ ਹੈ। ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਦੇ ਸਾਬਕਾ ਪ੍ਰਧਾਨ ਪ੍ਰੋ. ਰਵਿੰਦਰ ਸਿੰਘ ਭੱਠਲ ਨੇ ਸਮਾਗਮ ਦੀ ਪ੍ਰਧਾਨਗੀ ਕਰਦਿਆਂ ਹੋਇਆ ਕਿਹਾ ਕਿ ਇਕ ਕਿਰਤੀ ਤੋਂ ਨਕਸਲੀ ਕਵੀ ਤੱਕ ਦਾ ਸਫ਼ਰ ਲੋੜਾਂ-ਥੁੜਾਂ ਤੇ ਦੁਸ਼ਵਾਰੀਆਂ ਦਾ ਸਫ਼ਰ ਹੈ ਜਿਸ ਵਿਚ ਉਨ੍ਹਾਂ ਦੇ ਲੋਕਾਂ ਦੇ ਜੀਵਨ ਦਾ ਸਾਰ ਤੱਟ ਦਿੱਤਾ। ਦਿਲ ਜਿਊਣਾ ਚਾਹੁੰਦਾ ਸੀ ਪਰ ਜਾਬਰ ਸਮੇਂ ਨੇ ਉਸ ਨੂੰ ਬਹੁਤਾ ਵਕਤ ਜਿਊਣ ਨਾ ਦਿੱਤਾ। ਵਿਸ਼ੇਸ਼ ਮਹਿਮਾਨ ਡਾ. ਗੁਰਚਰਨ ਕੌਰ ਕੋਚਰ (ਸਕੱਤਰ ਸਾਹਿਤਕ ਸਰਗਰਮੀਆਂ) ਨੇ ਕਿਹਾ ਕਿ ਯਾਦਗਾਰੀ ਭਾਸ਼ਨ ਇਕ ਚੰਗਾ ਉੱਦਮ ਹੈ ਜਿਸ ਨਾਲ ਅਸੀਂ ਆਪਣੇ ਮਹਾਨ ਸਾਹਿਤਕਾਰਾਂ ਨੂੰ ਯਾਦ ਕਰਦੇ ਹਾਂ। ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਦੇ ਜਨਰਲ ਸਕੱਤਰ ਡਾ. ਗੁਰਇਕਬਾਲ ਸਿੰਘ ਹੋਰਾਂ ਦਸਿਆ ਕਿ ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਵਲੋਂ ਹਰ ਸਾਲ ਉੱਘੇ ਵਿਦਵਾਨਾਂ ਦੀ ਯਾਦ ਵਿਚ ਯਾਦਗਾਰੀ ਭਾਸ਼ਨ ਕਰਵਾਏ ਜਾਂਦੇ ਹਨ। ਇਸੇ ਲੜੀ ਅਧੀਨ ਲਾਲ ਸਿੰਘ ਦਿਲ ਯਾਦਗਾਰੀ ਭਾਸ਼ਨ ਇਸ ਸਾਲ ਮਾਨਸਾ ਵਿਖੇ ਕਰਵਾਇਆ ਗਿਆ। ਉਨ੍ਹਾਂ ਸਮਾਗਮ ਦੇ ਸਮੁੱਚੇ ਪ੍ਰਬੰਧ ਲਈ ਕਾਲਜ ਦੇ ਪ੍ਰਿੰਸੀਪਲ ਡਾ. ਲਵਲੀਨ ਅਤੇ ਸਮਾਗਮ ਵਿਚ ਪਹੁੰਚੇ ਵਿਦਵਾਨਾਂ ਅਤੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ। ਸਮਾਗਮ ਦੇ ਮੰਚ ਸੰਚਾਲਕ ਡਾ. ਕੁਲਦੀਪ ਸਿੰਘ ਦੀਪ ਨੇ ਪ੍ਰਧਾਨਗੀ ਮੰਡਲ ਬਾਰੇ ਜਾਣਕਾਰੀ ਦਿੱਤੀ ਅਤੇ ਕਿਹਾ ਕਿ ਲਾਲ ਸਿੰਘ ਦਿਲ ਅਜਿਹਾ ਕਵੀ ਹੈ ਜਿਹੜਾ ਵੱਡਾ ਹੈ ਪਰ ਉਸ ਬਾਰੇ ਗੱਲ ਘੱਟ ਹੋਈ ਹੈ। ਉਨ੍ਹਾਂ ਨੇ ਮੁੱਖ ਵਕਤਾ ਡਾ.ਰਾਜ ਕੁਮਾਰ ਹੰਸ ਬਾਰੇ ਜਾਣਕਾਰੀ ਦਿੱਤੀ। ਪ੍ਰਿੰ. ਡਾ. ਲਵਲੀਨ ਨੇ ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਵਲੋਂ ਕਾਲਜ ਵਿਚ ਯਾਦਗਾਰੀ ਭਾਸ਼ਨ ਕਰਵਾਉਣ ਲਈ ਧੰਨਵਾਦ ਕਰਦਿਆਂ ਮਹਿਮਾਨਾਂ ਤੇ ਵਿਦਿਆਰਥੀਆਂ ਨੂੰ ਜੀ ਆਇਆਂ ਕਿਹਾ। ਇਸ ਮੌਕੇ ਸ੍ਰੀ ਅਮਰਜੀਤ ਸ਼ੇਰਪੁਰੀ ਸਮੇਤ ਕਾਲਜ ਦੇ ਪ੍ਰੋਫੈਸਰ ਸਾਹਿਬਾਨ ਅਤੇ ਵਿਦਿਆਰਥੀ ਕਾਫ਼ੀ ਗਿਣਤੀ ਵਿਚ ਹਾਜ਼ਰ ਸਨ। ਭਾਸ਼ਨ ਤੋਂ ਪਹਿਲਾਂ ਕਾਲਜ ਦੀਆਂ ਵਿਦਿਆਰਥਣਾਂ ਮਨਪ੍ਰੀਤ ਕੌਰ, ਪਰਮਜੀਤ ਕੌਰ ਅਤੇ ਪੁਸ਼ਪਿੰਦਰ ਚੌਹਾਨ ਨੇ ਕਵਿਤਾ ਪਾਠ ਕੀਤਾ।

**-ਡਾ. ਗੁਰਇਕਬਾਲ ਸਿੰਘ**

# ਸੁਰੀਲੀ ਆਵਾਜ਼ ਨਾਲ ਲੋਕ ਦਿਲਾਂ ਤੇ ਰਾਜ ਕਰ ਰਿਹਾ ਗਾਇਕ ਕਿਆਦ ਸਿੰਘ

**• ਗੁਰਬਾਜ ਗਿੱਲ •**



ਅੱਜ ਪੰਜਾਬੀ ਸੰਗੀਤ ਦਾ ਬੋਲਬਾਲਾ ਪੂਰੀ ਦੁਨੀਆ ਵਿੱਚ ਗੂੰਜ ਰਿਹਾ ਹੈ, ਪੰਜਾਬੀ ਸੰਗੀਤ ਹਰ ਸ਼ਹਿਰ ਹਰ ਪਿੰਡ ਅਤੇ ਹਰ ਘਰ ਦੇ ਵਿੱਚ ਸੁਣਿਆ ਜਾ ਸਕਦਾ ਹੈ। ਪੰਜਾਬੀ ਸੰਗੀਤ ਨੇ ਬਾਲੀਵੁੱਡ ਤੋਂ ਲੈ ਕੇ ਹਾਲੀਵੁੱਡ ਤੱਕ ਦਾ ਸਫਰ ਤੈਅ ਕੀਤਾ ਹੈ ਇਹ ਪੰਜਾਬੀ ਮਿਊਜ਼ਿਕ ਦਾ ਹੀ ਕਮਾਲ ਹੈ, ਭਾਵੇਂ ਕਿਸੇ ਕਿਸੇ ਦੇਸ਼ ਵਿਚ ਅੰਗਰੇਜ਼ਾਂ ਨੂੰ ਪੰਜਾਬੀ ਸਮਝ ਨਹੀਂ ਆਉਂਦੀ ਪਰ ਪੰਜਾਬੀ ਮਿਊਜ਼ਿਕ ਦੇ ਉੱਤੇ ਅਕਸਰ ਹੀ ਗੋਰੇ ਨੱਚਦੇ ਦੇਖੇ ਜਾ ਸਕਦੇ ਹਨ ਅੱਜ ਦੇ ਸੋਸ਼ਲ ਮੀਡੀਆ ਦੇ ਯੁੱਗ ਵਿੱਚ ਸੰਗੀਤ ਹਰ ਬੰਦੇ ਦੀ ਪਹੁੰਚ ਵਿਚ ਹੈ ਕਈ ਵਾਰੀ ਦੇਖਣ ਨੂੰ ਮਿਲਦਾ ਹੈ ਕਿ ਇਸ ਸੋਸ਼ਲ ਮੀਡੀਆ ਦਾ ਸਹਾਰਾ ਲੈ ਕੇ ਉਹ ਕਲਾਕਾਰ ਵੀ ਸਾਹਮਣੇ ਆਉਂਦੇ ਹਨ। ਪ੍ਰਸਿੱਧ ਲੋਕ ਗਾਇਕ ਸੁਰਿੰਦਰਜੀਤ ਮਕਸੂਦਪੁਰੀ ਜੀ ਦਾ ਸ਼ਗਿਰਦ ਆਪਣੀ ਸੁਰੀਲੀ ਆਵਾਜ਼ ਨਾਲ ਲੋਕ ਦਿਲਾਂ ਤੇ ਰਾਜ ਕਰ ਰਿਹਾ ਗਾਇਕ ਕਿਆਦ ਸਿੰਘ ਗਾਇਕ ਕਿਆਦ ਸਿੰਘ ਦਾ ਜਨਮ 4 ਮਾਰਚ ਜ਼ਿਲ੍ਹਾ ਜਲੰਧਰ ਦੇ ਪਿੰਡ ਮੁਠੱਡਾ ਖੁਰਦ ਵਿਖੇ ਮਾਤਾ ਸ੍ਰੀਮਤੀ ਸੱਤਿਆਂ ਦੇਵੀ ਪਿਤਾ ਸ੍ਰੀ ਮੁਨਸ਼ੀ ਚਮਨ ਲਾਲ ਦੇ ਘਰ ਹੋਇਆ। ਕਿਆਦ ਇੱਕ ਭਰਾਂ ਤੇ ਦੋ ਭੈਣਾਂ ਸਭ ਤੋਂ ਛੋਟਾ ਏ। ਗਾਇਕੀ ਦਾ ਸੌਕ ਸ਼ੁਰੂ ਤੋਂ ਸਕੂਲ ਸਮੇਂ ਤੋਂ ਹੀ ਹੈ, ਪਿੰਡ ਦੇ ਸਕੂਲ ਪੜ੍ਹਦੇ ਸਮੇਂ ਗੁਰੂ ਹਰੀ ਦੇਵ ਜੀ ਗੁਰਾਇਆ ਪਾਸੋਂ ਕਲਾਸੀਕਲ ਦੀ ਸਿੱਖਿਆ ਲਈ ਉਸ ਤੋਂ ਬਾਅਦ ਡੀ.ਏ.ਵੀ. ਕਾਲਜ ਫਿਲੌਰ ਵਿਖੇ ਦਾਖਲਾ ਲੈਣ ਸਮੇਂ ਕਾਲਜ ਦੇ ਹਰ ਪ੍ਰੋਗਰਾਮਾਂ ਵਿੱਚ ਕਿਆਦ ਨੂੰ ਗਾਉਣ ਦੇ ਮੌਕੇ ਮਿਲਦੇ ਰਹਿੰਦੇ ਅਤੇ ਬਹੁਤ ਸਾਰੇ ਯੂਨੀਵਰਸਿਟੀ ਦੇ ਮੁਕਾਬਲਿਆਂ ਵਿੱਚ ਹਿੱਸਾ ਲਿਆ। ਕਾਲਜ ਲਈ ਨੰਬਰ ਲਿਆਂਦੇ, ਪ੍ਰਫੈਸਰ ਸਤਪਾਲ ਸਿੰਘ, ਪ੍ਰੋਫੈਸਰ ਐਸ. ਕੇ. ਮਿੱਡਾ, ਪ੍ਰਫੈਸਰ ਕਰਨੈਲ ਸਿੰਘ ਵਲੋਂ ਸਹਿਯੋਗ ਅਤੇ ਹੱਲਾਸੇਰੀ ਮਿਲਦੀ ਰਹੀ। ਪੜ੍ਹਾਈ ਦੌਰਾਨ ਕੁਲਦੀਪ ਕਾਦਰ ਕਵਾਲ ਨਾਲ ਮੇਲ ਹੋਇਆ ਉਸ ਤੋਂ ਉਨ੍ਹਾਂ ਨਾਲ ਦਸ ਸਾਲ ਕਵਾਲੀਆਂ ਦੇ ਪ੍ਰੋਗਰਾਮ ਕੀਤੇ। ਉਸ ਤੋਂ ਜਿਸ ਦਿਨ ਸੁਰਿੰਦਰਜੀਤ ਮਕਸੂਦਪੁਰੀ ਦਾ ਗੀਤ ਜਿਹਦੇ ਮੂੰਹ ਨੂੰ ਲੱਗ ਜਾਵੇ ਖੰਡ ਮਿਸ਼ਰੀ ਸੁਣਿਆ ਪੰਜਾਬੀ ਗਾਇਕੀ ਸਟੇਜੀ ਤਜਰਬੇ ਲਈ ਸੁਰਿੰਦਰਜੀਤ ਮਕਸੂਦਪੁਰੀ ਜੀ ਨੂੰ ਉਸਤਾਦ ਧਾਰ ਲਿਆ ਫੇਰ ਉਨ੍ਹਾਂ ਕੋਲ ਜਲੰਧਰ ਵਿਖੇ ਪੰਜ ਛੇ ਰਹਿ ਕੇ ਗਾਇਕੀ ਦੀਆਂ ਬਰੀਕੀਆਂ ਸਿੱਖੀਆਂ।

ਸੰਨ 2014 ਵਿੱਚ ਟੀ-ਸੀਰੀਜ਼ ਕੰਪਨੀ ਵਿੱਚ ਐਲਬਮ ਸੁੱਚੇ ਨਗ ਰਿਲੀਜ਼ ਕੀਤੀ ਜੋ ਬਹੁਤ ਪਸੰਦ ਕੀਤੀ ਗਈ, ਉਸ ਤੋਂ ਬਾਅਦ ਐਲਬਮ ਕਿਸਮਤ, ਕਰ ਕ੍ਰਿਪਾ, ਦਰਸ਼ਨ, ਅਹਿਸਾਨ ਤੇ ਹੁਣੇ ਹੁਣੇ ਗੀਤ ਸੱਜਣਾ ਰਿਲੀਜ਼ ਕੀਤਾ ਗਿਆ। ਗਾਇਕ ਕਿਆਦ ਸਿੰਘ ਵਲੋਂ ਡੀ. ਏ. ਵੀ. ਸਕੂਲ ਬਿਲਗਾ ਵਿਖ਼ੇ ਛੇ ਸਾਲ ਬਤੌਰ ਟੀਚਰ ਨੌਕਰੀ ਕੀਤੀ ਪ੍ਰਿੰਸੀਪਲ ਸ਼ਰਮਾ ਜੀ ਵੱਲੋਂ ਕਿਆਦ ਦੀ ਗਾਇਕੀ ਲਈ ਬਹੁਤ ਸਹਿਯੋਗ ਰਿਹਾ। ਮੇਰੀ ਇਹ ਦਿਲੋਂ ਦੁਆ ਹੈ ਕਿ ਗਾਇਕ ਕਿਆਦ ਸਿੰਘ ਹਮੇਸ਼ਾ ਬੁਲੰਦੀਆਂ ਛੂਹੇ।

-ਮੋਬਾਈਲ : 98723-62507




Sri Satguru Jagjit Singh Ji eLibrary NamdhariElibrary@gmail.com

ਪੁਸਤਕ ਸਮੀਖਿਆ

# ਮਨੁੱਖੀ ਮਾਨਸਿਕਤਾ ਅਤੇ ਸਮਾਜਕ ਯਥਾਰਥ ਦੀਆਂ ਵਿਵਿਧ ਰੰਗੀ ਪਰਤਾਂ ਨੂੰ ਪੇਸ਼ ਕਰਦਾ ਇਬਲੀਸ ਦਾ ਕਾਵਿ-ਸੰਗ੍ਰਹਿ 'ਕੁੰਭਕਾਰ'

**ਡਾ. ਸਰਦੂਲ ਸਿੰਘ ਔਜਲਾ**

ਇਬਲੀਸ ਜੋਬਨ ਰੁੱਤੇ ਤੁਰ ਜਾਣ ਵਾਲਾ ਅਜਿਹਾ ਸਾਹਿਤਕਾਰ ਹੈ ਜਿਸ ਨੇ ਆਪਣੀ ਛੋਟੀ ਜਿਹੀ ਹਯਾਤੀ ਦੌਰਾਨ ਗੌਲਣਯੋਗ ਕਾਰਜ ਕੀਤੇ ਜੋ ਉਸ ਦੇ ਸਨੇਹੀਆਂ ਅਤੇ ਉਸ ਦੀਆਂ ਲਿਖਤਾਂ ਨੂੰ ਪਿਆਰ ਕਰਨ ਪਾਠਕਾਂ ਦੇ ਚੇਤਿਆਂ ਵਿਚ ਸਦੀਵੀ ਰੂਪ ਵਿਚ ਸਾਹ ਲੈਂਦੇ ਰਹਿਣਗੇ। ਇਬਲੀਸ ਭਾਵੇਂ ਮੌਜੂਦ ਰੂਪ ਵਿਚ ਪੱਤਰਕਾਰੀ ਦੇ ਖੇਤਰ ਵਿਚ ਸਰਗਰਮੀ ਨਾਲ ਹਿੱਸਾ ਪਾ ਰਿਹਾ ਸੀ ਪਰ ਉਹ ਕਵੀ ਅਤੇ ਇਤਿਹਾਸਕਾਰ ਵੀ ਸੀ ਜਿਸ ਨੇ 'ਨਾਗਮਣੀ' ਸਾਹਿਤਕ ਪਰਚੇ ਤੋਂ ਲੈ ਕੇ ਅੱਜ ਤੱਕ ਨਿਰੰਤਰ ਰੂਪ ਵਿਚ ਕਾਵਿ-ਸਾਧਨਾ ਕੀਤੀ ਅਤੇ ਨਾਲ ਦੀ ਨਾਲ ਕਪੂਰਥਲਾ ਜ਼ਿਲ੍ਹੇ ਦੀ ਵਿਰਾਸਤ ਨਾਲ ਸੰਬੰਧਿਤ ਇਤਿਹਾਸਕ ਤੱਥ ਭਰਪੂਰ ਜਾਣਕਾਰੀ ਦੇ ਰੂ-ਬਰੂ ਕੀਤੀ। ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਉਤਸਵ ਵੇਲੇ ਸੁਲਤਾਨਪੁਰ ਲੋਧੀ ਬਾਰੇ ਵੀ ਮੁੱਲਵਾਨ ਕਿਰਤਾਂ ਦੇ ਰੂਪ ਵਿਚ 'ਪੰਜਾਬੀ ਜਾਗਰਣ' ਵਿਚ ਆਪਣੇ ਲੇਖ ਪ੍ਰਕਾਸ਼ਿਤ ਕੀਤੇ। ਬੜਾ ਹੀ ਸਾਹਿਤਕ ਕਾਰਜ ਸੀ ਜੋ ਇਬਲੀਸ ਨੇ ਕਰਨਾ ਅਤੇ ਪ੍ਰਕਾਸ਼ਿਤ ਕਰਵਾਉਣਾ ਸੀ ਪਰ ਆਪਣੇ ਦਿਲ ਦੀਆਂ ਰੀਝਾਂ ਦਿਲ ਵਿਚ ਹੀ ਲੈ ਕੇ ਇਬਲੀਸ ਕਿਧਰੇ ਉਡਾਰੀ ਮਾਰ ਗਿਆ।

ਇਬਲੀਸ ਦੀਆਂ ਲਿਖਤਾਂ ਨੂੰ ਵਿਸ਼ੇਸ਼ ਕਰਕੇ ਉਸ ਦੀ ਕਾਵਿ-ਰਚਨਾ ਨੂੰ ਪਿਆਰ ਕਰਨ ਵਾਲੇ ਚਹੁੰਦੇ ਸਨ ਕਿ ਉਸ ਦੀਆਂ ਕਵਿਤਾਵਾਂ ਦਾ ਕੋਈ ਸੰਗ੍ਰਹਿ ਜ਼ਰੂਰ ਪ੍ਰਕਾਸ਼ਿਤ ਹੋਵੇ ਤਾਂ ਕਿ ਇਬਲੀਸ ਹਮੇਸ਼ਾ ਹੀ ਉਨ੍ਹਾਂ ਦੇ ਕੋਲ ਰਹੇ। ਇਬਲੀਸ ਦੇ ਪਰਿਵਾਰ ਅਤੇ ਦੋਸਤਾਂ ਦੇ ਉਦਮ ਸਦਕਾ ਉਸ ਦਾ ਪਲੇਠਾ ਕਾਵਿ-ਸੰਗ੍ਰਹਿ 'ਕੁੰਭਕਾਰ' ਪਾਠਕਾਂ ਦੇ ਹੱਥਾਂ ਵਿਚ ਪਹੁੰਚ ਚੁੱਕਾ ਹੈ। ਇਸ ਸੰਗ੍ਰਹਿ ਦੀਆਂ ਕਵਿਤਾਵਾਂ ਦੀ ਇਕੱਤਰਤਾ ਅਤੇ ਤਰਤੀਬ ਕਰਕੇ ਇਬਲੀਸ ਖ਼ੁਦ ਹੀ ਇਸ ਦਾ ਬਾਨਣੂੰ ਬੰਨ੍ਹ ਗਿਆ ਸੀ।

ਜਦੋਂ ਅਸੀਂ ਇਬਲੀਸ ਦੇ ਇਸ ਕਾਵਿ-ਸੰਗ੍ਰਹਿ 'ਕੁੰਭਕਾਰ' ਨੂੰ ਵਿਚਾਰਦੇ ਹਾਂ ਤਾਂ ਇਸ ਵਿਚਲੀ ਮੂਲ ਸੁਰ 'ਘਾੜਤ' ਨਾਲ ਜੁੜੀ ਹੋਈ ਹੈ ਘਾੜਤ ਹੀ ਜਰਖੇਜ਼ਤਾ, ਉਪਜਾਇਕਤਾ, ਪੈਦਾਵਾਰ, ਸਿਰਜਣਾ ਦਾ ਪ੍ਰਤੀਕ ਬਣਦੀ ਹੈ, ਇਹੀ ਪ੍ਰਤੀਕ ਪੁਸਤਕ ਦੇ ਆਰ-ਪਾਰ ਫੈਲਿਆ ਹੋਇਆ ਹੈ। ਇਬਲੀਸ ਦੀ ਕਵਿਤਾ ਨੂੰ ਪੜ੍ਹਦਿਆਂ ਥਹੁ ਲਗਦੀ ਹੈ ਕਿ ਇਬਲੀਸ ਜ਼ਿੰਦਗੀ ਦੇ ਕਿਸੇ ਵੀ ਵਰਤਾਰੇ ਨੂੰ ਸਧਾਰਨ ਅੱਖ ਨਾਲ ਨਹੀਂ ਦੇਖਦਾ ਸਗੋਂ ਉਹ ਕਿਸੇ ਵੀ ਵਰਤਾਰੇ ਨੂੰ ਖ਼ਾਸ ਨਜ਼ਰੀਏ ਤੋਂ ਕਾਵਿਕ ਜ਼ਬਾਨ ਦਿੰਦਾ ਹੈ। ਇਹੀ ਉਸ ਦੀ ਕਵਿਤਾ ਦਾ ਹੈਰਾਨੀਜਨਕ ਪੱਖ ਹੈ ਜੋ ਪਾਠਕ ਨੂੰ ਆਨੰਦਿਤ ਵੀ ਕਰਦਾ ਹੈ ਅਤੇ ਕਵਿਤਾ ਦੀਆਂ ਕਈ ਦਿਸ਼ਾਵਾਂ ਅਤੇ ਪੱਧਰਾਂ ਦੀ ਸੋਝੀ ਵੀ ਕਰਵਾਉਂਦਾ ਹੈ ਜਿਵੇਂ ਉਸ ਦੇ ਲਿਖੇ ਕਾਵਿ-ਚਿਤਰਾਂ ਵਿਚੋਂ ਵਿਚ ਉਦਾਹਰਣ ਪੇਸ਼ ਹੈ:




ਕਾਂ ਤਾਂ ਬੱਸ ਪ੍ਰਤੀਕ ਹੈ। / ਉਹ ਕਾਲੇ ਕਾਂ ਨਾਲ ਨਹੀਂ / ਕਾਲ ਦੀ ਅੱਖ ਵਿਚ ਅੱਖ ਪਾ ਕੇ ਗੱਲ ਕਰ ਰਿਹਾ ਏ। / ਕਾਲ ਦਾ ਕਾਲਾ ਸਾਇਆ / ਉਸ ਨੂੰ ਮਿੱਟੀ ਦੇ ਢੇਰੀ ਸਮਝ / ਮਿੱਟੀ ਵਿਚ ਮਿਲਾਉਣ ਦਾ ਯਤਨ ਕਰਦਾ ਰਿਹਾ / ਪਰ ਉਹ / ਕਾਲ ਦੇ ਘੇਰੇ ਤੋਂ ਦੂਰ / ਉਸ ਨੂਰ ਦੇ ਜ਼ੇਰੇ ਸਾਇਆ ਹੈ / ਜਿਸ ਨੂੰ ਉਸ ਨੂੰ ਕਾਲ ਮੁਕਤ ਕਰ ਦਿੱਤਾ ਹੈ।(ਸ਼ੇਖ਼ ਫ਼ਰੀਦ)

ਇਸੇ ਤਰ੍ਹਾਂ ਧਾੜਵੀ ਕਵਿਤਾ ਵਿਚ ਵੀ ਉਹ ਧਾੜਵੀਆਂ ਦੀ ਸ਼ਨਾਖ਼ਤ ਕਰਦਾ ਹੈ ਕਿ ਇਕ ਤਾਂ ਉਹ ਧਾੜਵੀ ਸੀ ਜੋ ਹਿੰਦੁਸਤਾਨ ਨੂੰ ਲੁੱਟਦੇ ਰਹੇ ਪਰ ਇਕ ਉਹ ਧਾੜਵੀ ਹਨ ਜੋ ਰੋਜ਼ਾਨਾ ਨੇਕ ਨੀਤੀ ਦੇ ਥਲੇ ਬਦਨੀਤੀ ਛੁਪਾ ਕੇ ਲੋਕਾਂ ਨਾਲ ਖਿਲਵਾੜ ਕਰਦੇ ਹਨ। ਉਸ ਦੀ ਕਵਿਤਾ ਵਿਚ ਇਹ ਛੁਪਿਆ ਵਿਅੰਗ ਵੀ ਹੈ ਅਤੇ ਉਸ ਦੇ ਸੁਭਾਅ ਵਰਗੀ ਮਿੱਠੀ ਚੋਭ ਵੀ ਹੈ ਜੋ ਪਾਠਕ ਨੂੰ ਸੋਚਣ ਲਈ ਮਜਬੂਰ ਕਰਦੀ ਹੈ। ਜਿਵੇਂ 'ਵਜੂਦ' ਕਵਿਤਾ ਦੀ ਉਦਾਹਰਣ ਪੇਸ਼ ਹੈ:

ਪਾਣੀ ਵਿਚ ਪਤਾਸਾ ਘੁਲ ਕੇ / ਮਿੱਠਾ ਹੋ ਰਿਹਾ ਹੈ ਪਾਣੀ / ਪਰ / ਪਤਾਸੇ ਦਾ ਵਜੂਦ ਗੁਆਚ ਗਿਆ / ਨੇਤਾ ਦੇ ਵਾਅਦੇ / ਮਨੁੱਖੀ ਮਾਨਸਿਕਤਾ ਵਿਚ ਘੁਲ ਗਏ ਨੇ।

ਹੁਣ ਵਾਅਦੇ ਦਾ ਵਜੂਦ / ਬਦਲ ਜਾਵੇਗਾ ਲਾਰੇ ਵਿਚ / ਤੇ ਗ਼ਰੀਬ ਆਦਮੀ / ਨਿਰੰਤਰ ਪੰਜ ਸਾਲ / ਲੈਂਦਾ ਰਹੇਗਾ ਮਿੱਠਏ ਸੁਪਨੇ।

ਇਬਲੀਸ ਦੀ ਕਵਿਤਾ ਪਾਠਕ ਦੇ ਮਨ ਨੂੰ ਇਹ ਚੇਤਨਾਤਮਕ ਸੋਝੀ ਪ੍ਰਦਾਨ ਕਰਦੀ ਹੈ ਕਿ ਕਦੇ ਵੀ ਬਣੇ ਬਣਾਏ ਰਸਤਿਆਂ ਉੱਤੇ ਤੁਰਦਿਆਂ ਤਰੱਕੀ ਨਹੀਂ ਕੀਤੀ ਜਾ ਸਕਦੀ ਅਤੇ ਨਾ ਹੀ ਭੀੜ ਵਿਚ ਰਲ ਕੇ ਵੱਖਰੀ ਪਹਿਚਾਣ ਸਥਾਪਿਤ ਹੋ ਸਕਦੀ ਹੈ। ਇਸੇ ਲਈ ਉਸ ਦੀ ਕਵਿਤਾ ਭੀੜ ਤੋਂ ਅਲੱਗ ਹੋ ਕੇ ਤੁਰਨ ਦੀ ਤਾਗੀਦ ਕਰਦੀ ਹੈ ਭਾਵੇਂ ਕਿ ਇਸ ਰਸਤੇ ਉੱਤੇ ਤੁਰਨਾ ਐਨਾ ਆਸਾਨ ਵੀ ਨਹੀਂ ਹੈ, ਇਸ ਰਸਤੇ ਉੱਤੇ ਤੁਰਨ ਲਈ ਕੁਰਬਾਨੀ ਦਾ ਜਜ਼ਬਾ ਪੱਲੇ ਜ਼ਰੂਰ ਹੋਣਾ ਚਾਹੀਦਾ ਹੈ ਜਿਵੇਂ ਉਹ ਲਿਖਦਾ ਹੈ:

ਖ਼ੁਦ ਇਕੱਲਾ ਹੈ / ਆਦਮੀ ਜਦ ਇਕੱਲਾ ਹੁੰਦਾ ਹੈ / ਤਾਂ ਖ਼ੁਦਾ ਦੇ ਨੇੜੇ ਹੁੰਦਾ ਹੈ / ਤਾਂ ਪੈਰ / ਭੀੜ ਦੇ ਬਣਾਏ ਰਸਤਿਆਂ ਨੂੰ ਛੱਡ ਕੇ / ਆਪਣੀ ਪਗਡੰਡੀ ਸਿਰਜਦੇ ਨੇ / ਆਦਮੀ ਜਦ ਵੱਖਰੀ ਪਗਡੰਡੀ ਸਿਰਜਦਾ ਹੈ / ਤਾਂ ਭੀੜ ਦੀ ਨਫ਼ਰਤ ਦਾ ਪਾਤਰ ਬਣਦਾ ਹੈ। / ਤਾਂ / ਸੂਲੀ ਮਿਲਦੀ ਹੈ / ਗੋਲ਼ੀ ਮਿਲਦੀ ਹੈ / ਸਲੀਬ ਮਿਲਦੀ ਹੈ।

ਇਬਲੀਸ ਕਵਿਤਾ ਇਸ ਗੱਲ ਦੀ ਵੀ ਗਵਾਹੀ ਭਰਦੀ ਹੈ, ਚੇਤਨਾ ਹੀ ਮਨੁੱਖ ਮਨ ਨੂੰ ਜੜ੍ਹ ਤੋਂ ਚੇਤਨ ਬਣਾਉਂਦੀ ਹੈ। ਚੇਤੰਨ ਮਨੁੱਖ ਕਦੇ ਵੀ ਛਲਾਵਿਆਂ ਅਤੇ ਠੱਗੀਆਂ ਦੇ ਭੁਲਾਵੇ ਵਿਚ ਨਹੀਂ ਆਉਂਦਾ:

ਮੈਂ ਆਪਣਾ ਸੀਸ / ਰੁੱਖ ਦੇ ਤਣੇ ਨੂੰ ਦੇ ਦਿੱਤਾ / ਹੁਣ ਰੁੱਖ ਕੋਲ / ਸੋਚਾਂ ਨੇ / ਤੇ ਮੈਂ ਆਪਣੀਆਂ ਜੜ੍ਹਾਂ / ਪਤਾਲ ਤੱਕ ਪੱਕੀਆਂ ਕਰ ਲਈਆਂ ਨੇ।

'ਚਿੜੀ ਆਖਦੀ ਏ' ਕਵਿਤਾ ਵੀ ਇਸੇ ਤਰਜ਼ 'ਤੇ ਲਿਖੀ ਕਵਿਤਾ ਹੈ ਜਿਸ ਵਿਚ ਦਮਨਕਾਰੀ ਤਾਕਤਾਂ ਦੀ ਸ਼ਨਾਖ਼ਤ ਕੀਤੀ ਗਈ ਹੈ। ਇਬਲੀਸ ਦੀ ਕਵਿਤਾ ਸਮਾਜ ਵਿਚਲੇ ਅੰਤਰ-ਵਿਰੋਧਾਂ ਨੂੰ ਬੜੀ ਸੂਖਮ ਨਜ਼ਰ ਨਾਲ ਪਕੜਦੀ ਹੈ, ਮਿਸਾਲ ਵਜੋਂ ਸਮਾਜਕ ਰਿਸ਼ਤਿਆਂ ਬਾਰੇ ਲਿਖੀ ਉਸ ਦੀ ਲੰਮੀ ਕਵਿਤਾ ਦੇਖੀ ਜਾ ਸਕਦੀ ਹੈ, ਜਿਸ ਵਿਚ ਉਸ ਨੇ ਰਿਸ਼ਤਿਆਂ ਦੀ ਪਰਿਭਾਸ਼ਾ ਪੇਸ਼ ਕਰਨ ਦਾ ਯਤਨ ਕੀਤਾ ਹੈ। ਇਬਰੀਸ ਇਨ੍ਹਾਂ ਰਿਸ਼ਤਿਆਂ ਦੀ ਤਹਿ ਥੱਲੇ ਛੁਪੇ ਸੱਚ ਸੱਚ ਨੂੰ ਪੇਸ਼ ਕਰਦਿਆਂ ਇਨ੍ਹਾਂ ਨੂੰ ਵੱਖ-ਵੱਖ ਬਿੰਬਾਂ ਰਾਹੀਂ ਪੇਸ਼ ਕਰਦਾ ਹੈ ਪਰ ਇਥੇ ਗੱਲ ਵਰਣਨਯੋਗ ਹੈ ਕਿ ਜਦੋਂ ਇਬਲੀਸ ਇਹ ਕਹਿ ਰਿਹਾ ਹੈ ਕੋਈ ਵੀ ਰਿਸ਼ਤਾ 'ਖੇਸੀ ਦੀ ਬੁੱਕਲ ਵਾਂਗ ਨਿੱਘਾ ਨਹੀਂ ਰਿਹਾ' ਤਾਂ ਇਸ ਵੇਲੇ ਉਹ ਸਮਾਜਕ ਯਥਾਰਥ ਤੋਂ ਉਛਾੜ ਲਾਹ ਰਿਹਾ ਹੈ ਅਤੇ ਅਤੀਤ ਨਾਲ ਵੀ ਸੰਵਾਦ ਰਚਾ ਰਿਹਾ ਹੈ ਕਿਉਂਕਿ ਅਤੀਤ ਵਰਗਾ ਨਿੱਘ ਹੁਮ ਇਨ੍ਹਾਂ ਰਿਸ਼ਤਿਆਂ ਵਿਚ ਨਹੀਂ ਰਿਹਾ। 'ਹੁਣ' ਸ਼ਬਦ ਇਸ ਦੇ ਵਰਤਮਾਨ ਸਰੂਪ ਦੀ ਨਿਸ਼ਾਨਦੇਹੀ ਕਰ ਰਿਹਾ ਹੈ। ਜਿਵੇਂ:

ਕੋਈ ਰਿਸ਼ਤਾ ਪਰ ਹੁਣ / ਖੇਸੀ ਦੀ ਬੁੱਕਲ ਵਾਂਗ ਨਿੱਘਾ ਨਾ ਰਿਹਾ / ਮੈਂ ਹਰ ਰਿਸ਼ਤੇ ਨੂੰ / ਗਲੋਅ ਦੇ ਕਾੜ੍ਹੇ ਵਾਂਗ ਹਾਂ ਪੀ ਰਿਹਾ / ਜੋ ਨਾ ਹਲਕ ਚੋਂ ਉਤਰੇ / ਨਾ ਥੁੱਕ ਹੀ ਹਵੇ...।



Sri Satguru Jagjit Singh Ji eLibrary NamdhariElibrary@gmail.com

'ਮੱਛੀ ਹੋਣ ਦਾ ਸਰਾਪ' ਹੀ ਅਜਿਹੀ ਹੀ ਕਵਿਤਾ ਹੈ। ਪਰ ਕਵੀ ਤਾਂ ਮੁਹੱਬਤੀ ਲੋਅ ਵੰਡਣ ਲਈ ਯਤਨ ਹੈ, ਉਸ ਦੀ ਕਵਿਤਾ ਨਿਰਾਸ਼ਾ ਦੇ ਅਜਿਹੇ ਆਲਮ ਵਿਚ ਵੀ ਆਸ ਦੀਆਂ ਕਿਰਨਾਂ ਨੂੰ ਫੈਲਾਉਣਾ ਚਾਹੁੰਦੀ ਹੈ। ਉਹ ਚਿਰਾਗਾਂ ਵਿਚ ਤੇਲ ਪਾਉਣ ਦੀ ਗੱਲ ਕਰਦਿਆਂ ਲਿਖਦਾ ਹੈ :

ਇਸ ਤੋਂ ਪਹਿਲਾਂ ਕਿ ਚਿਰਾਗ਼ ਬੁਝ ਜਾਣ ਇਨ੍ਹਾਂ 'ਚ ਆਪਣੀ ਦੀਦ ਦਾ / ਥੋੜ੍ਹ ਜਿਹਾ ਤੇਲ ਪਾ ਜਾ / ਮੈਂ ਨਫ਼ਰਤ ਦੀ ਮਾਰੀ ਇਸ ਦੁਨੀਆ 'ਚ ਮੁਹੱਬਤ ਦੀ ਲੋਅ / ਵੰਡਣੀ ਹੈ।

ਆਪਣੇ ਮੁਹੱਬਤੀ ਮਿੱਤਰਾਂ ਦੇ ਲਿਖੇ ਰੇਖਾ ਚਿੱਤਰ ਦੀ ਇਬਲੀਸ ਦੀ ਕਵਿਤਾ ਦੇ ਅਜਿਹੇ ਕਾਵਿਕ ਹੁੰਗਾਰੇ ਦੀ ਨਿਸ਼ਾਨਦੇਹੀ ਕਰਦੀ ਹੈ। ਇਬਲੀਸ ਦੀ ਕਵਿਤਾ ਇਸ ਗੱਲ ਦਾ ਵੀ ਅਹਿਦ ਕਰਦੀ ਹੈ ਕਿ ਉਹ ਸਮਾਜ ਵਿਚਲੇ ਕੌੜੇ ਸੱਚਾਂ ਨੂੰ ਦੇਖ ਕੇ ਪਾਸਾ ਨਹੀਂ ਵੱਟਦੀ ਸਗੋਂ ਇਨ੍ਹਾਂ ਦੀਆਂ ਪਰਤਾਂ ਉਧੇੜਦੀ ਹੈ ਤਾਂ ਕਿ ਆਉਣ ਵਾਲੀਆਂ ਪੀੜ੍ਹੀਆਂ ਨੂੰ ਰੌਸ਼ਨੀ ਪ੍ਰਦਾਨ ਹੋ ਸਕੇ ਜਿਵੇਂ ਉਹ ਆਪਣੀ ਕਵਿਤਾ 'ਦਿਸਹੱਦਿਆਂ ਤੋਂ ਪਾਰ' ਵਿਚ ਲਿਖਦਾ ਹੈ :

ਮੈਂ ਨਜ਼ਰ ਅੰਦਾਜ਼ ਕਰ ਦੇਣਾ ਚਾਹੁੰਦਾ ਹਾਂ ਹਕੀਕਤ ਨੂੰ / ਪਰ ਅਜਿਹਾ ਹੋ ਨਹੀਂ ਸਕਿਆ / ਅਜਿਹਾ ਹੋ ਹੀ ਨਹੀਂ ਰਿਹਾ / ਅਜਿਹਾ ਹੋ ਹੀ ਨਹੀਂ ਸਕਦਾ / ਜਦੋਂ ਵੇਖਦਾ ਹਾਂ / ਆਪਣੇ ਨੰਨ੍ਹੇ ਬੇਟੇ ਨੂੰ / ਕਾਗਜ਼ ਦੀ ਬੇੜੀ ਨੂੰ / ਪਾਣੀ ਦੀ ਹਿੱਕ ਉੱਪਰ ਠੇਲਦਿਆਂ / ਤੇ ਦਿਸਹੱਦੇ ਤੋਂ ਪਾਰ ਝਾਕਣ ਦਾ ਯਤਨ ਕਰਦੀਆਂ / ਉਸ ਦੀਆਂ ਨਜ਼ਰਾਂ ਨੂੰ...।

ਇਬਰੀਸ ਦੀ ਸ਼ਾਇਰੀ ਪੰਜਾਬੀ ਕਵਿਤਾ ਦੇ ਅਜੋਕੇ ਮੂੰਹ-ਮੁਹਾਂਦਰੇ ਨੂੰ ਪੇਸ਼ ਕਰਦੀ ਹੋਈ ਇਕੋ ਸਮੇਂ ਆਪਣੇ ਆਪੇ ਨਾਲ ਅਤੇ ਪਾਠਕਾਂ ਨਾਲ ਸੰਵਾਦ ਰਚਾਉਂਦੀ ਹੈ। ਪੁਸਤਕ 'ਕੁੰਭਕਾਰ' ਵਿਚ ਉਸ ਦੀਆਂ ਲੰਮੀਆਂ ਕਵਿਤਾਵਾਂ ਵੀ ਸ਼ਾਮਿਲ ਹਨ ਅਤੇ ਛੋਟੀਆਂ ਵੀ। ਪਰ ਕਿਹਾ ਜਾ ਸਕਦਾ ਹੈ ਕਿ ਇਨ੍ਹਾਂ ਦਾ ਆਪਾ ਵਿਹਾਰਕ ਹੈ ਕਿਉਂਕਿ ਇਹ ਕਵੀ ਦੇ ਅਨੁਭਵ ਵਿਚੋਂ ਗੁਜ਼ਰਦੀਆਂ ਹੋਈਆਂ ਪੇਸ਼ ਹੋਈਆਂ ਹਨ ਅਤੇ ਕਾਵਿਕ-ਧਰਾਤਲ 'ਤੇ ਉੱਕਰੀਆਂ ਗਈਆਂ ਹਨ।

ਇਬਲੀਸ ਦੀ ਕਵਿਤਾ ਦੇ ਕਈ ਰੰਗ ਹਨ ਕਿਤੇ ਕਿਤੇ ਇਹ ਕਵਿਤਾ ਰੁਮਾਂਟਿਕ ਜਾਪਦੀ ਹੈ, ਕਦੇ ਦਾਰਸ਼ਨਿਕ ਡੂੰਗਾਈ ਦੇ ਰੰਗ ਨੂੰ ਦਿਖਾਉਂਦੀ ਹੈ। ਕਦੇ ਰੋਹ ਅਤੇ ਵਿਦਰੋਹ ਦੇ ਜਜ਼ਬੇ ਨੂੰ ਉਭਾਰਦੀ ਹੈ। ਕਿਤੇ ਲੋਕਧਾਰਕ ਬਿੰਬਾਂ ਪ੍ਰਤੀਕਾਂ ਨੂੰ ਪੇਸ਼ ਕਰਦੀ ਹੋਈ ਲੋਕ-ਕਾਵਿ ਵਰਗਾ ਮੁਹਾਂਦਰਾ ਅਖ਼ਤਿਆਰ ਕਰ ਲੈਂਦੀ ਹੈ। ਜਿਵੇਂ ਕੁੰਭਕਾਰ ਵੱਖ-ਵੱਖ ਬਰਤਨਾਂ ਨੂੰ ਮਿੱਟੀ ਵਿਚੋਂ ਆਕਾਰ ਪ੍ਰਦਾਨ ਕਰਦਾ ਹੈ ਇਵੇਂ ਹੀ ਇਬਲੀਸ ਨੇ 'ਕੁੰਭਕਾਰ' ਕਾਵਿ-ਸੰਗ੍ਰਹਿ ਵਿਚ ਮਨੁੱਖੀ ਮਨ ਅਤੇ ਸਮਾਜ ਦੀਆਂ ਵਿਵਿਧ ਪਰਤਾਂ ਨੂੰ ਫਰੋਲਣ ਦੀ ਕੋਸ਼ਿਸ਼ ਕੀਤੀ ਹੈ। ਇਬਲੀਸ ਦੀ ਕਿਰਤ 'ਕੁੰਭਕਾਰ' ਪਾਠਕਾਂ ਦੇ ਹੁੰਗਾਰੇ ਲਈ ਪੇਸ਼ ਹੈ। ਉਮੀਦ ਹੈ ਪਾਠਕ ਆਪਣੇ ਇਸ ਪਿਆਰੇ ਸ਼ਾਇਰੇ ਅਤੇ ਚਿੰਤਕ ਦੀ ਇਸ ਕਾਵਿ-ਰਚਨਾ ਨੂੰ ਪਿਆਰ ਅਤੇ ਸਤਿਕਾਰ ਦੇਣਗੇ।

-ਪਿੰਡ ਤੇ ਡਾਕ: ਸੰਗੋਜਲਾ, ਜ਼ਿਲ੍ਹਾ ਕਪੂਰਥਲਾ-144804 (ਪੰਜਾਬ)। ਮੋਬਾਈਲ : 98141-68611

ਕਵਿਤਾ

## ਬਾਪ ਸਿਰ ਸਰਦਾਰੀ

ਓ ਵੀ ਸਮਾਂ ਸੀ ਸਾਡਾ ਚੱਲਦਾ,
ਜਦੋਂ ਦੇਸੀ ਘਿਓ ਦੇ ਪੀਪੇ ਆਉਂਦੇ ਸੀ।
ਕਦੇ ਰੱਖ ਪਰੌਂਠਿਆਂ ਤੇ ਕਦੇ
ਵਿਚ ਸਾਗ ਦੇ ਪਾਉਂਦੇ ਸੀ।
ਮਾਂ ਸੀ ਸਾਡੀ, ਚੂਰੀਆਂ ਕੁੱਟਦੀ,
ਕਦੇ ਸ਼ੁਕਰ, ਕਦੇ ਖੰਡ ਦੀਆਂ।
ਦੇਸੀ ਘਿਓ ਦੀਆਂ ਬਣਵਾ, ਭੈਣਾਂ ਸਨ,
ਵਿਚ ਸਹੇਲੀਆਂ ਵੰਡਦੀਆਂ।
ਜ਼ਮੀਨ ਜਾਇਦਾਦ ਸੀ ਬਥੇਰੀ,
ਨਾ ਫਿਕਰ ਕੋਈ ਭੋਰਾ ਸੀ।
ਬਾਪ ਸਿਰ ਸੀ ਸਰਦਾਰੀ ਸਾਡੀ,
ਨਾ ਕਿਸੇ ਗੱਲ ਦਾ ਝੋਰਾ ਸੀ।
ਪਤਾ ਨਾ ਲੱਗਿਆ ਕਿਹੜੇ ਵੇਲੇ,
ਨਸ਼ਿਆਂ ਘਰ ਸਾਡੇ ਡੇਰਾ ਲਾਇਆ।
ਬਹੁਤ ਸਮਝਾਇਆ ਕਈਆਂ ਬਾਪੂ ਨੂੰ,
ਬਾਪੂ ਸਮਝ ਨਾ ਪਾਇਆ।
ਨਸ਼ਿਆਂ ਜ਼ਿੰਦਗੀ ਸਾਡੀ ਰੋਲ ਦਿੱਤੀ
ਉਲਟਾ ਚੱਕਰ ਚਲਾਇਆ।
ਨਸ਼ਿਆਂ ਨੂੰ ਕਦੇ ਵੀ ਭੁੱਲ ਕੇ,
ਨਾ ਕੋਈ ਹੱਥ ਲਗਾਵੇ।
ਆਪ ਬਚੇ ਭੈੜੇ ਨਸ਼ਿਆਂ ਤੋਂ,
ਨਾਲੇ ਹੋਰਾਂ ਨੂੰ ਸਮਝਾਏ।

**- ਸਰਬਜੀਤ ਸੰਗਰੂਰਵੀ**

ਮੋਬਾਈਲ : 9463162463

ਮਿੰਨੀ ਕਹਾਣੀ

## ਦਿਹਾੜੀ ਦੋ ਰੁਪਏ

**• ਬਲਜਿੰਦਰ ਕੌਰ ਸ਼ੇਰਗਿੱਲ**

ਕੁਝ ਦਹਾਕੇ ਪੁਰਾਣੀ ਗੱਲ ਹੈ ਕਿ ਇੱਕ ਬਜ਼ੁਰਗ ਨਾਲ ਗੱਲਬਾਤਾਂ ਕਰਦੇ-ਕਰਦੇ ਚੰਡੀਗੜ੍ਹ ਦਾ ਜ਼ਿਕਰ ਤੁਰਿਆ। ਬਸ ਫੇਰ ਕੀ ਸੀ ਉਨ੍ਹਾਂ ਨੂੰ ਆਪਣਾ ਬੀਤਿਆਂ ਸਮਾਂ ਯਾਦ ਆਉਣ ਲੱਗ ਪਿਆ। ਉਨ੍ਹਾਂ ਸਮਿਆਂ 'ਚ ਆਨੇ, ਦਾਨੇ, ਚੁਅੰਨੀਆਂ, ਦੱਸੀਆਂ, ਪੈਸਿਆਂ ਹੁੰਦੇ ਸਨ। ਭਾਵ ਕੇ ਸਿੱਕੇ ਦਾ ਮੋਲ ਹੀ ਲੱਖਾਂ ਰੁਪਇਆ ਵਰਗਾ ਸੀ। ਉਦੋਂ ਦੇ ਸਮੇਂ ਵਿਚ 25 ਪੈਸੇ 'ਚ ਵੀ ਘਰ ਦਾ ਰਾਸ਼ਨ ਆ ਜਾਂਦਾ ਸੀ। ਉਦੋਂ ਇੱਕ ਰੁਪਿਆ ਹੀ ਹਾਜ਼ਰਾਂ ਵਰਗਾ ਹੁੰਦਾ ਸੀ। ਇਹ ਸਭ ਕੁਝ ਪੁਰਾਣੇ ਬਜ਼ੁਰਗਾਂ ਤੋਂ ਸੁਣਕੇ ਹੀ ਪਤਾ ਚੱਲਦਾ ਸੀ। ਬਜ਼ੁਰਗ ਨੂੰ ਗੱਲਾਂ ਕਰਦੇ-ਕਰਦੇ ਉਹ ਸਮਾਂ ਯਾਦ ਆ ਗਿਆ ਜਦੋਂ ਉਹ ਮਿਹਨਤ ਮਜ਼ਦੂਰੀ ਕਰਕੇ ਖਾਂਦੇ ਹੁੰਦੇ ਸੀ। ਜਦੋਂ ਉਨ੍ਹਾਂ ਨੂੰ ਪਤਾ ਚੱਲਿਆ ਕਿ ਚੰਡੀਗੜ੍ਹ ਉਸਰ ਰਿਹਾ ਹੈ ਤੇ ਨਵੀਆਂ-ਨਵੀਆਂ ਬਿਲਡਿੰਗਾਂ ਖੜੀਆਂ ਹੋ ਰਹੀਆਂ ਹਨ। ਉਥੇ ਇਨ੍ਹਾਂ ਬਿਲਡਿੰਗਾਂ ਦੀ ਉਸਾਰੀ ਲਈ ਮਜ਼ਦੂਰਾਂ, ਦਿਹਾੜੀ ਵਾਲਿਆਂ ਦੀ ਲੋੜ ਹੈ। ਤਾਂ ਉਨ੍ਹਾਂ ਨੇ 2 ਰੁਪਏ ਮਜ਼ਦੂਰੀ ਸੁਣ ਕੇ ਹਾਂ ਉਥੇ ਜਾ ਦਿਹਾੜੀ ਕਰਨ ਦਾ ਮਨ ਬਣਾ ਲਿਆ। ਕਿਉਂਕਿ ਪਿੰਡਾਂ ਵਿਚ ਮਜ਼ਦੂਰੀ ਦਾ ਮੋਲ ਇੰਨਾਂ ਨਹੀਂ ਸੀ ਮਿਲਦਾ। ਉਨ੍ਹਾਂ ਦੇ ਦੱਸੇ ਅਨੁਸਾਰ 2 ਰੁਪਏ ਦਿਹਾੜੀ ਬਹੁਤ ਜ਼ਿਆਦਾ ਲੱਗਦੀ ਤੇ ਅਸੀਂ ਉਥੇ ਦਿਹਾੜੀ ਕਰਨ ਲਈ ਰਾਜੀ ਹੋ ਗਏ। ਬਸ ਫੇਰ ਕੀ ਸੀ, ਚੰਡੀਗੜ੍ਹ ਪਹੁੰਚ ਕੇ ਕਰਨ ਲੱਗੇ ਦਿਹਾੜੀ। ਅਨੇਕਾਂ ਹੀ ਬਿਲਡਿੰਗਾਂ ਆਪਣੇ ਹੱਥਾਂ ਨਾਲ ਖੜੀਆਂ ਕੀਤੀਆਂ ਤੇ ਅਨੇਕਾਂ ਹੀ ਬਿਲਡਿੰਗਾਂ ਨੂੰ ਬਣਦਿਆਂ ਦੇਖਿਆ। ਦਿਨੋਂ ਦਿਨ ਚੰਡੀਗੜ੍ਹ ਦਾ 'ਚ ਰੌਣਕਾਂ ਲੱਗਣੀਆਂ ਸ਼ੁਰੂ ਹੋ ਗਈਆਂ। ਇਥੇ ਆਉਣ ਨਾਲ ਸਾਡੇ ਘਰ ਦਾ ਗੁਜਾਰਾ ਵੀ ਚੰਗਾ ਚੱਲਣ ਲੱਗਾ।

ਦੋ ਰੁਪਏ ਦਿਹਾੜੀ ਉਦੋਂ ਦੇ ਸਮੇਂ 'ਚ 2 ਹਾਜ਼ਰ ਵਰਗੀ ਲੱਗਦੀ ਸੀ। ਹੁਣ ਤਾਂ ਰੋਜ਼ ਹੀ ਚੰਡੀਗੜ੍ਹ ਦਿਹਾੜੀ ਲਈ ਆਉਣਾ ਸ਼ੁਰੂ ਕਰ ਦਿੱਤਾ ਸੀ। ਇਥੇ ਦੀ ਦਿਹਾੜੀ ਨਾਲ ਗੁਜਾਰਾ ਵੀ ਵਧੀਆ ਚੱਲਦਾ ਸੀ। ਉਸ ਸਮਿਆਂ ਵਿਚ ਟੱਬਰ ਵੀ ਵੱਡੇ ਹੁੰਦੇ ਸੀ। ਪਰਿਵਾਰ ਇੱਕਠਾ ਹੀ ਰਹਿੰਦਾ ਸੀ। ਦਾਦੇ, ਪੜਦਾਦੇ ਤੋਂ ਲੈ ਕੇ ਚਾਚੇ ਤਾਏ ਸਾਰੇ ਇੱਕਠੇ ਇੱਕ ਪਰਿਵਾਰ ਵਿਚ ਰਹਿੰਦੇ ਸੀ। ਫੇਰ ਅਜਿਹੇ 'ਚ ਘਰ ਦੀ ਜ਼ਿੰਮੇਵਾਰੀਆਂ ਵੀ ਬਹੁਤ ਹੁੰਦੀਆਂ ਸੀ। ਪਰ ਸ਼ੁਕਰ ਦਾਤੇ ਦਾ ਕਿ ਦਿਹਾੜੀ ਦਾ ਮੁੱਲ ਵਧੀਆਂ ਮਿਲਦਾ। ਭਾਵੇਂ ਘਰ ਤੋਂ 40-45 ਕਿਲੋਮੀਟਰ ਦੂਰੀ 'ਤੇ ਹੀ ਕੰਮ ਮਿਲਦਾ ਸੀ। ਪਰ ਉਸ ਦਿਹਾੜੀ ਨਾਲ ਘਰ ਚਲਾਉਣਾ ਕਾਫ਼ੀ ਆਸਾਨ ਹੋ ਗਿਆ ਸੀ। ਬਸ ਫੇਰ ਕੀ ਯਾਰਾਂ ਦੋਸਤ ਨਾਲ ਆ ਚੰਡੀਗੜ੍ਹ ਵਿਚ ਦੋ ਰੁਪਏ ਦਿਹਾੜੀ ਕਰਕੇ ਆਪ ਵੀ ਖੁਸ਼ ਹੁੰਦਾ ਤੇ ਘਰ 'ਚ ਵੀ ਖੁਸ਼ਹਾਲੀ ਰਹਿੰਦੀ।

ਇਸ ਕਹਾਣੀ ਤੋਂ ਪਤਾ ਚੱਲਦਾ ਹੈ ਕਿ ਕੋਈ ਕੰਮ ਛੋਟਾ ਵੱਡਾ ਨਹੀਂ ਹੁੰਦਾ। ਦੂਰੀ ਵੀ ਮਾਇਆਨੇ ਨਹੀਂ ਰੱਖਦੀ। ਮਿਹਨਤ ਦਾ ਮੁੱਲ ਇੱਕ ਨਾ ਇੱਕ ਦਿਨ ਜ਼ਰੂਰ ਪੈਂਦਾ ਹੈ। ਪ੍ਰਮਾਤਮਾ ਨੂੰ ਸਭ ਦਾ ਫ਼ਿਕਰ ਹੈ। ਚਾਹੇ ਟੱਬਰ ਵੱਡਾ ਹੋਵੇ ਜਾਂ ਛੋਟਾ, ਪੇਟ ਪਾਲਣਾ ਤੇ ਰਿਜ਼ਕ ਦੇਣਾ ਸਭ ਉਪਰ ਵਾਲੇ ਦਾ ਖੇਲ ਹੈ।

-ਮੁਹਾਲੀ, ਮੋਬਾਈਲ : 98785-19278



Sri Satguru Jagjit Singh Ji eLibrary NamdhariElibrary@gmail.com

# 'ਡਿਸਕੋ ਦੀਵਾਨੇ' ਗੀਤ ਨਾਲ ਚਰਚਾ ਵਿਚ ਆਈ ਨਾਜ਼ੀਆ ਹਸਨ

**-ਅਸ਼ੋਕ ਬਾਂਸਲ ਮਾਨਸਾ-**

'ਡਿਸਕੋ ਦੀਵਾਨੀਏ' ਨੰਗੇਜ਼ ਕੱਜ ਨੀਂ
ਲੋਕੀ ਤੇਰਾ ਦੇਖਦੇ ਤਮਾਸ਼ਾ ਅੱਜ ਨੀਂ
ਤੂੰ ਰੰਗਰਲੀਆਂ ਮਾਣੇਂ,
ਕੀ ਬਣੂ ਦੁਨੀਆ ਦਾ,
ਸੱਚੇ ਪਾਤਸ਼ਾਹ ਵਾਹਗੁਰੂ ਜਾਣੇ"

ਗੁਰਦਾਸ ਮਾਨ ਦੇ ਮੁੱਢਲੇ ਸੁੱਪਰਹਿੱਟ ਗੀਤਾਂ 'ਚੋਂ



ਇਸ ਗੀਤ ਤੋਂ ਹਰ ਵਿਅਕਤੀ ਵਾਕਫ ਹੈ। ਇਸ ਗੀਤ ਵਿੱਚ ਗੁਰਦਾਸ ਮਾਨ ਨੇ "ਡਿਸਕੋ ਦੀਵਾਨੇ" ਗੀਤ ਗਾਉਣ ਵਾਲੀ ਕੁੜੀ ਤੇ ਪ੍ਰਤੀਕਰਮ ਕੀਤਾ ਸੀ, ਅਸਲ ਵਿੱਚ ਗੁਰਦਾਸ ਮਾਨ ਤੋਂ ਪਹਿਲਾਂ ਪਾਕਿਸਤਾਨ ਕਰਾਚੀ ਦੀ ਪੱਚੀਆਂ ਕੁ ਵਰ੍ਹਿਆਂ ਦੀ ਮੁਟਿਆਰ ਨੇ ਪੂਰੀ ਦੁਨੀਆ ਨੂੰ ਹਿਲਾ ਕੇ ਰੱਖ ਦਿੱਤਾ ਸੀ। ਉਸ ਦਾ ਐਲ. ਪੀ. ਰਿਕਾਰਡ ਜਿਸ ਦਾ ਟਾਈਟਲ 'ਡਿਸਕੋ ਦੀਵਾਨੇ' ਸੀ ਨਵੀਂ ਉਮਰ ਦੇ ਸਰੋਤਿਆਂ ਵਿੱਚ ਆਪਣੀ ਖਾਸ ਥਾਂ ਬਣਾ ਚੁੱਕਾ ਸੀ। ਇਕ ਤਾਂ ਇਹ ਕੁੜੀ ਪਾਕਿਸਤਾਨ ਦੀ ਵਿਉਪਾਰਕ ਰਾਜਧਾਨੀ ਕਰਾਚੀ ਦੀ ਜੰਮਪਲ ਸੀ ਦੂਸਰਾ ਸਰਦੇ ਪੁੱਜਦੇ ਘਰ ਦੀ ਧੀ ਸੀ ਤੇ ਤੀਸਰਾ ਲੰਡਨ ਵਿੱਚ ਪੜ੍ਹਦੀ ਸੀ, ਚੌਥਾ ਆਵਾਜ਼ ਤੇ ਅਦਾਇਗੀ ਦੀ ਧਨੀ ਸੀ, ਪਰ ਪੱਛਮੀ ਰੰਗ ਵਿੱਚ ਰੰਗੀ ਸੀ। ਉਸ ਦੇ ਪਹਿਲੇ ਰਿਕਾਰਡ ਦਾ ਟਾਈਟਲ ਹੀ 'ਡਿਸਕੋ ਦੀਵਾਨੇ' ਸੀ ਜਿਸ 'ਤੇ ਪੂਰੀ ਦੁਨੀਆ ਨੱਚ ਉੱਠੀ ਸੀ ਇਸ ਕੁੜੀ ਦਾ ਨਾਮ ਸੀ ਨਾਜ਼ੀਆ ਹਸਨ।

ਨਾਜ਼ੀਆ ਹਸਨ ਦਾ ਪ੍ਰਸਿੱਧੀ ਇਥੋਂ ਤੱਕ ਵੱਧ ਗਈ ਸੀ ਕਿ 1980 ਵਿੱਚ ਬਣੀ ਫਿਲਮ ਕੁਰਬਾਨੀ ਵਿੱਚ ਉਸ ਦਾ ਗੀਤ "ਆਪ ਜੈਸਾ ਕੋਈ ਮੇਰੀ ਜ਼ਿੰਦਗੀ ਮੇਂ ਆਏ ਤੋ ਬਾਤ ਬਣ ਜਾਏ" ਪਾਇਆ ਗਿਆ, ਜਿਸ ਦੇ ਆਸਰੇ ਫਿਲਮ ਨੇ ਬੁਲੰਦੀਆਂ ਛੋਹੀਆਂ। ਨਾਜ਼ੀਆ ਹਸਨ ਦਾ ਜਨਮ ਸਮਾਜ ਸੇਵਿਕਾ ਮੁਨੀਜਾ ਬੁਸ਼ੀਰ ਦੀ ਕੁੱਖੋਂ ਵਿਉਪਾਰੀ ਪਿਤਾ ਬਸ਼ੀਰ ਹਸਨ ਦੇ ਘਰ ਕਰਾਚੀ ਵਿੱਚ 3 ਅਪ੍ਰੈਲ 1965 ਨੂੰ ਹੋਇਆ। ਨਾਜ਼ੀਆ ਨੇ ਬਿਜ਼ਨਸ ਐਡਮਿਸਟ੍ਰੇਸ਼ਨ ਅਤੇ ਅਰਥ ਸ਼ਾਸਤਰ ਦੀ ਬੈਚੁਲਰ ਡਿਗਰੀ ਲੰਡਨ ਦੀ ਰਿਚਮੰਡ ਅਮੇਰਿਕਨ ਯੂਨੀਵਰਸਿਟੀ ਤੋਂ ਕੀਤੀ। ਨਾਜ਼ੀਆ ਨੇ ਆਪਣੇ ਭਰਾ ਜੋਹੇਬ ਹਸਨ ਨਾਲ ਰਲ ਕੇ ਪਹਿਲਾ ਰਿਕਾਰਡ ਬਣਾਇਆ ਤਾਂ ਚਾਰੇ ਪਾਸੇ ਡਿਸਕੋ ਦੀਵਾਨੇ, ਡਿਸਕੋ ਦੀਵਾਨੇ ਹੀ ਹੋ ਗਈ ਅਤੇ ਸਮੁੱਚੇ ਏਸ਼ੀਆ ਦੇ ਕਲਾਕਾਰਾਂ 'ਚ ਵੀ ਇਕ ਹੱਲਚਲ ਜਿਹੀ ਹੋ ਗਈ। 30 ਮਾਰਚ 1995 ਨੂੰ ਮਿਰਜ਼ਾ ਇਸ਼ਿਤਿਆਗ ਬੇਗ ਨਾਲ ਕਰਾਚੀ ਵਿਖੇ ਇਸਲਾਮੀ ਰਹੁ ਰੀਤਾਂ ਨਾਲ ਨਿਕਾਹ ਕਰਵਾਇਆ। 7 ਅਪ੍ਰੈਲ 1997 ਨੂੰ ਨਾਜ਼ੀਆ ਨੇ ਲੰਡਨ ਵਿੱਚ ਪੁੱਤਰ ਆਰੇਜ਼ ਹਸਨ ਨੂੰ ਜਨਮ ਦਿੱਤਾ, ਕੁਝ ਸਮੇਂ ਬਾਅਦ ਹੀ ਨਾਜ਼ੀਆ ਨੂੰ ਕੈਂਸਰ ਦੀ ਨਾਮੁਰਾਦ ਬੀਮਾਰੀ ਨੇ ਆਪਣੇ ਕਲਾਵੇ ਵਿੱਚ ਜਕੜ ਲਿਆ। ਅਫਸੋਸ ਕਿ 3 ਅਗਸਤ 2000 ਨੂੰ ਉਸਦਾ ਨਿਕਾਹ ਤਲਾਕ 'ਚ ਤਬਦੀਲ ਹੋ ਗਿਆ ਤੇ ਤਲਾਕ ਤੋਂ ਸਿਰਫ 10 ਦਿਨਾਂ ਬਾਅਦ ਨਾਜ਼ੀਆ ਅੱਲਾ ਦੇ ਦਰ ਤੇ ਪਹੁੰਚ ਗਈ। ਪਰ ਇਸ ਭੋਲੀ ਭਾਲੀ ਕੁੜੀ ਦਾ ਚਿਹਰਾ ਉਸਦੇ ਗੀਤ ਉਸਦੀ ਆਵਾਜ਼ ਹਮੇਸ਼ਾ ਹੀ ਸੰਗੀਤ ਪ੍ਰੇਮੀਆਂ ਦੇ ਦਿਲਾਂ 'ਚ ਵਸਦੀ ਰਹੇਗੀ।



# ਦੋ ਤਾਰਾ ਵਜਦਾ ਵੇ

**-ਅਸ਼ੋਕ ਬਾਂਸਲ ਮਾਨਸਾ-**

ਰਾਂਝਣਾ ਨੂਰ ਮਹਿਲ ਦੀ ਮੋਰੀ
ਚੱਲ ਆਪਾਂ ਵੀ ਚੱਲੀਏ ਵੇ
ਸੋਹਣਿਆ ਸਾਨੂੰ ਕੀਹਦੀ ਚੋਰੀ
ਜਾਂ
ਦੋ ਤਾਰਾ ਵੱਜਦਾ ਵੇ
ਰਾਂਝਣਾ ਨੂਰ ਮਹਿਲ ਦੀ ਮੋਰੀ
ਫੁੱਲ ਵਿਕਣੇ ਆ ਗਏ ਵੇ
ਸੋਹਣਿਆਂ ਟੱਕੇ ਟੱਕੇ ਦੀ ਜੋੜੀ
ਤੂੰ ਮੈਨੂੰ ਲੈ ਦੇ ਵੇ ਰਾਂਝਣਾ
ਮਾਂ ਆਪਣੀ ਤੋਂ ਚੋਰੀ

ਗੱਲ ਕੀ ਬਹੁਤ ਲੰਮੇ ਸਮੇਂ ਤੋਂ ਵੱਖ ਵੱਖ ਗੀਤਕਾਰਾਂ ਦੀ ਆਪਣੇ ਆਪਣੇ ਢੰਗ ਨਾਲ ਵਰਤੀ ਗਈ ਇਕ ਸਤਰ "ਦੋ ਤਾਰਾ ਵਜਦਾ ਵੇ ਰਾਂਝਣਾ ਨੂਰ ਮਹਿਲ ਦੀ ਮੋਰੀ" ਪੰਜਾਬ ਦੇ ਹਰ ਵੱਡੇ ਛੋਟੇ ਗਾਇਕ ਦੀ ਆਵਾਜ਼ ਵਿੱਚ ਸੁਣਦੇ ਆਏ ਹਾਂ, ਸੁਆਲ ਮਨ ਵਿੱਚ ਉਠਦਾ ਹੈ ਕਿ ਇਹ ਨੂਰ ਮਹਿਲ ਦੀ ਮੋਰੀ ਕੀ ਐ?

ਕੁੱਲ ਦੁਨੀਆ ਜਾਣਦੀ ਐ ਕਿ ਨੂਰਮਹਿਲ ਇਤਿਹਾਸਿਕ ਨਗਰ ਹੈ ਜਿੱਥੇ ਪੁਰਾਤਨ ਸਮੇਂ ਵਿੱਚ ਨੂਰ ਮਹਿਲ ਸਰਾਂ (ਜੋ ਮੁਗਲ ਕਾਲ ਦੀ ਉੱਤਮ ਕਲਾ ਦਾ ਨਮੂਨਾ ਹੈ) ਦੀ ਉਸਾਰੀ ਕੀਤੀ ਗਈ, ਜਿਸ ਦੇ ਨਾਂਅ 'ਤੇ ਹੀ ਇਹ ਨਗਰ ਮਸ਼ਹੂਰ ਹੋਇਆ। ਮੁੱਢ ਕਦੀਮੋਂ ਹੀ ਪੰਜਾਬ ਵਿਦੇਸ਼ੀ ਧਾਵੜੀਆਂ ਲਈ ਪ੍ਰਵੇਸ਼ ਦੁਆਰ ਰਿਹਾ ਹੈ, ਜਦੋਂ ਵਿਦੇਸ਼ ਧਾੜਵੀ ਨੂਰਮਹਿਲ ਵਿੱਚ ਦਾਖਲ ਹੁੰਦੇ ਬੜੀ ਲੁੱਟ ਖਸੁੱਟ ਕਰਦੇ, ਜਿੱਧਰਲੇ ਪਾਸੇ ਦੀ ਉਹ ਨੂਰ ਮਹਿਲ ਵਿੱਚ ਦਾਖਲ ਹੁੰਦੇ ਉੱਧਰ ਇਕ ਮੁਹੱਲਾ ਵਸਿਆ ਹੋਇਆ ਸੀ। ਉਨ੍ਹਾਂ ਮੁਹੱਲਾ ਨਿਵਾਸੀਆਂ ਨੇ ਉਸ ਮੁਹੱਲੇ ਦੇ ਬਾਹਰ ਇਕ ਮੋਰੀ ਨੁਮਾਂ ਗੇਟ ਬਣਾ ਦਿੱਤਾ, ਜਿੱਥੋਂ ਦੀ ਘੋੜੇ ਸਮੇਤ ਤਾਂ ਕੀ ਆਦਮੀ ਨੂੰ ਵੀ ਝੁੱਕ ਕੇ ਹੀ ਅੰਦਰ ਦਾਖਲ ਹੋਣਾ ਪੈਂਦਾ ਸੀ, ਜਿਸ ਦੀ ਉਚਾਈ ਮਹਿਜ ਚਾਰ ਕੁ ਫੁੱਟ ਹੀ ਰੱਖੀ ਗਈ, ਇਸ ਨਾਲ ਉਹ ਵਿਦੇਸ਼ੀ ਧਾਵੜੀਆਂ ਤੋਂ ਸੁਰੱਖਿਅਤ ਹੋ ਗਏ। ਇਸ ਮੁਹੱਲੇ ਦਾ ਨਾਮ 'ਮੋਰੀ ਮੁਹੱਲਾ' ਹੀ ਪੈ ਗਿਆ। ਇਸ ਮੁਹੱਲੇ ਵਿੱਚ ਇਕ ਭਰਾਈ (ਭਰਾਈ ਇਕ ਖਾਸ ਜਾਤੀ ਸੀ ਜੋ ਪੀਰਾਂ ਦੀਆਂ ਮਜ਼ਾਰਾਂ ਤੇ ਗਾਉਂਦੇ ਵਜਾਉਂਦੇ ਸਨ) ਰਹਿੰਦਾ ਸੀ ਜੋ ਦੋ-ਤਾਰਾ ਵਜਾਉਣ ਵਿੱਚ ਬਹੁਤ ਮਾਹਿਰ ਸੀ। ਜਦੋਂ ਉਹ ਵਜਦ 'ਚ ਆਕੇ ਦੋ-ਤਾਰਾ ਵਜਾਉਂਦਾ ਤਾਂ ਕੰਮਾਂ ਤੋਂ ਥੱਕੇ ਟੁੱਟੇ ਲੋਕ ਮਨੋਰੰਜਨ ਖਾਤਰ ਉਹਦੇ ਦੁਆਲੇ ਕੱਠੇ ਹੋ ਜਾਂਦੇ। ਬੱਸ ਐਨੀ ਕੁ ਕਹਾਣੀ ਐ "ਦੋ ਤਾਰਾ ਵਜਦਾ ਵੇ ਨੂਰ ਮਹਿਲ ਦੀ ਮੋਰੀ" ਦੀ।



Sri Satguru Jagjit Singh Ji eLibrary NamdhariElibrary@gmail.com

# ਚਰਚਿਤ ਗੀਤ 'ਤੇਰਾ ਨਨਕਾਣਾ' ਸਮੇਤ ਕਈ ਹਿੱਟ ਗੀਤ ਦੇਣ ਵਾਲੇ ਸਵਰਨ ਸਿਵੀਆ ਨਹੀਂ ਰਹੇ

**-ਮੇਜਰ ਸਿੰਘ ਜਖੇਪਲ-**

ਪੰਜਾਬੀ ਦੇ ਪ੍ਰਸਿੱਧ ਗੀਤਕਾਰ ਸਵਰਨ ਸਿਵੀਆ ਸਾਡੇ ਵਿਚਕਾਰ ਨਹੀਂ ਰਹੇ। ਉਨ੍ਹਾਂ ਨੂੰ ਸੱਭ ਤੋਂ ਵੱਧ ਪ੍ਰਸਿੱਧੀ ਅਮਰ ਸਿੰਘ ਚਮਕੀਲਾ ਦੇ ਗਾਏ ਗੀਤ 'ਸਾਥੋਂ ਬਾਬਾ ਖੋਹ ਲਿਆ ਤੇਰਾ ਨਨਕਾਣਾਂ' ਨਾਲ ਮਿਲੀ ਸੀ। ਇਸ ਤੋਂ ਇਲਾਵਾ ਪੰਜਾਬੀ ਦੇ ਹਰ ਸਿਰਮੌਰ ਪੰਜਾਬੀ ਗਾਇਕ ਨੇ ਉਨ੍ਹਾਂ ਦੇ ਲਿਖੇ ਗੀਤ ਗਾਏ। ਉਨ੍ਹਾਂ ਦੀ ਗੀਤਕਾਰੀ ਵਾਰੇ ਮੇਜਰ ਸਿੰਘ ਜਖਪਾਲ ਨੇ 2017 ਵਿੱਚ ਇਕ ਲੇਖ ਲਿਖਿਆ ਸੀ ਜੋ ਅਸੀਂ ਸਿਵੀਆ ਸਾਬ ਨੂੰ ਸ਼ਰਧਾਂਜਲੀ ਦੇ ਰੂਪ ਵਿੱਚ ਪੇਸ਼ ਕਰ ਰਹੇ ਹਾਂ।

ਸਵਰਨ ਸਿਵੀਆ ਕਿਸਮਤ ਪੱਖੋਂ ਧਨੀ ਗੀਤਕਾਰ ਹੈ, ਕਿਉਂਕਿ ਚਮਕੀਲੇ ਨੇ ਪਹਿਲੇ ਝੱਟੇ ਉਸ ਨੂੰ ਐਨੀ ਸ਼ੋਹਰਤ ਲੈ ਦਿੱਤੀ ਕਿ ਉਹ ਸਮਰੱਥ ਗੀਤਕਾਰਾਂ ਦੀ ਕਤਾਰ ਵਿਚ ਜਾ ਖੜ੍ਹਾ ਹੋਇਆ। ਲੋਕ ਵੀ ਹੈਰਾਨ ਸਨ ਕਿ ਚਮਕੀਲੇ ਨੇ ਆਪਣੇ ਪਹਿਲੇ ਧਾਰਮਿਕ ਐਲ. ਪੀ. 'ਨਾਮ ਜੱਪ ਲੈ' ਵਿਚ ਕਿਸੇ ਨਵੇਂ ਗੀਤਕਾਰ ਦੇ ਪੰਜ ਗੀਤ ਕਿਵੇਂ ਰਿਕਾਰਡ ਕਰਵਾ ਦਿੱਤੇ? ਫਿਰ ਇਸ ਤੋਂ ਅਗਲੇ ਐਲ. ਪੀ. 'ਸਾਥੋਂ ਬਾਬਾ ਖੋਹ ਲਿਆ ਤੇਰਾ ਨਨਕਾਣਾ' ਸਮੇਤ ਚਮਕੀਲਾ-ਅਮਰਜੋਤ ਦੀ ਜੋੜੀ ਨੇ ਛੇ ਗੀਤ ਸਿਵੀਆ ਦੇ ਹੋਰ ਰਿਕਾਰਡ ਕਰਵਾ ਦਿੱਤੇ। ਇਸ ਤੋਂ ਬਾਅਦ ਗਾਇਕਾਂ ਦੀਆਂ ਉਸ ਕੋਲ ਭੀੜਾਂ ਜੁੜਨੀਆਂ ਸ਼ੁਰੂ ਹੋ ਗਈਆਂ।

ਜ਼ਿਲ੍ਹਾ ਲੁਧਿਆਣਾ ਦੇ ਪਿੰਡ ਉੱਪਲ ਵਿਚ ਸਵ: ਮਾਤਾ ਮੁਖਤਿਆਰ ਕੌਰ ਤੇ ਸਵ: ਪਿਤਾ ਤਾਰਾ ਸਿੰਘ ਦੇ ਘਰ ਜਨਮੇ ਸਿਵੀਏ ਨੂੰ ਗੀਤ ਲਿਖਣ ਦੀ ਚੇਟਕ ਲਾਊਡ ਸਪੀਕਰਾਂ 'ਤੇ ਵੱਜਦੇ ਗੀਤਾਂ ਨੂੰ ਸੁਣਨ ਕਰਕੇ ਲੱਗੀ। ਸਰਦੂਲ ਸਿਕੰਦਰ ਤੇ ਅਮਰ ਨੂਰੀ 'ਭਾਬੀਏ ਗਿੱਧੇ ਦੇ ਵਿਚ ਨੱਚ ਲੈ' ਤੇ 'ਮਾਝੇ, ਮਾਲਵੇ ਦੁਆਬੇ ਦੀਆਂ ਜੱਟੀਆਂ' ਨਾਲ ਸਥਾਪਤ ਕਲਾਕਾਰ ਬਣੇ। ਬਿੰਦਰਖੀਏ ਦਾ ਗਾਇਆ ਗੀਤ 'ਲੱਕ ਦੇ ਹੁਲਾਰਿਆਂ ਦਾ ਮੁੱਲ ਕੋਈ ਨਾ' ਵੀ ਸਿਵੀਏ ਨੇ ਲਿਖਿਆ। ਮਨਮੋਹਨ ਵਾਰਿਸ ਦੇ 'ਕਰਦੀ ਇਸ਼ਾਰੇ ਤੇਰੀ ਮੁੰਦਰੀ' ਤੇ 'ਕੀਤੇ ਕਤਲ ਚੌਕ ਵਿਚ ਦਿੱਲੀ' ਗੀਤ ਮਕਬੂਲ ਹੋਏ। ਜਸਪਿੰਦਰ ਨਰੂਲਾ ਨੇ ਆਪਣੀ ਸ਼ੁਰੂਆਤ ਸਿਵੀਏ ਦੇ ਗੀਤ 'ਛੱਡ ਦੇ ਸ਼ਰਾਬ ਚੰਨਾ' ਤੋਂ ਕੀਤੀ।



ਉਸ ਦੇ ਲਿਖੇ ਪ੍ਰਸੰਗ 'ਖਾਲਸੇ ਦਾ ਰਾਜ ਹੋ ਗਿਆ' ਨੂੰ ਕੁਲਦੀਪ ਮਾਣਕ ਨੇ ਰਿਕਾਰਡ ਕਰਵਾਇਆ। ਜੈਜ਼ੀ ਬੀ. ਉਸ ਦੇ ਲਿਖੇ ਗੀਤ 'ਘੁੱਗੀਆਂ ਦੇ ਜੋੜੇ' ਨਾਲ ਹਿੱਟ ਹੋਇਆ। ਇਕ ਧਾਰਮਿਕ ਵੀਡੀਓ ਫਿਲਮ 'ਸਾਕਾ ਸਰਸਾ ਤੋਂ ਸਰਹਿੰਦ' ਬਣਾਈ। ਇਨ੍ਹਾਂ ਤੋਂ ਇਲਾਵਾ ਸਿਵੀਏ ਦੇ ਲਿਖੇ ਚਰਚਿਤ ਗੀਤਾਂ ਵਿਚ 'ਸਰਹਿੰਦ ਦੀ ਦੀਵਾਰੇ', 'ਸਾਡੀ ਕਦੇ ਹੂਰ ਹੁੰਦੀ ਸੀ' (ਦੁਰਗਾ ਰੰਗੀਲਾ) ਤੇ 'ਵਿਆਹ ਕਰਤਾਰੇ ਦਾ' (ਲਾਭ ਜੰਜੂਆ) ਸ਼ਾਮਿਲ ਹਨ। ਸਤਵਿੰਦਰ ਬੁੱਗੇ ਨੇ ਵੀ ਉਸ ਦੇ ਗੀਤਾਂ ਨੂੰ ਗਾਇਆ ਹੈ। ਢਾਡੀ ਰਛਪਾਲ ਸਿੰਘ ਪਮਾਲ ਤੇ ਢਾਡੀ ਚਰਨ ਸਿੰਘ ਆਲਮਗੀਰ ਨੇ ਉਸ ਦੇ ਲਿਖੇ ਕਈ ਧਾਰਮਿਕ ਪ੍ਰਸੰਗ ਰਿਕਾਰਡ ਕਰਵਾਏ ਹਨ। 'ਹੁੱਲੇ-ਹੁਲਾਰੇ' ਪ੍ਰੋਗਰਾਮ ਵਿਚ ਵੀ ਸਿਵੀਏ ਦਾ ਕਾਫ਼ੀ ਯੋਗਦਾਨ ਰਿਹਾ ਹੈ।

ਢਾਡੀ ਅਮਰ ਸਿੰਘ ਸ਼ੌਕੀ, ਚਮਕੀਲਾ, ਮੁਹੰਮਦ ਸਦੀਕ ਤੇ ਰਣਜੀਤ ਕੌਰ ਉਸ ਦੇ ਪਸੰਦੀਦਾ ਗਾਇਕ ਸਨ। ਉਸ ਦਾ ਭਰਾ ਕਰਨੈਲ ਸਿਵੀਆ ਵੀ ਗੀਤਕਾਰ ਹੈ। ਕਿੱਤੇ ਵਜੋਂ ਸਵਰਨ ਸਿਵੀਆ ਜ਼ਿਲ੍ਹਾ ਤੇ ਸੈਸ਼ਨ ਜੱਜ ਲੁਧਿਆਣਾ ਵਿਖੇ ਸਟੈਨੋ-ਟੂ ਦੀ ਪੋਸਟ 'ਤੇ ਬਿਰਾਜਮਾਨ ਸਨ। ਉਸ ਦੇ ਦੋ ਬੇਟੇ ਸੁਖਜੀਤ ਤੇ ਸਰਬਜੀਤ ਹਨ। ਅੱਜਕਲ੍ਹ 'ਯੂ ਟਿਊਬ' 'ਤੇ ਉਸ ਦੇ ਬੇਟੇ ਸੁਖੀ ਸਿਵੀਆ ਦਾ ਗੀਤ 'ਕਿਥੇ ਰਹਿੰਦੀਆਂ ਨੇ ਸਰਕਾਰਾਂ' ਧੁੰਮਾਂ ਪਾ ਰਿਹਾ ਹੈ, ਜਿਸ ਤੋਂ ਉਸ ਨੂੰ ਕਾਫ਼ੀ ਉਮੀਦਾਂ ਹਨ।



ਸਵ: ਦੀਦਾਰ ਸੰਧੂ ਜੀ ਦੀ ਕਲਮ ਦੇ ਮੁਰੀਦ ਬਾਈ ਸਵਰਨ ਸਿਵੀਆ ਦੇ ਲਿਖੇ ਹੁਣ ਤੱਕ 300 ਤੋਂ ਵੱਧ ਗੀਤ ਰਿਕਾਰਡ ਹੋ ਚੁੱਕੇ ਹਨ। ਜਿਨ੍ਹਾਂ ਵਿੱਚੋਂ ਚਮਕੀਲਾ ਅਮਰਜੋਤ ਨੇ 12, ਕੁਲਦੀਪ ਮਾਣਕ ਨੇ 20, ਸਦੀਕ ਨੇ 4, ਦੁਰਗਾ ਰੰਗੀਲਾ ਨੇ 20, ਜੈਜ਼ੀ ਬੀ ਨੇ 4, ਬਿੱਟੀ ਨੇ 17, ਮਨਮੋਹਨ ਵਾਰਿਸ ਨੇ 2, ਲਾਭ ਜੰਜੂਆ 10, ਜਸਪਿੰਦਰ ਨਰੂਲਾ ਅਤੇ ਛਿੰਦਾ ਨੇ 2-2, ਮਲਕੀਤ ਸਿੰਘ 18, ਬਿੰਦਰਖੀਏ ਨੇ 4 ਗੀਤ ਰਿਕਾਰਡ ਕਿਰਾਏ। ਸਰਦੂਲ ਸਿਕੰਦਰ, ਚੀਮਾ ਤੇ ਗਿੱਪੀ ਨੇ ਸ਼ੁਰੂਆਤੀ ਗੀਤ ਹੀ ਸਿਵੀਆ ਦੇ ਲਿਖੇ ਗਾਏ ਸਨ। ਸਵਰਨ ਸਿਵੀਆ ਦਾ ਬੇਟਾ ਸੁੱਖੀ ਸਿਵੀਆ ਦੀ ਆਵਾਜ਼ ਵਿੱਚ ਗਾਏ ਗੀਤਾਂ ਨੇ ਵੀ ਧੁੰਮਾਂ ਪਾ ਦਿੱਤੀਆਂ ਸਨ। ਕੁਲਵਿੰਦਰ ਜੌਹਲ, ਕੁਲਵਿੰਦਰ ਢਿੱਲੋਂ, ਦੀਪਕ ਢਿੱਲੋਂ, ਅੰਮ੍ਰਿਤਾ ਵਿਰਕ, ਨਿੱਕੂ, ਰੰਜਨਾ ਤੋਂ ਇਲਾਵਾ ਕੁਝ ਢਾਡੀਆਂ ਨੇ ਵੀ ਸਿਵੀਆ ਦੇ ਲਿਖੇ ਪਰਸੰਗਾਂ ਨੂੰ ਵਾਰਾਂ ਰਾਂਹੀਂ ਆਵਾਜ ਦਿੱਤੀ।

**-ਗੁਰਵਿੰਦਰ ਔਲਖ**



Sri Satguru Jagjit Singh Ji eLibrary NamdhariElibrary@gmail.com

# ਸਮਾਜ ਵਿੱਚ ਏਕਤਾ ਲਈ ਡਟ ਕੇ ਪਹਿਰਾ ਦੇਣ ਵਾਲਾ ਗਾਇਕ ਹੈ ਗੁਰਦਾਸ ਮਾਨ

**-ਤੇਜਿੰਦਰ ਫ਼ਤਿਹਪੁਰ-**

ਪੰਜਾਬੀ ਮਾਂ-ਬੋਲੀ ਦੇ ਮਹਾਨ ਸਪੂਤ, ਸੱਚੇ ਸੇਵਕ, ਮਹਾਨ ਅਦਾਕਾਰ ਤੇ ਪੰਜਾਬੀ ਗਾਇਕੀ ਦੇ ਸਿਖਰ ਗੁਰਦਾਸ ਮਾਨ ਜੀ ਨੂੰ ਜਨਮ ਦੀਆਂ ਬਹੁਤ-ਬਹੁਤ ਮੁਬਾਰਕਾਂ। ਗੁਰਦਾਸ ਮਾਨ ਉਹ ਮਹਾਨ ਸ਼ਖਸੀਅਤ ਹੈ ਜਿਸ ਨੇ ਜ਼ੁਰਮ ਅਤੇ ਸਮਾਜਿਕ ਅਲਾਮਤਾਂ ਖਿਲਾਫ ਨਿਡਰ ਹੋ ਕੇ ਲਿਖਿਆ ਤੇ ਗਾਇਆ ਹੈ। ਗੁਰਦਾਸ ਮਾਨ ਸੱਚਾ ਕਰਮਯੋਗੀ ਹੈ, ਉਹ ਹਰ ਹਾਲ ਵਿੱਚ ਆਪਣੇ ਚਾਹੁਣ ਦੀਆਂ ਉਮੀਦਾਂ 'ਤੇ ਖ਼ਰਾ ਉਤਰਦਾ ਹੈ। ਇਹ ਗੁਰਦਾਸ ਮਾਨ ਹੀ ਹੈ ਜਿਸ ਨੇ ਹਮੇਸ਼ਾ ਸਮਾਜ ਵਿੱਚ ਏਕਤਾ ਲਈ ਡਟ ਕੇ ਪਹਿਰਾ ਦਿੱਤਾ ਹੈ ਅਤੇ ਸਮਾਜ 'ਚ ਵੰਡੀਆਂ ਪਾਉਣ ਵਾਲੀਆਂ ਤਾਕਤਾਂ ਖਿਲਾਫ ਨਿਡਰਤਾ ਨਾਲ ਲਿਖਿਆ ਤੇ ਗਾਇਆ ਹੈ। ਪੰਜਾਬ ਵਿੱਚ ਕਾਲੇ ਦਿਨਾਂ ਦੌਰਾਨ ਵੀ ਉਹ ਬੇਖੌਫ ਹੋ ਕੇ ਬਿਨਾਂ ਕਿਸੇ ਸੁਰੱਖਿਆ ਕਰਮੀਆਂ ਤੋਂ ਵਿਚਰਦਾ ਰਿਹਾ ਹੈ ਅਤੇ ਅੱਜ ਵੀ ਉਹ ਬਾਊਂਸਰਾਂ ਜਾਂ ਗੰਨਮੈਨਾਂ ਦੇ ਸਭਿਆਚਾਰ ਤੋਂ ਕੋਹਾਂ ਦੂਰ ਹੈ।

ਪੰਜਾਬ ਦੀ ਧਰਤੀ ਉੱਤੇ ਹੁੰਦੇ ਅੱਤਿਆਚਾਰਾਂ ਖਿਲਾਫ ਗੁਰਦਾਸ ਲਿਖਦਾ ਹੈ.....

"ਮੈਂ ਧਰਤੀ ਪੰਜਾਬ ਦੀ ਲੋਕੋ ਵੱਸਦੀ ਉੱਜੜ ਗਈ"

ਕਦੀ ਆਪਣੀ ਮਾਂ-ਬੋਲੀ ਨੂੰ ਵਿਸਾਰ ਕੇ ਆਪਣੇ ਬੱਚਿਆਂ ਨੂੰ ਅੰਗਰੇਜ਼ੀ ਦਾ ਲੜ ਫੜਾ ਰਹੇ ਮਾਪਿਆਂ ਬਾਰੇ ਲਿਖਦਾ ਹੈ.....

"ਪੰਜਾਬੀਏ ਜ਼ੁਬਾਨੇ ਨੀ ਰਕਾਨੇ ਮੇਰੇ ਦੇਸ਼ ਦੀਏ ਫਿੱਕੀ ਪੈ ਗਈ ਚਿਹਰੇ ਦੀ ਨੁਹਾਰ,
ਮੀਢੀਆਂ ਖਿਲਾਰੀ ਫਿਰੇ ਨੀ ਬੁੱਲ੍ਹੇ ਦੀਏ ਕਾਫੀਏ ਨੀ ਕੀਹਨੇ ਤੇਰਾ ਲਾ ਲਿਆ ਸ਼ਿੰਗਾਰ"

ਇਨਸਾਨੀਅਤ ਲਈ ਸਰਬੰਸ ਵਾਰਨ ਵਾਲੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਬਾਰੇ ਮਾਨ ਲਿਖਦਾ ਹੈ.....

"ਸਰਬੰਸ ਦਾਨੀਆਂ ਵੇ ਦੇਣਾ ਕੌਣ ਦੇਊਗਾ ਤੇਰਾ"

ਯਾਰੀਆਂ ਦੀ ਮਿਸਾਲ ਗੁਰਦਾਸ ਆਪਣੇ ਯਾਰਾਂ ਅਤੇ ਯਾਰੀਆਂ ਬਾਬਤ ਲਿਖਦਾ ਹੈ.....

"ਕਿਸੇ ਅੱਲ੍ਹਾ ਦੇ ਫ਼ਕੀਰ ਦੀ ਦੁਆ ਵਰਗੇ,
ਮੈਨੂੰ ਯਾਰ ਮੇਰੇ ਜਾਪਦੇ ਖ਼ੁਦਾ ਵਰਗੇ"

ਯਾਰ ਮਾਰ ਕਰਨ ਵਾਲਿਆਂ ਨੂੰ ਲਾਹਨਤਾਂ ਪਾਉਂਦਾ ਗੁਰਦਾਸ ਲਿਖਦਾ ਹੈ.....

"ਦੇਖੇ ਯਾਰ ਮੁਹੱਬਤਾਂ ਪਾ ਕੇ ਪੌੜੀ
ਖਿੱਚਦੇ ਸਿਖਰ ਚੜ੍ਹਾ ਕੇ,
ਤੌਬਾ ਯਾਰਾਂ ਦੀ ਯਾਰੀ ਦੇ ਇੱਜ਼ਤਾਂ ਲੁੱਟਦੇ ਭੈਣ ਬਣਾਕੇ"

ਜ਼ਿੰਦਗੀ ਵਿੱਚ ਮਾਂ-ਬਾਪ ਦੀ ਅਹਿਮੀਅਤ ਬਾਰੇ ਓਹ ਗੰਭੀਰਤਾ ਨਾਲ ਲਿਖਦਾ ਹੈ.....

"ਮਾਪਿਆਂ ਦਾ ਦਿਲ ਨਾ ਦੁਖਾਇਓ ਸੋਹਣਿਓ,
ਲੱਭੀ ਹੋਈ ਚੀਜ਼ ਨਾ ਗਵਾਇਓ ਸੋਹਣਿਓ"

ਧੀਆਂ ਸਮੇਤ ਹੀਰ ਦਾ ਪੱਖ ਪੂਰਦਿਆਂ ਗੁਰਦਾਸ ਨੇ ਲਿਖਿਆ ਹੈ.....

"ਸੱਤ ਭਰਾ ਇੱਕ ਮਿਰਜ਼ਾ ਬਾਕੀ ਕਿੱਸਾਕਾਰਾਂ ਨੇ,
'ਕੱਲੀ ਸਹਿਬਾਂ ਬੁਰੀ ਬਣਾਤੀ ਮਰਦ ਹਜ਼ਾਰਾਂ ਨੇ"

ਇੱਕ ਸੜਕ ਹਾਦਸੇ ਦੌਰਾਨ ਹੋਈ ਆਪਣੇ ਸਾਥੀ ਤੇਜਪਾਲ ਦੀ ਮੌਤ ਬਾਰੇ ਉਹ ਦਿਲੋਂ ਭਾਵੁਕ ਹੁੰਦਾ ਕਹਿੰਦੈ.....

"ਅੱਖਾਂ ਖੁੱਲੀਆਂ ਜਦੋਂ ਖ਼ੁਮਾਰੀ ਉੱਤਰ ਗਈ,
ਬੈਠੀ ਸਾਡੇ ਨਾਲ ਸਵਾਰੀ ਉੱਤਰ ਗਈ"

ਆਪਣੇ ਪੀਰ-ਓ-ਮੁਰਸ਼ਦ ਨੂੰ ਆਪਾ ਸਮਰਪਿਤ ਕਰਦਿਆਂ ਗੁਰਦਾਸ ਲਿਖਦਾ ਹੈ.....

"ਤੇਰੇ ਪੈਰੀਂ ਝਾਂਜਰ ਹਾਂ ਤੇਰੇ ਹੱਥ ਦੀ ਖੰਜਰੀ ਹਾਂ,
ਮਰਜਾਣਿਆਂ ਮਾਨਾਂ ਵੇ ਸਾਈਂਆਂ ਦੀ ਕੰਜਰੀ ਹਾਂ"

ਆਪਣੇ ਮੁਰਸ਼ਦ 'ਤੇ ਅਟੁੱਟ ਵਿਸ਼ਵਾਸ਼ ਅਤੇ ਉਸਦੀ ਰਹਿਮਤ ਬਾਰੇ ਗੁਰਦਾਸ ਲਿਖਦਾ ਹੈ.....

"ਮੈਂ ਲੱਜਪਾਲਾਂ ਦੇ ਲੜ ਲੱਗੀ ਆਂ
ਮੈਥੋਂ ਸਭ ਗਮ ਪਰ੍ਹੇ ਰਹਿੰਦੇ,
ਮੈਂ ਮੰਗਤੀ ਪੀਰਾਂ ਦੀ ਮੇਰੇ ਠੂਠੇ ਭਰੇ ਰਹਿੰਦੇ"

ਹੱਕ ਹਲਾਲ ਦੀ ਰੋਜ਼ੀ ਰੋਟੀ ਕਮਾਉਣ ਤੇ ਖਾਣ ਦਾ ਸੱਦਾ ਦਿੰਦਿਆਂ ਗੁਰਦਾਸ ਨੇ ਗਾਇਆ.....

"ਰੋਟੀ ਹੱਕ ਦੀ ਖਾਈਏ ਜੀ ਭਾਵੇਂ ਬੂਟ ਪਾਲਿਸ਼ਾਂ ਕਰੀਏ"

ਕਾਲਜ ਵਿੱਚ ਪੜ੍ਹਦਿਆਂ ਆਪਣੇ ਸਾਥੀਆਂ ਦੀ ਪੜ੍ਹਾਈ ਪੂਰੀ ਹੋਣ ਉਪਰੰਤ ਉਹਨਾਂ ਦੇ ਕਾਲਜ ਛੱਡਣ ਮੌਕੇ ਗੁਰਦਾਸ ਭਾਵੁਕ ਹੁੰਦਾ ਲਿਖਦੈ.....

"ਪੀੜ ਤੇਰੇ ਜਾਣ ਦੀ ਕਿੱਦਾਂ ਜਰਾਂਗਾ ਮੈਂ,
ਤੇਰੇ ਬਗੈਰ ਜ਼ਿੰਦਗੀ ਕੀ ਕਰਾਂਗਾ ਮੈਂ"

ਤੇ ਜਦੋਂ ਪੜ੍ਹਾਈ ਪੂਰੀ ਕਰਕੇ ਕਾਲਜ ਛੱਡਣ ਦੀ ਆਪਣੀ ਵਾਰੀ ਆਈ ਤਾਂ ਗੁਰਦਾਸ ਨੇ ਬੇਹੱਦ ਭਾਵੁਕ ਹੁੰਦਿਆਂ ਗਾਇਆ.....

"ਦੋਸਤਾਂ ਦੀ ਦੋਸਤੀ ਦੇ ਨਾਮ ਕਰ ਚੱਲੇ ਆਂ,
ਅਸੀਂ ਤੇਰੇ ਸ਼ਹਿਰ ਨੂੰ ਸਲਾਮ ਕਰ ਚੱਲੇ ਆਂ"

ਪੰਜ ਦਰਿਆਵਾਂ ਦੀ ਧਰਤੀ ਪੰਜਾਬ ਅੰਦਰ ਵਗ ਰਹੇ ਛੇਵੇਂ ਦਰਿਆ ਨਸ਼ੇ ਖਾਸਕਰ ਸਮੈਕ ਨਾਲ ਉਜੜ ਰਹੇ ਘਰਾਂ ਦਾ ਦਰਦ ਬਿਆਨ ਕਰਦਿਆਂ ਮਾਨ ਲਿਖਦੈ.....



"ਚਿੱਟੇ ਦਾ ਤੁਫ਼ਾਨ ਏਨਾ ਬਾਹਲਾ ਹੋ ਗਿਆ,
ਰੰਗਲਾ ਪੰਜਾਬ ਮੇਰਾ ਕਾਲਾ ਹੋ ਗਿਆ"

ਜੋਤਸ਼ੀਆਂ ਦੇ ਚੱਕਰਾਂ 'ਚ ਪੈ ਕੇ ਦੌਲਤ ਤੇ ਸ਼ੋਹਰਤ ਖੱਟਣਾ ਚਾਹੁੰਦੇ ਲੋਕਾਂ ਅਤੇ ਰੱਬ 'ਤੇ ਅਧੂਰਾ ਵਿਸ਼ਵਾਸ਼ ਰੱਖਣ ਵਾਲੇ ਲੋਕਾਂ ਬਾਰੇ ਗੁਰਦਾਸ ਕਹਿੰਦੈ.....

"ਘਰ ਜੋਤਸ਼ੀ ਬੁਲਾਏ ਰਾਹੂ ਕੇਤੂ ਵੀ ਦਿਖਾਏ
ਜੇ ਹੱਥ ਪੈਰ ਨਾ ਚਲਾਏ ਤਕਦੀਰ ਕੀ ਕਰੇ,
ਮੱਥਾ ਟੇਕਣਾ ਨਾ ਆਵੇ ਤੇ ਫ਼ਕੀਰ ਕੀ ਕਰੇ
ਤੈਨੂੰ ਮੰਗਣਾ ਨਾ ਆਵੇ ਗੁਰੂ ਪੀਰ ਕੀ ਕਰੇ"

ਪੈਰੀਂ ਝਾਂਜਰ ਬੰਨ ਕੇ ਸਟੇਜਾਂ ਤੇ ਨੱਚਦਿਆਂ ਮੁਰਸ਼ਦ ਦੀ ਇਬਾਦਤ ਕਰਨ ਵਾਲੇ ਗੁਰਾਂ ਦੇ ਦਾਸ ਬਾਰੇ ਜਿੰਨਾਂ ਵੀ ਲਿਖਿਆ ਜਾਵੇ ਓਨਾਂ ਹੀ ਥੋੜਾ ਹੈ ਸੋ ਮੈਂ ਆਪਣੀ ਗੱਲ ਨੂੰ ਇੱਥੇ ਹੀ ਵਿਰਾਮ ਦਿੰਦਾ ਹੋਇਆ ਅਕਾਲ ਪੁਰਖ ਦੇ ਚਰਨਾਂ ਵਿੱਚ ਅਰਦਾਸ ਕਰਦਾ ਹਾਂ ਕਿ ਵਾਹਿਗੁਰੂ ਗੁਰਦਾਸ ਮਾਨ ਦੀ ਉਮਰ ਦਾ ਸਫਰ ਲਮੇਰਾ ਕਰੇ ਅਤੇ ਯਾਰਾਂ ਦਾ ਯਾਰ ਗੁਰਦਾਸ ਮਾਨ ਹਮੇਸ਼ਾ ਤੰਦਰੁਸਤ ਰਹੇ ਤੇ ਆਪਣੀ ਸੁਰੀਲੀ ਗਾਇਕੀ ਰਾਹੀਂ ਇਸੇ ਤਰਾਂ ਸਰੋਤਿਆਂ ਦੇ ਹਿਰਦੇ ਠਾਰਦਾ ਰਹੇ। ਮੈਂ ਕਾਮਨਾ ਕਰਦਾ ਹਾਂ ਕਿ ਹਰ ਸਮਾਜਿਕ ਬੁਰਾਈ ਅਤੇ ਜ਼ੁਰਮ ਦੇ ਖਿਲਾਫ ਨਿਡਰਤਾ ਨਾਲ ਲਿਖਣ ਤੇ ਗਾਉਣ ਵਾਲੀਆਂ ਗੁਰਦਾਸ ਮਾਨ ਵਰਗੀਆਂ ਪਿਆਰੀਆਂ ਰੂਹਾਂ ਹਰ ਯੁੱਗ ਵਿੱਚ ਪੈਦਾ ਹੋਣ ਤਾਂ ਜੋ ਸਮੁੱਚੀ ਲੋਕਾਈ ਰੱਬ ਦੇ ਅਜਿਹੇ ਫ਼ੱਕਰਾਂ 'ਤੇ ਮਾਣ ਕਰਦੀ ਰਹੇ.....ਆਮੀਨ!



Sri Satguru Jagjit Singh Ji eLibrary NamdhariElibrary@gmail.com

# ਪੰਜਾਬੀ ਗੀਤ ਸੰਗੀਤ ਦੇ ਇਤਿਹਾਸ ਦੇ ਕੁੱਝ ਪੰਨੇ

**• ਅਸ਼ੋਕ ਬਾਂਸਲ ਮਾਨਸਾ •**

ਪੰਜਾਬੀ ਸੰਗੀਤ ਨੂੰ ਪਿਆਰ ਕਰਨ ਵਾਲੇ ਦੋਸਤੋ ਆਓ ਪੰਜਾਬੀ ਗੀਤ ਸੰਗੀਤ ਦੇ ਇਤਿਹਾਸ ਦੇ ਕੁੱਝ ਪੰਨੇ ਪਰਤੀਏ। ਅੱਜ ਤੋਂ 45 ਵਰ੍ਹੇ ਪਹਿਲਾਂ ਪੰਜਾਬ ਦੀਆਂ ਹੱਟੀਆਂ, ਭੱਠੀਆਂ, ਸੱਥਾਂ, ਦਰਵਾਜ਼ਿਆਂ 'ਤੇ ਪੰਜਾਬੀ ਗਾਇਕੀ ਦੀ ਹਰਮਨ ਪਿਆਰੀ ਵਿਧਾ ਜਿਸ ਨੂੰ 'ਕਲੀ' ਆਖਦੇ ਹਨ। ਕਲੀ ਦਾ ਦਾਇਰਾ ਬਹੁਤ ਵਿਸ਼ਾਲ ਹੋ ਗਿਆ ਸੀ। ਉਸ ਤੋਂ ਪਹਿਲਾਂ ਬੇਸ਼ੱਕ ਦੀਦਾਰ ਸਿੰਘ ਰਟੈਂਡਾ, ਅਮਰ ਸਿੰਘ ਸਿੰਘ ਸ਼ੌਂਕੀ, ਉਦੇ ਸਿੰਘ ਦੀਆਂ ਗਾਈਆਂ ਹੋਈਆਂ ਕਲੀਆਂ ਪੇਂਡੂ ਸੱਥਾਂ ਦਾ ਸ਼ਿੰਗਾਰ ਸਨ ਪਰ 1976 ਵਿੱਚ ਗੀਤਕਾਰ ਹਰਦੇਵ ਦਿਲਗੀਰ ਦੇ ਲਿਖੇ ਗੀਤ, ਕੁਲਦੀਪ ਮਾਣਕ ਦੀ ਤਰੋ ਤਾਜ਼ਾ ਆਵਾਜ਼ ਵਿੱਚ ਕੇਸਰ ਸਿੰਘ ਨਰੂਲੇ ਦੇ ਸੰਗੀਤ ਨਾਲ ਸ਼ਿੰਗਾਰਿਆ ਇਕ ਐਲ. ਪੀ. ਰਿਕਾਰਡ ਵਿਸ਼ਵ ਪ੍ਰਸਿੱਧ ਕੰਪਨੀ ਐਚ. ਐਮ. ਵੀ. ਨੇ ਬਣਾਇਆ ਸੀ, ਜਿਸ ਨਾਲ ਪੰਜਾਬੀ ਗੀਤਾਂ ਦਾ ਦਾਇਰਾ ਪੇਂਡੂ ਸੱਥਾਂ ਨੂੰ ਪਾਰ ਕਰਦਾ ਹੋਇਆ ਕਾਲਜਾਂ, ਯੂਨੀਵਰਸਿਟੀਆਂ ਤੱਕ ਪੁੱਜ ਗਿਆ ਸੀ। ਇਸ ਐਲ. ਪੀ. ਰਿਕਾਰਡ ਵਿੱਚ ਕੁੱਲ ਗਿਆਰਾਂ ਗੀਤ ਸਨ। ਜਿਸ ਕਲੀ ਦੀ ਮੈਂ ਸ਼ੁਰੂਆਤ ਵਿੱਚ ਗੱਲ ਕੀਤੀ ਐ ਉਹ ਐ 'ਤੇਰੇ ਟਿੱਲੇ ਤੋਂ ਔਹ ਸੂਰਤ ਦੀਹਦੀ ਆ ਹੀਰ ਦੀ' ਇਸ ਤੋਂ ਇਲਾਵਾ ਇਸ ਵਿਚਲੇ ਬਾਕੀ ਦੇ ਦਸ ਗੀਤ ਵੀ ਅਮਰ ਗੀਤ ਹਨ। ਪੰਜਾਬ ਦੀ ਨਵੀਂ ਪੀੜ੍ਹੀ ਨੂੰ ਇਸ ਇਤਿਹਾਸ ਨਾਲ ਜੋੜਨ ਮੈਂ ਉਸ ਰਿਕਾਰਡ ਦੇ ਉੱਪਰ ਲਿਖੀ ਸ਼ਬਦਾਵਲੀ ਤੇ ਤਸਵੀਰਾਂ ਸਮੇਤ ਦਿਖਾਉਣ ਦਾ ਯਤਨ ਕਰ ਰਿਹਾ ਹਾਂ ਇੱਥੇ ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਕੁਲਦੀਪ ਮਾਣਕ ਦੀ ਆਵਾਜ਼ ਤਾਂ 1969 ਵਿੱਚ ਪੰਜਾਬ ਵਿੱਚ ਮਾਨਸੂਨ ਵਾਂਗੂੰ ਦਸਤਕ ਦੇ ਚੁੱਕੀ ਸੀ ਪਰ ਕਾਲੀ ਘਟਾ ਬਣ ਕੇ ਇਸ ਐਲ. ਪੀ. ਰਿਕਾਰਡ ਨਾਲ ਹੀ ਵਰ੍ਹੀ।




ਤੂੰਬੀ ਉੱਤੇ ਪੰਜਾਬ ਦੇ ਅਮਰ ਗੀਤ (ਕੁਲਦੀਪ ਮਾਣਕ)

ਗੀਤਕਾਰ - ਹਰਦੇਵ ਦਿਲਗਿਰ, ਸੰਗੀਤ - ਕੇ. ਐਸ. ਨਰੂਲਾ

ਸਾਈਡ-ਏ

1-ਸਰਵਣ ਕੁਮਾਰ (ਛੇਤੀ ਕਰ ਸਰਵਣ ਬੱਚਾ)

ਸਰਵਣ ਕੁਮਾਰ ਦਸ਼ਰਥ ਦਾ ਭਾਣਜਾ... ਅੰਧਲੇ ਮਾਤਾ ਪਿਤਾ ਦਾ ਇਕਲੌਤਾ ਪੁੱਤ... ਜਿਸ ਨੇ ਮਾਤਾ ਪਿਤਾ ਨੂੰ ਵਹਿੰਗੀ ਵਿੱਚ ਬਿਠਾ ਕੇ ਤੀਰਥ ਯਾਤਰਾ ਕਰਾਈ

2- ਰਾਂਝੇ ਦੀ ਕਲੀ (ਤੇਰੇ ਟਿੱਲੇ ਤੋਂ ਔਹ ਸੂਰਤ ਦੀਹੰਦੀ ਆ ਹੀਰ)

ਰੰਗਪੁਰ ਤੋਂ ਅੱਠ ਕੋਹ ਦੂਰ... ਟਿੱਲੇ ਤੇ ਜੋਗ ਲੈਣ ਆਇਆ ਰਾਂਝਾ... ਹੀਰ ਜੱਟੀ ਦੀਆਂ ਸਿਫ਼ਤਾਂ ਕਰਦਾ ਹੈ...

3- ਜੱਟੀ ਸਾਹਿਬਾਂ (ਯਾਰੋ ਰੰਨਾਂ ਚੰਚਲ ਹਾਰੀਆਂ)

ਸਰਦੂਲ ਖਾਂ ਮਿਰਜ਼ੇ ਦਾ ਭਰਾ... ਜੰਡ ਥੱਲੇ ਮਿਰਜ਼ੇ ਦੀ ਲਾਸ਼ ਦੇਖ ਕੂਕਦਾ ਹੈ... ਯਾਰੋ ਰੰਨਾਂ ਚੰਚਲ ਹਾਰੀਆਂ...




4- ਬੇਗੋ ਨਾਰ (ਸਿਖਰ ਦੁਪਹਿਰੇ ਵਰਗੀ ਬੇਗੋ ਜਦ ਹੱਟੀ ਤੇ)

ਬੇਗੋ ਰਾਵੀ ਪਾਰ ਦੀ ਮੁਟਿਆਰ... ਲਾਹੌਰ ਦਾ ਬਾਣੀਆਂ ਇੰਦਰ ਮੱਲ... ਉਸ ਦੇ ਰੂਪ ਦਾ ਆਸ਼ਕ...

5- ਸਾਹਿਬਾਂ ਦਾ ਖ਼ਤ (ਚਿੱਠੀਆਂ ਸਾਹਿਬਾਂ ਜੱਟੀ ਨੇ)

ਕਰਮੂ ਬਾਹਮਣ ਹੱਥੋਂ... ਸਾਹਿਬਾਂ ਦਾ ਖਤ ਫੜ... ਮਿਰਜ਼ਾ ਖਤ ਨੂੰ ਚੁੰਮ ਕੇ ਕਾਲਜੇ ਲਾ ਲੈਂਦਾ ਹੈ...

6- ਰਾਂਝਾ ਜੋਗੀ (ਇਕ ਜੋਗੀ ਟਿੱਲਿਓਂ ਆ ਗਿਆ ਨੀ ਭਾਬੀ)

ਰਾਂਝੇ ਦਾ ਰੂਪ ਦੇਖ... ਸਾਹਿਤੀ ਆਪਣੀ ਭਾਬੀ ਹੀਰ ਸਿਫ਼ਤਾਂ ਕਰਦੀ ਹੈ... ਜੋਗੀ ਦੇ ਰੂਪ ਦੀਆਂ...

ਸਾਈਡ-ਬੀ

7- ਦੁੱਲਾ ਭੱਟੀ (ਲੱਧੀ ਨੇ ਜਦੋਂ ਦੁੱਲਾ ਜੰਮਿਆਂ)

ਫਰੀਦ ਸਾਂਦਲ ਬਾਰ ਦਾ ਰਾਠ... ਐਤਵਾਰ ਉਸਦੇ ਘਰ ਪੁੱਤ ਜੰਮਿਆ... ਜਿਸ ਦਾ ਨਾਉਂ ਰੱਖਿਆ ਦੁੱਲਾ

8- ਕੌਲਾਂ ਭਗਤਨੀ (ਬੀਜੇ ਨੇ ਕੌਲਾਂ ਤਿਆਗੀ)

ਕੌਲਾਂ ਪੋਹੜ ਮੱਲ ਦੀ ਧੀ... ਬੀਜੇ ਦੀ ਪਤੀਵਰਤਾ ਪਤਨੀ... ਜਿਸ ਨੂੰ ਝੂਠੀ ਤੋਹਮਤ ਲੱਗ ਗਈ

9- ਮਾਤਾ ਲੱਧੀ (ਮਾਤਾ ਲੱਧੀ ਪਈ ਬੋਲਦੀ)

ਮਾਤਾ ਲੱਧੀ ਦੁੱਲੇ ਦੀ ਮਾਂ... ਚੰਧੜਾਂ ਦੀ ਧੀ... ਮਰਦਾਂ ਵਰਗੀ ਬਹਾਦਰ ਔਰਤ...

10- ਕੀਮਾ ਮਲਕੀ (ਗੜ੍ਹਮੁਗਲਾਣੇ ਦੀਆਂ ਨਾਰਾਂ)

ਮਲਕੀ ਗੜ੍ਹਮੁਗਲਾਣੇ ਦੇ ਰਾਏ ਮੁਬਾਰਿਕ ਦੀ ਧੀ... ਕੀਮਾ ਤਖਤ ਹਜ਼ਾਰੇ ਦੇ ਚੋਧਰੀਆਂ ਦਾ ਪੁੱਤ... ਮਲਕੀ ਦੇ ਘਰ ਵਾਲਾ...

11-ਮੇਰੇ ਯਾਰ ਨੂੰ ਮੰਦਾ ਨਾ ਬੋਲੀਂ

ਯਾਰ ਰੱਬ ਹੁੰਦਾ ਹੈ... ਤੇ ਰੱਬ ਯਾਰ... ਜਿਵੇਂ ਹੀਰ ਦਾ ਰਾਂਝਾ... ਸੱਸੀ ਦਾ ਪੁੰਨੂ... ਮਜਨੂੰ ਦੀ ਲੈਲਾ... ਸੋਹਣੀ ਦਾ ਮਹੀਂਵਾਲ

**ਨੋਟ** - ਇਸ ਰਿਕਾਰਡ ਦੀ ਇਕ ਬਹੁਤ ਦਿਲਚਸਪ ਕਹਾਣੀ ਵੀ ਐ, ਜੋ ਕਿਸੇ ਵੱਖਰੀ ਪੋਸਟ ਵਿੱਚ ਸਾਂਝੀ ਕਰਾਂਗਾ... ਇਨ੍ਹਾਂ ਗੀਤਾਂ ਦੇ ਮੂਲ ਉੱਤੇ ਵੀ ਨੁਕਤਾਚੀਨੀ ਨੂੰ ਵੀ ਬਹੁਤ ਥਾਂ ਹੈ ਜਿਸ ਦਾ ਜ਼ਿਕਰ ਕਦੇ ਫੇਰ।


Sri Satguru Jagjit Singh Ji eLibrary NamdhariElibrary@gmail.com

# ਪੰਜਾਬੀਅਤ ਦਾ ਸਿਰਨਾਵਾਂ ਹਨ ਸੁਰਿੰਦਰ ਕੌਰ ਦੇ ਰਿਕਾਰਡ ਹੋਏ ਗੀਤ

**-ਅਸ਼ੋਕ ਬਾਂਸਲ ਮਾਨਸਾ-**

ਸੁਰਿੰਦਰ ਕੌਰ ਦੇ ਦੋ-ਗਾਣਿਆਂ ਵਾਲੇ ਸੁਪਰ-7 ਰਿਕਾਰਡ ਦਾ ਕਵਰ ਜਿਸ ਵਿੱਚ ਸੁਰਿੰਦਰ ਕੌਰ ਜੀ ਨਾਲ ਸਾਥੀ ਗਾਇਕ ਹਨ—ਰਮੇਸ਼ ਰੰਗੀਲਾ, ਮੁਹੰਮਦ ਸਦੀਕ, ਕਰਨੈਲ ਗਿੱਲ, ਅਜੀਤ ਸਿੰਘ ਰੰਗੀਲਾ ਜੱਟ ਅਤੇ ਗੁਰਮੇਲ ਸਿੰਘ ਪੰਛੀ। ਇਹ ਰਿਕਾਰਡ ਅਣਵੰਡੇ ਪੰਜਾਬ ਅਤੇ ਪੰਜਾਬੀਅਤ ਦੀ ਤਸਵੀਰ ਹੈ। ਇਸ ਦੀ ਪ੍ਰਮੁੱਖ ਗਾਇਕਾ ਸੁਰਿੰਦਰ ਕੌਰ ਲਾਹੌਰ ਦੀ ਜੰਮੀ ਜਾਈ ਸੀ। ਰਮੇਸ਼ ਰੰਗੀਲਾ ਵੀ ਗੁਜਰਾਂਵਾਲਾ (ਹੁਣ ਪਾਕਿਸਤਾਨ) ਦੀ ਪੈਦਾਇਸ਼ ਸੀ। ਮੁਹੰਮਦ ਸਦੀਕ ਰਾਮਪੁਰ ਕਟਾਣੀ (ਲੁਧਿਆਣਾ)। ਕਰਨੈਲ ਗਿੱਲ ਗੁਰੂਸਰ (ਲਾਇਲਪੁਰ) ਹੁਣ ਪਾਕਿਸਤਾਨ। ਅਜੀਤ ਸਿੰਘ ਰੰਗੀਲਾ (ਨਕੋਦਰ) ਅਤੇ ਗੁਰਮੇਲ ਸਿੰਘ ਪੰਛੀ ਲੁਧਿਆਣੇ ਦਾ। ਜਦੋਂ ਕਿ ਮੁਹੰਮਦ ਸਦੀਕ (ਇਸਲਾਮ), ਰਮੇਸ਼ ਰੰਗੀਲਾ (ਹਿੰਦੂ) ਸੁਰਿੰਦਰ ਕੌਰ ਕਰਨੈਲ ਗਿੱਲ,




ਅਜੀਤ ਸਿੰਘ ਰੰਗੀਲਾ, ਗੁਰਮੇਲ ਪੰਛੀ (ਸਿੱਖ ਧਰਮ) ਨਾਲ ਸਬੰਧਿਤ ਹਨ। ਇਸ ਰਿਕਾਰਡ ਦੇ ਸੰਗੀਤਕਾਰ ਪੰਨਾ ਲਾਲ ਕੱਥਕ (ਹਿੰਦੂ) ਧਰਮ ਨਾਲ ਸਬੰਧਿਤ ਸਨ। ਪੰਨਾ ਲਾਲ ਜੀ ਅੱਜ ਦੇ ਚਰਚਿਤ ਸੰਗੀਤਕਾਰ ਜੈਦੇਵ ਕੁਮਾਰ ਦੇ ਪਿਤਾ ਸਨ। ਜਦੋਂ ਕਿ ਨਿਰਮਾਤਾ ਜ਼ਹੀਰ ਅਹਿਮਦ (ਇਸਲਾਮ) ਨਾਲ ਸਬੰਧਤ ਹਨ। ਇਸ ਵਿਚਲੇ ਗੀਤਾਂ ਦੇ ਗੀਤਕਾਰ ਬਾਬੂ ਸਿੰਘ ਮਾਨ ਮਰਾੜ੍ਹਾਂ ਵਾਲੇ, ਦੇਵ ਥਰੀਕਿਆਂ ਵਾਲੇ, ਚਤਰ ਸਿੰਘ ਪ੍ਰਵਾਨਾ, ਲਾਭ ਚਿਤਾਮਲੀ ਵਾਲਾ, ਗਾਮੀ ਸੰਗਤਪੁਰੀਆ, ਪੰਜਾਬੀਅਤ ਦਾ ਸਿਰਨਾਵਾਂ ਹਨ, ਹੈ ਨਾਂ ਪੂਰਨ ਪੰਜਾਬ ਤੇ ਪੰਜਾਬੀਅਤ ਦੀ ਤਸਵੀਰ। ਇਹ ਰਿਕਾਰਡ ਦੁਨੀਆ ਦੀ ਪ੍ਰਸਿੱਧ ਕੰਪਨੀ ਹਿਜ਼ ਮਾਸਟਰਜ਼ ਵਾਇਸ ਨੇ 1974 ਵਿੱਚ ਬਣਾਇਆ ਸੀ ਜਿਸ ਦਾ ਲੜੀ ਨੰਬਰ ਹੈ ਐਚ/7 ਐਲ.ਏ.ਈ. 24006 ਹੈ। ਇਸ ਵਿਚ ਕੁੱਲ ਛੇ ਗੀਤ ਹਨ ਜੋ ਤਰਤੀਬ ਵਾਰ ਇਸ ਤਰ੍ਹਾਂ ਹਨ।

**ਸਾਈਡ-ਏ :** 1. ਜਿਉਂਦੇ ਰਹਿਣ ਹੋਟਲਾਂ ਵਾਲੇ (ਚਤਰ ਸਿੰਘ ਪ੍ਰਵਾਨਾ)
ਰਮੇਸ਼ ਰੰਗੀਲਾ ਤੇ ਸੁਰਿੰਦਰ ਕੌਰ

2. ਦੋ ਧੜਿਆਂ 'ਚ ਪਿੰਡ ਵੰਡਤਾ (ਬਾਬੂ ਸਿੰਘ ਮਾਨ)
ਮੁਹੰਮਦ ਸਦੀਕ ਤੇ ਸੁਰਿੰਦਰ ਕੌਰ

3. ਚੰਨਣਾ ਜੋਰੂ ਜਗਾ ਲੈ ਵੇ (ਦੇਵ ਥਰੀਕੇ ਵਾਲਾ)
ਗੁਰਮੇਲ ਸਿੰਘ ਪੰਛੀ ਤੇ ਸੁਰਿੰਦਰ ਕੌਰ

**ਸਾਈਡ-ਬੀ :** 4. ਆਈ ਸ਼ਗਨਾਂ ਦੀ ਰਾਤ (ਲਾਭ ਚਿਤਾਮਲੀ ਵਾਲਾ)
ਮੁਹੰਮਦ ਸਦੀਕ ਤੇ ਸੁਰਿੰਦਰ ਕੌਰ

5. ਛਈ ਛਈ ਛਈ (ਦੇਵ ਥਰੀਕੇ ਵਾਲੇ)
ਰੰਗੀਲਾ ਜੱਟ ਤੇ ਸੁਰਿੰਦਰ ਕੌਰ

6. ਜੱਟੀ ਸੈਰ ਨੂੰ ਚੱਲੀ (ਗਾਮੀ ਸੰਗਤਪੁਰੀਆ)
ਕਰਨੈਲ ਗਿੱਲ ਤੇ ਸੁਰਿੰਦਰ ਕੌਰ



# ਸੁਰਿੰਦਰ ਕੈਲੇ ਦਾ ਕਹਾਣੀ ਸੰਗ੍ਰਿਹ 'ਸੋਨ ਸਵੇਰਾ' ਲੋਕ ਅਰਪਣ

ਅੰਤਰਰਾਜੀ ਮਿੰਨੀ ਕਹਾਣੀ ਸਮਾਰੋਹ ਦੌਰਾਨ ਸੁਰਿੰਦਰ ਕੈਲੇ ਦਾ ਨਵਾਂ ਕਹਾਣੀ ਸੰਗ੍ਰਿਹ 'ਸੋਨ ਸਵੇਰਾ' ਲੋਕ ਅਰਪਣ ਕੀਤਾ ਗਿਆ। ਇਹ ਉਨ੍ਹਾਂ ਦਾ ਦੂਸਰਾ ਨਿੱਕੀ ਹੁਨਰੀ ਕਹਾਣੀ ਸੰਗ੍ਰਿਹ ਹੈ, ਪਹਿਲਾ ਸੰਗ੍ਰਿਹ 'ਧੁੰਦ ਛਟਨ ਤੋਂ ਬਾਅਦ' 1997 ਵਿੱਚ ਛਪਿਆ ਸੀ ਜਿਸ ਨੂੰ ਲੋਕ ਗੀਤ ਪ੍ਰਕਾਸ਼ਨ ਨੇ 2009 ਵਿੱਚ ਦੁਬਾਰਾ ਪ੍ਰਕਾਸ਼ਿਤ ਕੀਤਾ ਸੀ। ਪੁਸਤਕ ਲੋਕ ਅਰਪਣ ਦੀ ਰਸਮ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ ਦੇ ਮੁਖੀ ਬੀਬੀ ਇੰਦਰਜੀਤ ਕੌਰ ਦੇ ਆਸ਼ੀਰਵਾਦ ਨਾਲ ਡਾਕਟਰ ਮਨਜਿੰਦਰ ਸਿੰਘ, ਲਖਵਿੰਦਰ ਜੌਹਲ, ਡਾਕਟਰ ਹਰਜਿੰਦਰ ਸਿੰਘ ਅਟਵਾਲ, ਡਾਕਟਰ ਸ਼ਿਆਮ ਸੁੰਦਰ ਦੀਪਤੀ, ਸੁਰਿੰਦਰ ਕੈਲੇ, ਸੁਰਿੰਦਰ ਸਿੰਘ ਸੁਨੜ, ਡਾਕਟਰ ਅਸ਼ੋਕ ਭਾਟੀਆ, ਸੁਭਾਸ਼ ਨੀਰਵ, ਯੋਗਰਾਜ ਪ੍ਰਭਾਕਰ ਤੇ ਸੀਮਾ ਵਰਮਾ ਨੇ ਨਿਭਾਈ।

ਡਾਕਟਰ ਅਸ਼ੋਕ ਭਾਟੀਆ ਨੇ ਵਧਾਈ ਦਿੰਦਿਆਂ ਕਿਹਾ ਕਿ ਸੁਰਿੰਦਰ ਕੈਲੇ ਪੰਜਾਬੀ ਮਿੰਨੀ ਕਹਾਣੀ ਦਾ ਸਰਵੋਤਮ ਸਿਤਾਰਾ ਤਾਂ ਹੈ ਹੀ, ਇਸ ਕਹਾਣੀ ਸੰਗ੍ਰਿਹ ਨੇ ਉਸ ਦੀ ਹੁਨਰੀ ਨਿਕੀ ਕਹਾਣੀ ਵਿੱਚ ਛਾਪ ਛੱਡ ਦਿੱਤੀ ਹੈ। ਉਹ ਪਿਛਲੇ ਪੰਜਾਹ ਸਾਲਾਂ ਤੋਂ 'ਅਣੂ' ਮਿੰਨੀ ਪੱਤ੍ਰਿਕਾ ਰਾਹੀਂ ਸੰਪਾਦਨਾ ਵਿੱਚ ਕੀਰਤੀਮਾਨ ਸਥਾਪਿਤ ਕਰਨ ਦੇ ਨਾਲ-ਨਾਲ ਉਤਮ ਸਾਹਿਤਕ ਰਚਨਾਵਾਂ ਨਾਲ ਸਾਹਿਤ ਦੀ ਝੋਲੀ ਭਰਦਾ ਆ ਰਿਹਾ ਹੈ। ਮੈਨੂੰ ਵਿਸ਼ਵਾਸ ਹੈ ਕਿ ਵਿਦਵਾਨ ਇਸ ਪੁਸਤਕ ਵਲ ਉਚੇਚਾ ਧਿਆਨ ਦੇਣਗੇ। ਪੁਸਤਕ ਲੋਕ ਅਰਪਣ ਸਮਾਗਮ ਵਿੱਚ ਡਾਕਟਰ ਕੁਲਦੀਪ ਸਿੰਘ ਦੀਪ, ਡਾਕਟਰ ਨਾਇਬ ਸਿੰਘ ਮੰਡੇਰ, ਹਰਭਜਨ ਸਿੰਘ ਖੇਮਕਰਨੀ, ਡਾਕਟਰ ਹਰਪ੍ਰੀਤ ਰਾਣਾ, ਡਾਕਟਰ ਦੀਪਾ ਕੁਮਾਰ, ਡਾਕਟਰ ਹਰਜਿੰਦਰਪਾਲ ਕੌਰ ਕੰਗ, ਡਾਕਟਰ ਸਾਧੂ ਰਾਮ ਲੰਗੇਆਣਾ, ਜਗਦੀਸ਼ ਰਾਏ ਕੁਲਰੀਆਂ, ਮੰਗਤ ਕੁਲਜਿੰਦ, ਦਵਿੰਦਰ ਪਟਿਆਲਵੀ, ਕਾਂਤਾ ਰਾਏ, ਬਲਰਾਮ ਅਗਰਵਾਲ, ਡਾਕਟਰ ਸ਼ੀਲ ਕੌਸ਼ਿਕ ਸਮੇਤ ਪੰਜਾਬ ਦੇ ਵੱਖ ਵੱਖ ਜ਼ਿਲ੍ਹਿਆਂ ਅਤੇ ਹਰਿਅਣਾ, ਦਿੱਲੀ, ਮਧਿਆ ਪ੍ਰਦੇਸ਼ ਆਦਿ ਤੋਂ ਸੈਂਕੜਿਆਂ ਦੀ ਗਿਣਤੀ ਵਿੱਚ ਲੇਖਕ ਹਾਜ਼ਰ ਸਨ।

# ਗਾਇਕ ਤਲਵਿੰਦਰ ਸਿੱਧੂ ਤੇ ਕੁਲਦੀਪ ਸਿੱਧੂ ਦੇ ਗੀਤ 'ਫ਼ੇਮ' ਦੇ ਚਰਚੇ

ਪੰਜਾਬੀ ਦੋਗਾਣਾ ਜੋੜੀ ਗਾਇਕ ਤਲਵਿੰਦਰ ਸਿੱਧੂ ਤੇ ਕੁਲਦੀਪ ਸਿੱਧੂ ਦਾ ਨਵਾਂ ਸਿੰਗਲ ਟਰੈਕ ਗੀਤ 'ਫ਼ੇਮ' ਜੋ ਕਿ ਆਨੰਦ ਮਿਊਜ਼ਿਕ ਕੰਪਨੀ ਵੱਲੋਂ ਆਪਣੇ ਯੂ ਟਿਊਬ ਚੈਨਲ 'ਤੇ ਰਿਲੀਜ਼ ਕੀਤਾ ਗਿਆ ਹੈ, ਜਿਸ ਦੀ ਵੀਡੀਓ ਬੜੇ ਹੀ ਵਧੀਆ ਤਰੀਕੇ ਨਾਲ ਵੱਖ ਵੱਖ ਲੋਕੇਸ਼ਨਾ 'ਤੇ ਸ਼ੂਟ ਕੀਤੀ ਗਈ ਹੈ। ਇਸ ਗੀਤ ਨੂੰ ਜਸਪ੍ਰੀਤ ਕੌਰ ਬੱਲ ਨੇ ਕਲਮਬੱਧ ਕੀਤਾ ਹੈ। ਸਰੋਤਿਆਂ ਵਲੋਂ ਇਸ ਨੂੰ ਬੇਹੱਦ ਪਸੰਦ ਕੀਤਾ ਜਾ ਰਿਹਾ ਹੈ। ਇਸ ਗੀਤ ਨੂੰ ਮਿਊਜ਼ਿਕ ਖੁਦ ਤਲਵਿੰਦਰ ਸਿੱਧੂ ਵੱਲੋਂ ਸੰਗੀਨ ਧੁਨਾਂ ਨਾਲ ਸ਼ਿੰਗਾਰਿਆ ਗਿਆ ਹੈ। ਮਿਕਸਿੰਗ ਮਾਸਟਰਿੰਗ ਡੀ. ਸੀ. ਸਟੂਡੀਓ ਨੇ ਕੀਤਾ। ਗੀਤ ਦਾ ਵੀਡੀਓ ਜਸ ਚੀਮਾ ਤੇ ਅਸ਼ੋਕ ਹੀਰਾ ਨੇ ਬਹੁਤ ਹੀ ਸ਼ਾਨਦਾਰ ਤਰੀਕੇ ਨਾਲ ਕੀਤਾ। ਕੈਮਰਾਮੈਨ ਤੇ ਐਡੀਟਰ ਵੱਜੋਂ ਪ੍ਰੀਤ ਕੈਮ ਨੇ ਕੰਮ ਕੀਤਾ। ਪੇਸ਼ਕਸ਼ ਚਰਨਪ੍ਰੀਤ ਸਿੰਘ ਦੀ ਹੈ, ਵਿਸ਼ੇਸ਼ ਸਹਿਯੋਗ ਮਨਜੋਤ ਸਿੰਘ ਕੈਨੇਡਾ, ਲਖਵੀਰ ਸਿੰਘ ਡੱਲਾ, ਜਗਦੇਵ ਸਿੰਘ ਯੂ.ਐੱਸ.ਏ. ਦਾ ਰਿਹਾ।

**-ਜਸਪ੍ਰੀਤ ਕੌਰ**






Sri Satguru Jagjit Singh Ji eLibrary NamdhariElibrary@gmail.com

# ਹਰਪ੍ਰੀਤ ਸੇਖੋਂ ਦਾ ਕਾਵਿ ਸੰਗ੍ਰਹਿ 'ਚਾਨਣ' ਹੋਇਆ ਰਿਲੀਜ਼





ਚੰਡੀਗੜ੍ਹ -(ਨਿੰਦਰ ਘੁਗਿਆਣਵੀ)- ਨੌਜਵਾਨ ਲੇਖਕ ਹਰਪ੍ਰੀਤ ਸੇਖੋਂ ਦੀ ਪਲੇਠੀ ਕਾਵਿ-ਪੁਸਤਕ 'ਚਾਨਣ' ਅਜੋਕੇ ਸਮਾਜ ਦੀਆਂ ਤਲਖ਼ ਹਕੀਕਤਾਂ ਨੂੰ ਬਾਖ਼ੂਬੀ ਬਿਆਨਦੀ ਹੋਈ ਹਨੇਰਿਆਂ ਨੂੰ ਚੀਰ ਕੇ ਰੁਸ਼ਨਾਉਂਦੇ ਰਾਹ ਵੱਲ ਤੁਰਨ ਲਈ ਪ੍ਰੇਰਨਾ ਦਿੰਦੀ ਹੈ ਤੇ ਇਸ ਦਾ ਸਵਾਗਤ ਕਰਨਾ ਬਣਦਾ ਹੈ। ਇਹ ਸ਼ਬਦ ਆਖੇ ਪੰਜਾਬ ਕਲਾ ਭਵਨ ਚੰਡੀਗੜ੍ਹ ਦੇ ਆਡੀਟੋਰੀਅਮ ਵਿਖੇ ਉਘੇ ਗੀਤਕਾਰ ਬਾਬੂ ਸਿੰਘ ਮਾਨ ਮਰਾੜ੍ਹਾਂ ਵਾਲੇ ਨੇ। ਇਹ ਸਮਾਗਮ 'ਬੋਲ ਪੰਜਾਬ ਦੇ' ਸੱਭਿਆਚਾਰਕ ਮੰਚ (ਰਜਿ.) ਵੱਲੋਂ ਪੰਜਾਬ ਕਲਾ ਪ੍ਰੀਸ਼ਦ ਦੇ ਸਹਿਯੋਗ ਨਾਲ ਕਰਵਾਇਆ ਗਿਆ। ਸੇਖੋਂ ਦੇ ਕਾਵਿ-ਪੁਸਤਕ ਬਾਰੇ ਆਪਣੇ ਵਿਚਾਰ ਸਾਂਝੇ ਕਰਦੇ ਹੋਏ ਮਾਣਯੋਗ ਸ਼ਖ਼ਸੀਅਤਾਂ ਨੇ ਕਿਹਾ ਕਿ ਹਰਪ੍ਰੀਤ ਸੇਖੋਂ ਦੀਆਂ ਕਵਿਤਾਵਾਂ ਮਨੁੱਖੀ ਜੀਵਨ ਦੀਆਂ ਸੰਵੇਦਨਾਵਾਂ ਤੇ ਵੇਦਨਾ ਨੂੰ ਡੂੰਘਾਈਆਂ ਨੂੰ ਛੂੰਹਦੀਆਂ ਹਨ ਅਤੇ ਨਾਲੋ-ਨਾਲ ਪਾਠਕਾਂ ਨੂੰ ਆਸ ਦਾ ਪੱਲਾ ਨਾ ਛੱਡਣ ਦੀ ਸੇਧ ਵੀ ਦਿੰਦੀਆਂ ਹਨ।

ਮਾਨ ਮਰਾੜ੍ਹਾਂ ਵਾਲਾ ਨੇ ਇਸ ਕਿਤਾਬਾ ਬਾਰੇ ਆਪਣੇ ਵਿਚਾਰ ਪ੍ਰਗਟਾਉਂਦੇ ਹੋਏ ਕਿਹਾ ਕਿ ਕਿਸੇ ਵੀ ਇਨਸਾਨ ਨੂੰ ਜੀਵਨ ਵਿਚ ਨਵੇਂ ਰਾਹ ਸਿਰਜਣ ਲਈ ਨਿਵੇਕਲੇ ਪੈਂਡੇ ਅਖ਼ਤਿਆਰ ਕਰਨੇ ਪੈਂਦੇ ਹਨ ਅਤੇ ਹਰਪ੍ਰੀਤ ਸੇਖੋਂ ਨੇ ਵੀ ਆਪਣੀ ਐਕਸੀਅਨ ਦੀ ਨੌਕਰੀ ਦੀ ਵੱਡੀ ਜ਼ਿੰਮੇਵਾਰੀ ਨਿਭਾਉਣ ਦੇ ਨਾਲ-ਨਾਲ ਕਾਵਿ-ਸਾਹਿਤ ਦੀ ਸਿਰਜਣਾ ਦਾ ਮਹੱਤਵਪੂਰਨ ਕਾਰਜ ਕਰਕੇ ਆਪਣੀ ਸ਼ਖ਼ਸੀਅਤ ਦਾ ਵਿਲੱਖਣ ਪੱਖ ਪੇਸ਼ ਕੀਤਾ ਹੈ। ਸਮਾਗਮ ਦੀ ਪ੍ਰਧਾਨਗੀ ਕਰ ਰਹੇ ਸੀਨੀਅਰ ਆਈ.ਏ.ਐਸ. ਅਧਿਕਾਰੀ ਵਰਿੰਦਰ ਕੁਮਾਰ ਸ਼ਰਮਾ ਨੇ ਕਿਹਾ ਕਿ ਹਰਪ੍ਰੀਤ ਸੇਖੋਂ ਨੇ ਇਸ ਕਿਤਾਬ ਦੀ ਰਚਨਾ ਕਰਕੇ ਸਾਹਿਤ ਦੀ ਸੇਵਾ ਕਰਨ ਪ੍ਰਤੀ ਆਪਣੀ ਲਗਨ ਅਤੇ ਸ਼ਿੱਦਤ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਕਿਹਾ ਕਿ ਸਰਕਾਰੀ ਅਹੁਦੇ ਉਤੇ ਜ਼ਿੰਮੇਵਾਰੀ ਨਿਭਾਉਂਦੇ ਸਮੇਂ ਕਾਵਿ-ਸਾਹਿਤ ਦੀ ਰਚਨਾ ਦਾ ਕਾਰਜ ਬਹੁਤ ਚੁਣੌਤੀਪੂਰਨ ਹੁੰਦਾ ਹੈ ਪਰ ਹਰਪ੍ਰੀਤ ਨੇ ਇਸ ਕਾਰਜ ਨੂੰ ਤਨਦੇਹੀ ਨਾਲ ਨਿਭਾਇਆ ਹੈ। ਇਸ ਮੌਕੇ ਸਾਬਕਾ ਲੋਕ ਸਭਾ ਮੈਂਬਰ ਪ੍ਰੋਫੈਸਰ ਸਾਧੂ ਸਿੰਘ ਨੇ ਕਿਹਾ ਕਿ ਸਾਹਿਤਕਾਰ ਆਪਣੀ ਕਲਮ ਰਾਹੀਂ ਸਮਾਜਿਕ ਤੇ ਵਿਅਕਤੀਤੱਵ ਤੌਰ ਉੱਤੇ ਹੰਢਾਈ ਵੇਦਨਾ ਤੇ ਤਜਰਬਿਆਂ ਬਿਆਨ ਕਰਦਾ ਹੈ। ਉਨ੍ਹਾਂ ਕਿਹਾ ਕਿ ਹਰਪ੍ਰੀਤ ਦੀਆਂ ਕਵਿਤਾਵਾਂ ਵੀ ਉਸ ਦੀ ਸੂਖਮ ਪਹੁੰਚ ਦੀ ਗਵਾਹੀ ਭਰਦੀਆਂ ਹਨ। ਇਸ ਮੌਕੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਪੰਜਾਬ ਵਿਭਾਗ ਦੇ ਚੇਅਰਮੈਨ ਡਾ. ਯੋਗਰਾਜ ਅਤੇ ਸਾਹਿਤਕ ਆਲੋਚਕ ਪ੍ਰੋ. ਬ੍ਰਹਮਜਗਦੀਸ਼ ਸਿੰਘ ਨੇ ਕਾਵਿ-ਪੁਸਤਕ ਦੇ ਵੱਖ-ਵੱਖ ਪਹਿਲੂਆਂ ਬਾਰੇ ਬਾਰੀਕੀ ਨਾਲ ਚਾਨਣਾ ਪਾਇਆ। ਕਲਾ ਪਰਿਸ਼ਦ ਦੇ ਸਕੱਤਰ ਡਾ. ਲਖਵਿੰਦਰ ਜੌਹਲ ਨੇ ਕਿਹਾ ਕਿ ਹਰਪ੍ਰੀਤ ਸੇਖੋਂ ਦੀ ਕਵਿਤਾ ਆਉਣ ਵਾਲੇ ਸਮੇਂ ਵਿਚ ਨਵੇਂ ਦਿਸਹੱਦੇ ਕਾਇਮ ਕਰੇਗੀ।




ਇਸ ਮੌਕੇ ਵਿਧਾਇਕ ਗੁਰਦਿੱਤ ਸਿੰਘ ਸੇਖੋਂ, ਸਾਬਕਾ ਵਿਧਾਇਕ ਕੁਲਦੀਪ ਸਿੰਘ ਵੈਦ, ਸ਼੍ਰੋਮਣੀ ਗਾਇਕ ਸੁਰਿੰਦਰ ਸ਼ਿੰਦਾ ਅਤੇ ਪ੍ਰਸਿੱਧ ਹਾਸਰਸ ਕਲਾਕਾਰ ਬਾਲ ਮੁਕੰਦ ਸ਼ਰਮਾ ਨੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ। ਕਿਤਾਬ 'ਚਾਨਣ' ਦੇ ਲੇਖਕ ਹਰਪ੍ਰੀਤ ਸਿੰਘ ਸੇਖੋਂ ਨੇ ਆਪਣੇ ਕਾਵਿ ਸਫ਼ਰ ਬਾਰੇ ਚਾਨਣਾ ਪਾਉਂਦੇ ਹੋਏ ਕਿਹਾ ਕਿ ਇਸ ਵਿਚ ਮੇਰੇ ਦੋਸਤਾਂ, ਮੇਰੇ ਪਰਿਵਾਰ ਖਾਸ ਕਰਕੇ ਮੇਰੀ ਪਤਨੀ ਦਾ ਮਹੱਤਵਪੂਰਨ ਯੋਗਦਾਨ ਹੈ। ਆਖ਼ਰ ਵਿਚ ਉਨ੍ਹਾਂ ਨੇ ਆਪਣੀਆਂ ਕਵਿਤਾਵਾਂ ਪੜ੍ਹੀਆਂ, ਜਿਨ੍ਹਾਂ ਨੂੰ ਸਰੋਤਿਆਂ ਵੱਲੋਂ ਸਲਾਹਿਆ ਗਿਆ। ਇਸ ਦੌਰਾਨ ਹਰਪ੍ਰੀਤ ਸੇਖੋਂ ਦੀ ਸਪੁੱਤਰੀ ਜੁਆਏ ਸੇਖੋਂ ਨੇ ਆਪਣੇ ਪਿਤਾ ਦੇ ਸਾਹਿਤਕ ਸਫਰ ਬਾਰੇ ਚਾਨਣਾ ਪਾਉਂਦੇ ਹੋਏ ਰਚਨਾ ਵੀ ਪੇਸ਼ ਕੀਤੀ। ਇਸ ਮੌਕੇ ਵਿਧਾਇਕ ਗੁਰਪ੍ਰੀਤ ਗੋਗੀ, ਆਈ.ਏ.ਐਸ. ਅਧਿਕਾਰੀ ਭੁਪਿੰਦਰ ਸਿੰਘ, ਗਾਇਕ ਤੇ ਗੀਤਕਾਰ ਹੈਪੀ ਰਾਏਕੋਟੀ ਸਮੇਤ ਉਘੀਆਂ ਹਸਤੀਆਂ ਹਾਜ਼ਰ ਸਨ।



Sri Satguru Jagjit Singh Ji eLibrary NamdhariElibrary@gmail.com

# ਪੰਜਾਬੀ ਲੇਖਕ ਸ਼ਮਸ਼ੇਰ ਸਿੰਘ ਸੰਧੂ ਨੂੰ ਉਸ ਦੀ ਜਨਮ ਭੂਮੀ ਮਾਣੂੰਕੇ (ਲੁਧਿਆਣਾ) ਨੇ ਸਨਮਾਨਿਆ




ਅੱਧੀ ਸਦੀ ਪੁਰਾਣੇ ਸਾਥੀ ਸ਼ਮਸ਼ੇਰ ਸਿੰਘ ਸੰਧੂ ਦਾ ਚੰਡੀਗੜ੍ਹੋਂ ਫ਼ੋਨ ਆਇਆ, ਮੇਰੀ ਅਸਲ ਜਨਮ ਭੂਮੀ ਮਾਣੂੰਕੇ (ਲੁਧਿਆਣਾ) ਨੇ ਮੈਨੂੰ ਪੰਦਰਾਂ ਦਸੰਬਰ ਨੂੰ ਬੁਲਾਇਆ ਹੈ, ਚੱਲੇਂਗਾ? ਮੈਂ ਉੱਤਰ ਮੋੜਿਆ, ਮੈਂ ਨਾਂਹ ਕਿਵੇਂ ਕਰ ਸਕਦਾਂ, ਪੱਕਾ ਜਾਵਾਂਗਾ। ਅਸੀਂ ਤਾਂ ਸ਼ੁਕਰ ਕਰਾਂਗੇ ਤੂੰ ਘਰੋਂ ਨਿਕਲੇਂਗਾ।

ਸ਼ਮਸ਼ੇਰ ਸਿੰਘ ਸੰਧੂ ਬਾਰੇ ਬਹੁਤਾ ਜੱਗ ਜਹਾਨ ਇਹੀ ਜਾਣਦਾ ਹੈ ਕਿ ਉਸ ਦਾ ਪਿੰਡ ਸਿੱਧਵਾਂ ਬੇਟ ਕੋਲ ਮਦਾਰਪੁਰਾ ਹੈ। ਉਹ ਤਾਂ ਮਗਰੋਂ ਬਣਿਆ ਸਰਕਾਰੀ ਅਲਾਟਮੈਂਟ ਵਾਲਾ ਪਿੰਡ ਹੈ। ਅਸਲੀ ਤਾਂ ਮਾਣੂੰਕੇ ਹੀ ਹੈ। ਮਾਣੂੰਕੇ ਵੀ ਦੋ ਨੇ। ਇੱਕ ਗਿੱਲਾਂ ਦਾ ਮੋਗੇ ਵਿੱਚ, ਬੰਤ ਵਾਲਾ ਤੇ ਦੂਜਾ ਲੁਧਿਆਣਾ ਚ ਮਾਣੂੰਕੇ ਸੰਧੂਆਂ। ਸ਼ਮਸ਼ੇਰ ਦਾ ਜਨਮ ਇਸ ਪਿੰਡ ਦਾ ਹੈ। ਇਨ੍ਹਾਂ ਦੇ ਟੱਬਰ ਨੂੰ ਮੁਰੱਬਿਆਂ ਵਾਲੇ ਕਹਿੰਦੇ ਨੇ, ਬਾਰ ਵਿੱਚੋਂ ਆਉਣ ਕਰਕੇ।

ਜਿਸ ਪੱਤੀ ਚ ਇਨ੍ਹਾਂ ਦਾ ਘਰ ਸੀ ਉਥੇ ਨੇੜੇ ਵੱਡਾ ਛੱਪੜ ਸੀ ਜਿੱਥੇ ਖੇਡਦਾ ਰਿੜ੍ਹਦਾ ਸ਼ਮਸ਼ੇਰ ਡੁੱਬ ਚੱਲਿਆ ਸੀ। ਬਾਪੂ ਹਰਦਿਆਲ ਸਿੰਘ ਸੰਧੂ ਦੀ ਨਜ਼ਰ ਪੈ ਗਈ ਅਚਨਚੇਤ। ਉਸ ਜੀ ਭਿਆਣੇ ਹੱਥ ਵਧਾਇਆ ਤੇ ਸ਼ਮਸ਼ੇਰ ਦੀ ਤੜਾਗੀ ਚ ਹੱਥ ਪੈ ਗਿਆ। ਉਨ੍ਹਾਂ ਬਾਹਰ ਖਿੱਚ ਲਿਆ ਨਹੀਂ ਤਾਂ ਜਾਹ ਜਾਂਦੀ ਹੋ ਜਾਂਦੀ। ਫਿਰ ਕਹਾਣੀਆਂ ਤੇ ਗੀਤ ਕੌਣ ਲਿਖਦਾ? ਪਾਸ਼ ਦਾ ਵੱਖਰਾ ਨਿਜੀ ਸਰੂਪ ਕੌਣ ਚਿਤਰਦਾ?

ਮੱਖਣ ਦੇ ਪਿੰਨੇ ਚ ਸੰਧੂਰ ਰਲ਼ੇ ਵਰਗਾ ਸੰਧੂਰੀ ਸੰਧੂ। ਉਮਰ ਦੇ 70ਵੇਂ ਸਾਲ ਚ ਵੀ ਪੱਬ ਉੱਠਦੈ। ਲੋਕ ਗਾਇਕ ਹਰਦੀਪ ਮੋਹਾਲੀ ਅਕਸਰ ਕਹਿੰਦੈ, ਸ਼ਮਸ਼ੇਰ ਭਾਅ ਨੇ ਉਮਰ ਨੂੰ ਬੰਨ੍ਹ ਕੇ ਰੱਖਿਆ ਹੋਇਐ। ਮਜਾਲ ਹੈ ਬੁਢਾਪਾ ਨੇੜੇ ਖਹਿ ਜਾਵੇ।

ਖ਼ੈਰ! ਸ਼ਮਸ਼ੇਰ ਨਾਲ ਜਾਣਾ ਹੀ ਪੈਣਾ ਸੀ ਭਾਵੇਂ ਪਿਰਥੀਪਾਲ ਦੇ ਪਿੰਡ ਕੋਟਲਾ ਸ਼ਾਹੀਆ (ਬਟਾਲਾ) ਦੀਆਂ ਕਮਲਜੀਤ ਖੇਡਾਂ ਤੋਂ 14 ਦੀ ਬੀਤੀ ਰਾਤ ਕੁਵੇਲੇ ਡਾ ਗੁਰਇਕਬਾਲ ਸਿੰਘ ਦਾ ਸੰਗ ਸਾਥ ਮਾਣਦਿਆਂ ਮੁੜਿਆ ਸਾਂ। ਥਕੇਵਾਂ ਤਾਂ ਸੀ ਪਰ ਸ਼ਮਸ਼ੇਰ ਨਾਲ ਕੀਤਾ ਕੌਲ ਵੀ ਪੁਗਾਉਣਾ ਸੀ।

ਸ਼ਮਸ਼ੇਰ ਚੰਡੀਗੜ੍ਹੋਂ ਆਪਣੇ ਸੱਜਣ ਜਗਜੀਤ ਸਿੰਘ ਸੰਧੂ ਸਮੇਤ ਸਾਡੇ ਘਰ ਪਹੁੰਚਾ ਤਾਂ ਅਸੀਂ ਮਾਣੂੰਕੇ ਨੂੰ ਚਾਲੇ ਪਾ ਲਏ।

ਗੀਤਕਾਰ ਜਗਦੇਵ ਮਾਨ ਸਾਨੂੰ ਨਾਲੋ ਨਾਲ ਰਾਹ ਦੱਸ ਰਿਹਾ ਸੀ ਮੁੱਲਾਂਪੁਰ ਵੱਲ ਦੀ ਆਇਉ, ਨੂਰਪੁਰੇ ਤੋਂ ਸੜਕ ਪਾਟਦੀ ਹੈ ਕਮਾਲਪੁਰੇ ਵੱਲ ਨੂੰ ਤਲਵੰਡੀ ਰਾਏ ਵਿੱਚੋਂ ਦੀ, ਕਮਾਲਪੁਰੇ ਤੋਂ ਕਲਗੀਧਰ ਸਟੈਡੀਅਮ ਪੁੱਛ ਲੈਣਾ। ਨੇੜੇ ਹੀ ਲੰਮੇ ਜੱਟਪੁਰੇ ਵਾਲਾ ਗੇਟ ਹੈ, ਸਿੱਧੇ ਮਾਣੂੰਕੇ ਪਹੁੰਚ ਜਾਇਉ।

ਮੈਨੂੰ ਰਾਹ ਤਾਂ ਪਤਾ ਸੀ ਪਰ ਜਗਦੇਵ ਦੀ ਆਪਣੇ ਉਸਤਾਦ ਲਈ ਫ਼ਿਕਰਮੰਦੀ ਚੰਗੀ ਚੰਗੀ ਲੱਗ ਰਹੀ ਸੀ।

ਸ਼ਮਸ਼ੇਰ ਤੇ ਮੈਂ ਜਦ ਯਾਦਾਂ ਦੀਆਂ ਗਲੀਆਂ ਚ ਚਲੇ ਜਾਂਦੇ ਤਾਂ ਸੁਣਨ ਵਾਲੇ ਨੂੰ ਕਈ ਵਾਰ ਨੀਮ ਪਾਗ਼ਲ ਵੀ ਲੱਗਦੇ ਹੋਵਾਂਗੇ। ਕਿਵੇਂ ਲੂਣ ਲਾ ਕੇ ਕੇਲੇ ਖਾਂਦਿਆਂ 1972-73 ਚ ਏਸੇ ਨੂੰ ਹੀ ਐਸ਼ ਕਹਿੰਦੇ ਸਾਂ। ਘੁਮਾਰ ਮੰਡੀ ਚ ਗਿੱਲ ਢਾਬੇ ਦੇ ਕੀਮਾ ਨਾਨ ਤਾਂ ਵੱਡੀ ਅਯਾਸ਼ੀ ਸੀ। ਹਲਵਾਰੇ ਸਧਾਰ ਪੁਲ ਪਾਰ ਕਰਕੇ ਅਸੀਂ ਕੇਲਿਆਂ ਦੀ ਰੇੜ੍ਹੀ ਤੇ ਰੁਕ ਕੇ ਆਪਣੀ ਉਮਰ ਚੋਂ ਪੰਜਾਹ ਪੰਜਾਹ ਸਾਲ ਖ਼ਾਰਜ ਕਰ ਲਏ। ਨਿੱਕੀਆਂ ਨਿੱਕੀਆਂ ਗੱਲਾਂ ਚੇਤੇ ਕਰਦਿਆਂ ਮਾਣੂੰਕੇ ਵੱਲ ਚੱਲ ਪਏ।

ਰਾਹ ਵਿੱਚ ਇਸ ਇਲਾਕੇ ਦੇ ਨਾਇਕ ਖਲਨਾਇਕ ਚੇਤੇ ਕੀਤੇ। ਬਸੀਆਂ ਕੋਠੀ ਦਾ ਵਿਕਾਸ ਕਿਵੇਂ ਕਰਵਾਇਆ ਸ ਪਰਕਾਸ਼ ਸਿੰਘ ਬਾਦਲ ਤੋਂ। ਰਣਜੀਤ ਸਿੰਘ ਤਲਵੰਡੀ, ਪਿਰਥੀਪਾਲ, ਪਰਮਿੰਦਰ ਜੱਟਪੁਰੀ ਤੇ ਅਮਨਦੀਪ ਸਿੰਘ ਗਿੱਲ ਸਮੇਤ ਸਮੂਹ ਸਾਥੀਆਂ ਦੀ ਹਿੰਮਤ ਕਿਵੇਂ ਸੁਪਨੇ ਤੋਂ ਹਕੀਕਤ ਚ ਬਦਲੀ। ਲਗਪਗ ਛੇ ਕਰੋੜ ਲੱਗ ਕੇ ਮਹਾਰਾਜਾ ਦਲੀਪ ਸਿੰਘ ਮੈਮੋਰੀਅਲ ਬਣਿਆ। ਸਿਆਸੀ ਸ਼ਿਕਰਿਆਂ ਨੇ ਕਿੱਥੇ ਕਿੱਥੇ ਚੁੰਝਾਂ ਮਾਰੀਆਂ, ਕਿਸ ਸਹਿਯੋਗ ਕੀਤਾ, ਬੜਾ ਕੁਝ ਚੇਤੇ ਆਇਆ। ਉਜਾੜ ਬੀਆਬਾਨ ਕਿਵੇਂ ਹੁਣ ਖਿੱਚ ਦਾ ਕੇਂਦਰ ਹੈ, ਚੇਤੇ ਕਰਕੇ ਹੀ ਰੂਹ ਖਿੜਦੀ ਹੈ।

ਕਮਾਲਪੁਰੇ 'ਚੋਂ ਲੰਘਦਿਆਂ ਵੇਖਿਆ ਕਿ ਟੂਰਨਾਮੈਂਟ ਚੱਲ ਰਿਹਾ ਸੀ। ਇਥੋਂ ਦਾ ਕਲਗੀਧਰ ਟੂਰਨਾਮੈਂਟ ਪੌਣੀ ਸਦੀ ਪੁਰਾਣਾ ਹੈ। ਕਾਲਜ ਕੋਲੋਂ ਲੰਘਦਿਆਂ ਡਾ ਬਲਵੰਤ ਸਿੰਘ ਸੰਧੂ ਨੂੰ ਯਾਦ ਕੀਤਾ, ਜੋ ਏਥੇ ਪ੍ਰਿੰਸੀਪਲ ਹੈ। ਪ੍ਰਿੰਸੀਪਲ ਸਰਵਣ ਸਿੰਘ ਖੇਡ ਲਿਖਾਰੀ ਦਾ ਖੇਡ ਲਿਖਾਰੀ ਭਤੀਜਾ।

ਮਾਣੂੰਕੇ ਵੜਨ ਸਾਰ ਸ਼ਮਸ਼ੇਰ ਨੇ ਦੱਸਿਆ ਕਿ ਆਹ ਸੁੰਦਰ ਸਥਾਨ ਸਾਡੇ ਪੁਰਖੇ ਕਾਲਾ ਮਹਿਰ ਦੀ ਹੈ, ਜਿੱਥੇ ਅਸੀਂ ਸਾਰੇ ਸੰਧੂ ਦੀਵਾਲੀ ਤੋਂ ਅਗਲੇ ਦਿਨ ਮਿੱਟੀ ਪੁੱਟਣ ਆਉਂਦੇ ਹਾਂ। ਇਥੇ ਸ਼ਰਾਬ, ਦੁੱਧ, ਖੀਰ ਤੇ ਹੋਰ ਅਨੇਕ ਪਕਵਾਨ ਚੜ੍ਹਾਏ ਜਾਂਦੇ ਨੇ ਪਰ ਬਹੁਤੀ ਉਡੀਕ ਦਾਰੂ ਦੀ ਹੀ ਕਰਦੇ ਨੇ ਸ਼ਰਾਬੀ। ਸੇਵਾਦਾਰਾਂ ਦੀ ਸੇਵਾ ਵੀ ਕਮਾਲ ਹੁੰਦੀ ਹੈ। ਮਾਝੇ ਦਾ ਜੰਮਿਆ ਹੋਣ ਕਾਰਨ ਮੇਰੇ ਲਈ ਇਹ ਵਰਤਾਰਾ ਬਿਲਕੁਲ ਵੱਖਰਾ ਸੀ। ਸਾਡੇ ਸਾਥੀ ਸਹਿਯਾਤਰੀ ਜਗਜੀਤ ਲਈ ਵੀ, ਉਹ ਵੀ ਮੇਰੇ ਵਾਂਗ ਪਿੱਛੋਂ ਸਿਆਲਕੋਟੀਆ ਹੈ। ਪਿੰਡ ਦੇ ਵਿਚਕਾਰ ਧਰਮਸ਼ਾਲਾ ਪੁੱਛ ਕੇ ਪਹੁੰਚੇ ਤਾਂ ਪ੍ਰਬੰਧਕ ਉਡੀਕ ਰਹੇ ਸਨ।

ਸ਼ਬਦ ਅਦਬ ਸਾਹਿੱਤ ਸਭਾ ਦਾ ਇਹ ਦੂਜਾ ਸਾਲਾਨਾ ਸਮਾਗਮ ਸੀ, ਜਿਸ ਚ ਸ਼ਮਸ਼ੇਰ , ਗਿੱਲ


Sri Satguru Jagjit Singh Ji eLibrary NamdhariElibrary@gmail.com



ਹਰਦੀਪ ਗਾਇਕ, ਗੀਤਕਾਰ ਮੰਗਲ ਬਰਾੜ , ਗ਼ਜ਼ਲਗੋ ਰਾਜਦੀਪ ਤੂਰ, ਪ੍ਰੋ ਗੁਰਦੇਵ ਸਿੰਘ ਸੰਦੌੜ ਜਹੀਆਂ ਸਿਰਕੱਢ ਸ਼ਖ਼ਸੀਅਤਾਂ ਨੂੰ ਸਨਮਾਨਿਆ। ਸਭ ਨੇ ਗੱਲਾਂ ਕਰਦਿਆਂ ਪਿੰਡਾਂ ਚ ਸਾਹਿੱਤ ਸੰਚਾਰ ਰਾਹੀਂ ਲੋਕ ਚੇਤਨਾ ਦੀ ਗੱਲ ਕਹੀ। ਵਧੀਆ ਗੱਲ ਇਹ ਸੀ ਕਿ ਇਹ ਸਮਾਗਮ ਮਾਣੂੰਕੇ ਦੇ ਪ੍ਰਸਿੱਧ ਕਾਰੋਬਾਰੀ ਸ਼੍ਰੀ ਰਾਜ ਕੁਮਾਰ ਗੋਇਲ ਜੀ ਦੇ ਜਨਮ ਦਿਨ ਨੂੰ ਸਮਰਪਿਤ ਸੀ। ਉਹ ਮਾਰਕੀਟ ਕਮੇਟੀ ਹਠੂਰ ਦੇ ਵੀ ਚੇਅਰਮੈਨ ਰਹੇ ਸਨ। ਜਥੇਦਾਰ ਜਗਦੇਵ ਸਿੰਘ ਤਲਵੰਡੀ ਨਾਲ ਉਮਰ ਭਰ ਸਹਿਯੋਗੀ ਰਹੇ।ਉਨ੍ਹਾਂ ਦੀ ਯਾਦ ਚ ਸਭਾ ਨੇ ਲਾਇਬਰੇਰੀ ਬਣਾਈ ਹੈ ਧਰਮਸਾਲਾ ਵਿੱਚ। ਇਹ ਧਰਮਸ਼ਾਲਾ ਵੀ ਡੇਢ ਸੌ ਸਾਲ ਪੁਰਾਣੀ ਹੈ ਪਿੰਡ ਦੇ ਵਿਚਕਾਰ। ਮੈਨੂੰ ਯਾਦ ਆਇਆ ਕਿ ਧਰਮਸਾਲ ਕਦੇ ਗਿਆਨ, ਇਲਾਜ, ਧਰਮ ਤੇ ਪੁਸਤਕਾਂ ਦਾ ਕੇਂਦਰ ਹੁੰਦੀ ਸੀ। ਹੁਣ ਵੱਖ ਵੱਖ ਹਿੱਸੇ ਹੋ ਗਏ। ਫਾੜੀ ਫਾੜੀ ਜ਼ਿੰਦਗੀ। ਸਮੁੱਚ ਕਿੱਧਰ ਗਿਆ?

ਰਾਜਕੁਮਾਰ ਗੋਇਲ ਜੀ ਦਾ ਪਰਿਵਾਰ ਸੇਵਾ ਚ ਹਾਜ਼ਰ ਸੀ। ਉਨ੍ਹਾਂ ਦਾ ਸਪੁੱਤਰ ਜੀਵਨ ਕੁਮਾਰ ਗੋਲਡੀ , ਪੰਜਾਬੀ ਨਾਵਲਕਾਰ ਜਸਵਿੰਦਰ ਸਿੰਘ ਸ਼ਿੰਦਾ, ਗੀਤਕਾਰ ਗੁਰਜਿੰਦਰ ਸਿੰਘ ਸੰਧੂ, ਸਾਬਕਾ ਸਰਪੰਚ ਸਾਧੂ ਸਿੰਘ ਸੰਧੂ ਤੇ ਹੋਰ ਸੱਜਣ ਪਿਆਰਿਆਂ ਦੀ ਹਾਜ਼ਰੀ ਚ ਗੀਤਕਾਰ ਜਗਦੇਵ ਮਾਨ, ਅਜੀਤਪਾਲ ਜੀਤੀ ਨੇ ਚੰਗਾ ਰੰਗ ਭਰਿਆ। ਇਸ ਇਕਰਾਰ ਨਾਲ ਮਾਣੂੰਕਿਆਂ ਤੋਂ ਪਰਤੇ ਕਿ ਅਗਲੇ ਸਾਲ ਬਿਨ ਸੱਦਿਆਂ ਆਵਾਂਗੇ। ਜਗਦੇਵ ਮਾਨ ਨੇ ਉਥੇ ਹੀ ਸਾਈ ਫੜਾ ਦਿੱਤੀ ਕਿ ਜਨਵਰੀ ਚ ਮੇਰੇ ਪਿੰਡ ਸ਼ੇਖਦੌਲਤ ਆਉ। ਜਾਵਾਂਗੇ ਪਰ ਇੱਕ ਸ਼ਰਤ ਤੇ ਕਿ ਉਹ ਇੱਕੋ ਸਬਜ਼ੀ ਸਲੂਣੇ ਨਾਲ ਰੋਟੀ ਖੁਆਏਗਾ, ਸੇਵਾ ਨਹੀਂ ਕਰੇਗਾ, ਭਾਵੇਂ ਸਾਗ ਰਿੰਨ ਲਵੇ ਭਾਵੇਂ ਕੁੱਕੜ। ਮਰਜ਼ੀ ਓਹਦੀ। ਮਗਰੋਂ ਮੂੰ ਮਿੱਠੇ ਲਈ ਸ਼ੱਕਰ ਦਾ ਫੱਕਾ।

**-ਗੁਰਭਜਨ ਗਿੱਲ**

# ਆਓ ਰਿਸ਼ਤਿਆਂ ਦੀ ਕਦਰ ਕਰਨੀ ਸਿੱਖੀਏ



**ਪ੍ਰਭਜੋਤ ਕੌਰ ਰਾਏ**
ਮੋਬਾਈਲ : 9592796591

ਉਸ ਪਰਮਾਤਮਾ ਨੇ ਇਨਸਾਨ ਬਣਾਇਆ ਫਿਰ ਉਸ ਨੂੰ ਗੁਰੂਆਂ, ਪੀਰਾਂ, ਫ਼ਕੀਰਾਂ ਦੀ ਮਹਾਨ ਧਰਤੀ ਤੇ ਚੰਗੇ ਅਤੇ ਸ਼ੁਭ ਕਾਰਜ਼ ਕਰਨ ਲਈ ਭੇਜਿਆ । ਉਪਰੰਤ ਉਸ ਇਨਸਾਨੀ ਰੂਹ ਵਿੱਚ ਜਜ਼ਬਾਤ ਪਾਏ। ਪਿਆਰ, ਮੁਹਬੱਤ, ਹਲੀਮੀ, ਨਿਰਮਾਤਾ,ਸਾਦਗੀ ਆਦਿ। ਪਰ ਕੁਝ ਆਲਮਾਤਾਂ ਅਸੀਂ ਧੱਕੇ ਨਾਲ ਹੀ ਆਪਣੇ ਆਪ ਨਾਲ ਚਿੰਬੇੜ ਲਈਆਂ ਜਿਵੇਂ ਗੁੱਸਾ, ਨਫ਼ਰਤ ਨਰਾਜ਼ਗੀ ਆਦਿ। ਇਸ ਦੁਨੀਆਂ ਨੂੰ ਪਰਮਾਤਮਾਂ ਨੇ ਸਿਰਜਿਆ ਅਤੇ ਇਨਸਾਨ ਦੇ ਬਹੁਤ ਗੂੜ੍ਹੇ ਅਤੇ ਪਿਆਰੇ ਰਿਸ਼ਤੇ ਵੀ ਬਣਾਏ। ਜਿਨ੍ਹਾਂ ਰਿਸ਼ਤਿਆਂ ਨਾਲ ਇਸ ਦੁਨੀਆਂ ਅਤੇ ਸੰਸਾਰ ਵਿੱਚ ਅਸੀਂ ਅਕਸਰ ਵਿਚਰਦੇ ਹਾਂ ,ਜੋ ਕਿ ਇਹ ਅਣਮੁੱਲੇ ਰਿਸ਼ਤੇ ਸਾਡੇ ਬਹੁਤ ਹੀ ਖਾਸ ਹੁੰਦੇ ਹਨ। ਇਹ ਰਿਸ਼ਤੇ ਹਮੇਸ਼ਾ ਸਾਡੇ ਨਾਲ ਆਪਣਾ ਸਾਥ ਨਿਭਾਉਦੇ ਰਹਿੰਦੇ ਹਨ। ਸਭ ਜਾਣਦੇ ਹਨ ਕਿ ਇਨ੍ਹਾਂ ਰਿਸ਼ਤਿਆਂ ਦਾ ਮਹੱਤਵ ਕੀ ਹੈ ਸਾਡੀ ਇਸ ਕੀਮਤੀ ਜ਼ਿੰਦਗੀ ਵਿੱਚ। ਹੁਣ ਆਪਾਂ ਗੱਲ ਕਰਦੇ ਹਾਂ ਇਨ੍ਹਾਂ ਅਨਮੋਲ ਤੇ ਪੱਵਿਤਰ ਰਿਸ਼ਤਿਆਂ ਦੀਆਂ ਕਦਰਾਂ ਤੇ ਕਮੀਤਾਂ ਬਾਰੇ । ਵੈਸੇ ਅਸੀਂ ਕਿਸੇ ਵੀ ਰਿਸ਼ਤੇ ਦੀ ਕੀਮਤ ਪਾ ਨਹੀਂ ਸਕਦੇ ਕਿਉਂਕਿ ਇਹ ਪਾਰਸ ਰਿਸ਼ਤੇ ਸਾਨੂੰ ਕੁਦਰਤ ਅਤੇ ਪਰਮਾਤਮਾ ਵੱਲੋ ਮਿਲੀ ਅਨਮੋਲ ਦਾਤ ਹੁੰਦੀ ਹੈ ਜਿਸ ਦੇ ਸੰਦਰਭ ਚ ਜਾਨਣਾ ਆਤਿ ਜ਼ਰੂਰੀ ਹੈ ਤਾਂ ਜੋ ਅਸੀਂ ਇਨਾਂ ਦੀ ਅਹਿਮੀਅਤ ਨੂੰ ਅਸਾਨੀ ਨਾਲ ਸਮਝ ਸਕੀਏ। ਸਾਡੇ ਲਈ ਹਰੇਕ ਰਿਸ਼ਤੇ ਦੀ ਕਦਰ ਕਰਨੀ ਬੁਹਤ ਜ਼ਰੂਰੀ ਹੈ। ਕਿਉਂਕਿ ਜੇ ਅਸੀਂ ਕਿਸੇ ਦੀ ਕਦਰ ਕਰਾਂਗੇ ਤਾਂ ਹੀ ਕੋਈ ਸਾਡੀ ਕਦਰ ਕਰੇਗਾ। ਅਸੀਂ ਆਪਸੀ ਰਿਸ਼ਤਿਆਂ ਨੂੰ ਬੜੀ ਹੀ ਸੂਝ-ਬੂਝ ਅਤੇ ਪਿਆਰ ਨਾਲ ਬਣਾ ਕੇ ਰੱਖ ਸਕਦੇ ਹਾਂ। ਮੇਰੇ ਬੁਹਤ ਹੀ ਸਤਿਕਾਰਯੋਗ ਤੇ ਮਾਨਯੋਗ ਪਾਠਕਾਂ ਨੂੰ ਇਹ ਜਾਨਣ ਵਿੱਚ ਬੜੀ ਹੀ ਦਿਲਚਸਪੀ ਵੀ ਹੋਵੇਗੀ ਕਿ ਸੋ ਅਸੀਂ ਅੱਜ ਤੁਹਾਨੂੰ ਬੜੇ ਪਿਆਰ ਨਾਲ ਇਨ੍ਹਾਂ ਰਿਸ਼ਤਿਆਂ ਦੀ ਕਦਰ ਅਤੇ ਅਹਿਮੀਅਤ ਬਾਰੇ ਜਾਣਕਾਰੀ ਦੇਣ ਦੀ ਨਿਮਾਣੀ ਜਿਹੀ ਕੋਸ਼ਿਸ਼ ਕਰ ਰਹੇ ਹਾਂ । ਇਹ ਰਿਸ਼ਤੇ ਜੋ ਸਾਡੇ ਜਨਮ ਤੋਂ ਮਰਨ ਤੱਕ ਹਮੇਸ਼ਾ ਬਣੇ ਰਹਿੰਦੇ ਹਨ। ਇਨ੍ਹਾਂ ਰਿਸ਼ਤਿਆਂ ਨੂੰ ਬਣਾਈ ਰੱਖਣ ਲਈ ਇਨ੍ਹਾਂ ਪਿਆਰੇ ਰਿਸ਼ਤਿਆ ਦੀ ਕਦਰ ਕਰਨੀ ਵੀ ਜ਼ਰੂਰੀ ਹੁੰਦੀ ਹੈ।

ਵੈਸੇ ਅੱਜਕਲ੍ਹ ਤਾਂ ਰਿਸ਼ਤੇ ਛੋਟੀ ਜਿਹੀ ਗੱਲ ਤੇ ਹੀ ਅਣਬਣ ਹੋਣ ਕਾਰਨ ਜਲਦੀ ਹੀ ਟੁੱਟ ਜਾਂਦੇ ਹਨ। ਜੋ ਕਿ ਇੱਕ ਗੰਭੀਰ ਵਿਸ਼ਾ ਹੈ ਅਤੇ ਸਾਡੇ ਲਈ ਸੋਚਣ ਵਾਲੀ ਗੱਲ ਹੈ ਕਿ ਇਹ ਰਿਸ਼ਤੇ ਪੀੜ੍ਹੀ-ਦਰ-ਪੀੜ੍ਹੀ ਅੱਗੇ ਚੱਲਦੇ ਹਨ। ਇਹ ਕਦੇ ਵੀ ਖ਼ਤਮ ਨਹੀਂ ਹੁੰਦੇ ,ਇਹ ਤਾਂ ਬਲਕਿ ਹਰ ਪੈੜ-ਪੈੜ ਤੇ ਸਦਾ ਸਹਾਈ ਹੁੰਦੇ ਹਨ । ਸਭ ਤੋਂ ਪਹਿਲਾਂ ਅਤੇ ਪਵਿੱਤਰ ਰਿਸ਼ਤਾ ਸਾਡੇ ਲਈ ਹੁੰਦਾ ਹੈ ਸਾਡੇ ਮਾਤਾ ਪਿਤਾ ਦਾ ਰਿਸ਼ਤਾ। ਜੇ ਮਾਂ ਜੰਨਤ ਹੈ ਤਾਂ ਪਿਉਂ ਜੰਨਤ ਦਾ ਦਰਵਾਜ਼ਾ ਹੈ। ਸਾਡੀ ਮਾਂ ਸਾਨੂੰ ਇਸ ਸੰਸਾਰ ਵਿਚ ਲਿਆਉਂਦੀ ਹੈ। ਸਾਡਾ ਆਪਣੀ ਮਾਂ ਨਾਲ ਬਹੁਤ ਗ਼ਹਿਰਾ ਰਿਸ਼ਤਾ ਹੁੰਦਾ ਹੈ। ਕਿਉਂਕਿ ਅਸੀਂ ਸਭ ਤੋਂ ਪਹਿਲਾਂ ਆਪਣੀ ਮਾਂ ਦੀ ਕੁੱਖ ਵਿੱਚ ਨੌਂ ਮਹੀਨੇ ਰਹਿੰਦੇ ਹਾਂ। ਸਾਡੀ ਮਾਂ ਸਾਡਾ ਹਰ ਦੁੱਖ ਬਿਨਾਂ ਕਹੇ ਸਮਝ ਜਾਂਦੀ ਹੈ। ਸਾਡੀ ਤੋਤਲੀ ਬੋਲੀ ਸਿਰਫ਼ ਤੇ ਸਿਰਫ਼ ਇੱਕ ਮਾਂ ਹੀ ਸਮਝ ਸਕਦੀ ਹੈ। ਇੱਕ ਪਿਤਾ ਆਪਣੇ ਬੱਚੇ ਨੂੰ ਦੁਨੀਆਂ ਹਰ ਇਕ ਸ਼ੈਅ ਦੁਨੀਆਂ ਲਿਆ ਕੇ ਦਿੰਦਾ ਹੈ। ਆਪਣੇ ਬੱਚੇ ਅਤੇ ਪਰਿਵਾਰ ਲਈ ਪੂਰੀ ਜ਼ਿੰਦਗੀ ਸਖ਼ਤ ਮਿਹਨਤ ਕਰਦਾ ਹੈ। ਆਪਣੀ ਖ਼ੁਸ਼ੀ ਆਪਣੇ ਬੱਚਿਆਂ ਵਿੱਚ ਹੀ ਵੇਖਦਾ ਹੈ। ਸੂਰਜ ਦੀ ਪਹਿਲੀ ਕਿਰਨ ਤੋਂ ਸ਼ਾਮ ਦੀ ਰੌਸ਼ਨੀ ਤੱਕ ਉਹ ਕੰਮ ਕਰਦਾ ਹੈ ਤਾਂ ਜੋ ਸਾਡੀਆਂ ਲੋੜਾਂ ਅਤੇ ਜ਼ਰੂਰਤਾਂ ਪੂਰੀਆਂ ਕਰ ਸਕੇ। ਇੰਨੇ ਗ਼ਹਿਰੇ ਰਿਸ਼ਤਿਆਂ ਨੂੰ



Sri Satguru Jagjit Singh Ji eLibrary NamdhariElibrary@gmail.com

ਹਮੇਸ਼ਾਂ ਬਚਾਅ ਕੇ ਰੱਖਣਾ ਅਤੇ ਸੰਭਾਲਣਾ ਸਾਡਾ ਅਹਿਮ ਫਰਜ਼ ਹੈ।

ਜੋ ਪਿਤਾ ਆਪਣੇ ਲਈ ਦਿਨ ਰਾਤ ਇੱਕ ਕਰ ਦਿੰਦਾ ਹੈ , ਫਿਰ ਸਾਨੂੰ ਵੀ ਆਪਣੇ ਪਿਤਾ ਦੀ ਕਦਰ ਕਰਨੀ ਬਣਦੀ ਹੀ ਹੈ। ਜਿੰਨਾ ਹੋ ਸਕੇ ਮਾਤਾ-ਪਿਤਾ ਲਈ ਉਨ੍ਹਾਂ ਥੋੜ੍ਹਾ ਹੀ ਥੋੜ੍ਹਾ ਹੈ। ਉਸ ਤੋਂ ਬਾਅਦ ਭੈਣ-ਭਰਾ ਦਾ ਰਿਸ਼ਤਾ ਜੋ ਸਾਡੇ ਪਰਿਵਾਰ ਵਿੱਚ ਬੁਹਤ ਪਿਆਰਾ ਤੇ ਖਾਸ ਹੁੰਦਾ ਹੈ। ਰਿਸ਼ਤੇ ਤਾਂ ਬਹੁਤ ਹਨ ਜੇਕਰ ਵੇਖਿਆ ਜਾਵੇ ਜਿਵੇਂ ਕੇ ਮਾਤਾ ਪਿਤਾ ,ਭੈਣ ਭਰਾ, ਦਾਦਾ ਦਾਦੀ ,ਤਾਇਆ ਤਾਈ, ਚਾਚਾ ਚਾਚੀ,ਨਾਨਾ ਨਾਨੀ,ਮਾਮਾ ਮਾਮੀ ਆਦਿ। ਇਸ ਤਰਾਂ ਦੇ ਅੱਗੇ ਹੀ ਅੱਗੇ ਬਹੁਤ ਸਾਰੇ ਰਿਸ਼ਤੇ ਹਨ। ਭੈਣ ਭਰਾ ਹਮੇਸ਼ਾ ਬਚਪਨ ਤੋਂ ਇਕੱਠੇ ਰਹਿੰਦੇ ਹਨ। ਇਕੱਠੇ ਖਾਂਦੇ, ਇਕੱਠੇ ਸੌਂਦੇ, ਅਤੇ ਇਕੱਠੇ ਹੀ ਖੇਡਦੇ ਹਨ। ਜੋ ਦੀ ਇਸ ਰਿਸ਼ਤੇ ਵਿੱਚ ਸਾਡੇ ਤੋਂ ਵੱਡੇ ਹੋਣ ਚਾਹੇ ਉਹ ਭੈਣ ਹੋਵੇ ਜਾਂ ਭਰਾ। ਸਾਨੂੰ ਆਪਣੇ ਤੋਂ ਵੱਡੇ ਦੀ ਗੱਲ ਮੰਨਣੀ ਚਾਹੀਦੀ ਹੈ। ਇਹ ਰਿਸ਼ਤੇ ਸਾਡੇ ਹਰ ਦੁੱਖ-ਸੁੱਖ ਦੇ ਸਾਂਝੀ ਹੁੰਦੇ ਹਨ। ਇਨ੍ਹਾਂ ਦੀ ਕਦਰ ਲਈ ਸਾਨੂੰ ਕਦੇ ਵੀ ਇਨ੍ਹਾਂ ਨਾਲ ਝਗੜਾ ਨਹੀਂ ਕਰਨਾ ਚਾਹੀਦਾ। ਜੋ ਫਿਰ ਵੀ ਕੋਈ ਗ਼ਲਤ ਫਹਿਮੀ ਸਾਡੇ ਤਕਰਾਰ ਦਾ ਕਾਰਨ ਬਣੇ ਤਾਂ ਉਸ ਨੂੰ ਬੈਠ ਕੇ ਰੁਲ ਮਿਲ ਕੇ ਸੁਲਝਾ ਲੈਣਾ ਹੀ ਬਹਿਤਰ ਹੁੰਦਾ ਹੈ।

ਸਾਡੇ 'ਤੇ ਹਮੇਸ਼ਾ ਤਾਂ ਬਚਪਨ ਨਹੀਂ ਰਹਿੰਦਾ, ਨਾ ਹੀ ਹਮੇਸ਼ਾ ਜਵਾਨੀ ਰਹਿੰਦੀ ਹੈ। ਸਾਡੀ ਉਮਰ ਮਾਤਬਿਕ ਬੁਢਾਪਾ ਆ ਹੀ ਜਾਂਦਾ ਹੈ। ਬੁਢਾਪੇ ਵਿੱਚ ਸਾਨੂੰ ਇਨ੍ਹਾਂ ਰਿਸ਼ਤਿਆਂ ਦੀ ਬੜੀ ਲੋੜ ਹੁੰਦੀ ਹੈ। ਬੁਢਾਪਾ ਅੱਧਾ ਬਚਪਨ ਹੁੰਦਾ ਹੈ। ਜਿਵੇਂ ਬਚਪਨ ਵਿੱਚ ਸਾਡੇ ਮਾਤਾ-ਪਿਤਾ ਸਾਡੀ ਦੇਖ ਭਾਲ ਕਰਦੇ ਹਨ ।ਬਿਲਕੁਲ ਉਸੇ ਤਰ੍ਹਾਂ ਹੀ ਬੁਢਾਪੇ ਵਿੱਚ ਸਾਨੂੰ ਆਪਣੇ ਮਾਤਾ ਪਿਤਾ ਦਾ ਖ਼ਿਆਲ ਰੱਖਣਾ ਚਾਹੀਦਾ ਹੈ। ਉਨ੍ਹਾਂ ਦੀ ਸੇਵਾ ਕਰਨੀ ਚਾਹੀਦੀ ਹੈ। ਉਨ੍ਹਾਂ ਸਾਰੀ ਜ਼ਿੰਦਗੀ ਸਾਡੇ ਲਈ ਜੀਅ ਹੁੰਦੀ ਹੈ ਅਤੇ ਬੁਹਤ ਕੁਝ ਸਾਡੇ ਕੀਤਾ ਹੁੰਦਾ ਹੈ। ਇਸ ਬਚਪਨ ਤੋਂ ਬੁਢਾਪੇ ਤੱਕ ਪਹੁੰਚਦੇ-ਪਹੁੰਚਦੇ ਰਾਹ ਵਿਚ ਬਹੁਤ ਰਿਸ਼ਤੇ ਨਵੇਂ ਬਣ ਜਾਂਦੇ ਹਨ। ਇੱਕ ਲੜਕੀ ਦਾ ਜਦੋਂ ਵਿਆਹ ਹੁੰਦਾ ਹੈ। ਉਹ ਇੱਕ ਨੂੰਹ ਬਣ ਜਾਂਦੀ ਹੈ। ਆਪਣਾ ਘਰ-ਬਾਰ ਛੱਡ ਉਸ ਨੂੰ ਇੱਕ ਨਵੀਂ ਥਾਂ ਜਾਣਾ ਪੈਂਦਾ ਹੈ। ਵਿਆਹ ਤੋਂ ਬਾਅਦ ਇੱਕ ਲੜਕੀ ਦਾ ਫ਼ਰਜ਼ ਬਣਦਾ ਹੈ ਕਿ ਉਹ ਆਪਣੇ ਸੱਸ ਸਹੁਰੇ ਦੀ ਸੇਵਾ ਕਰੇ, ਉਨ੍ਹਾਂ ਦੀ ਆਗਿਆ ਦਾ ਪਾਲਣ ਕਰੇ। ਜੇ ਕਦੇ ਮਾਤਾ-ਪਿਤਾ ਜਾਂ ਸੱਸ ਸਹੁਰਾ ਜਾਂ ਹੋਰ ਰਿਸ਼ਤਿਆਂ ਚ ਕੋਈ ਬਿਮਾਰ ਹੋਵੇ ਉਨ੍ਹਾਂ ਦੀ ਸੇਵਾ ਕਰਨਾ ਸਾਡਾ ਮੁੱਖ ਫਰਜ਼ ਬਣਦਾ ਹੈ। ਜ਼ਿੰਦਗੀ ਵਿਚ ਆਪਣੇ ਰਿਸ਼ਤੇ ਸਾਡੇ ਨਾਲ ਹਮੇਸ਼ਾਂ ਖੜ੍ਹੇ ਰਹਿੰਦੇ ਹਨ। ਜੇ ਕਦੇ ਵੀ ਜ਼ਿੰਦਗੀ ਚ ਆਪਣੇ ਤੇ ਕੋਈ ਮੁਸੀਬਤ ਆ ਜਾਵੇ, ਤੁਹਾਨੂੰ ਹਮੇਸ਼ਾ ਆਪਣਿਆਂ ਦੇ ਨਾਲ ਮੋਢੇ ਨਾਲ ਮੋਢਾ ਜੋੜ ਖੜ੍ਹੇ ਰਹਿਣਾ ਚਾਹੀਦਾ ਹੈ। ਉਹਨਾਂ ਦੀ ਹਰ ਦੁੱਖ-ਤਕਲੀਫ਼ ਵਾਲੀ ਗੱਲ ਸੁਣਨੀ ਅਤੇ ਸਮਝਣੀ ਚਾਹੀਦੀ ਹੈ। ਜਿੰਨਾ ਹੋ ਸਕੇ ਦੁੱਖ ਵਿੱਚ ਆਪਣਿਆਂ ਦਾ ਸਾਥ ਦੇਣਾ ਚਾਹੀਦਾ ਹੈ। ਜਿੰਨੀ ਸਾਡੀ ਪਹੁੰਚ ਹੋਵੇ ਉਨ੍ਹਾਂ ਦੀ ਮਦਦ ਜਰੂਰ ਕਰੋ। ਰਿਸ਼ਤੇ ਹਮੇਸ਼ਾ ਛੋਟਿਆਂ-ਮੋਟਿਆਂ ਝਗੜਿਆਂ ਤੋਂ ਸ਼ੁਰੂ ਹੋ ਕੇ ਵੱਡੀਆਂ ਲੜਾਈਆਂ ਤੱਕ ਚਲੇ ਜਾਂਦੇ ਹਨ। ਆਪਣਿਆ ਨਾਲ ਹੋਏ ਝਗੜੇ ਜਲਦੀ ਹੀ ਸੁਲਝਾ ਲੈਣੇ ਚਾਹੀਦੇ ਹਨ। ਇਹ ਝਗੜੇ ਤਾਂ ਹੀ ਖ਼ਤਮ ਹੋ ਸਕਦੇ ਹਨ , ਜੇ ਕਰ ਆਪਣੇ ਵਿੱਚ ਸਹਿਣਸ਼ੀਲਤਾ ਹੋਵੇਗੀ। ਹਰ ਛੋਟੀ ਗੱਲ ਤੇ ਗੁੱਸੇ ਨਾਂ ਹੋ ਕੇ ਅਤੇ ਨਾਂ ਕਿਸੇ ਨੂੰ ਗੁੱਸੇ ਕਰਕੇ ਉਸ ਗੱਲ ਨੂੰ ਹਾਸੇ ਵਿਚ ਟਾਲ ਦੇਣਾ ਹੀ ਸਹੀ ਹੁੰਦਾ ਹੈ। ਕਿਸੇ ਨਾਲ ਗੱਲ ਕਰਨ ਲੱਗੇ ਆਪਣੀ ਹੱਦ ਕਦੇ ਨਾ ਭੁੱਲੋ। ਕਿਸੇ ਦਾ ਅਪਮਾਨ ਕਦੇ ਵੀ ਨਾ ਕਰੋ। ਸਭ ਨੂੰ ਆਪਣੇ ਵਰਗਾ ਹੀ ਸਮਝੋ ਅਤੇ ਸਾਰਿਆ ਦੀ ਇੱਜ਼ਤ ਕਰੋ। ਰਿਸ਼ਤਿਆਂ ਦੀ ਡੋਰ ਬੜੀ ਨਾਜ਼ੁਕ ਹੁੰਦੀ ਹੈ। ਜੇ ਇਸ ਨੂੰ ਸਮੇਂ ਸਿਰ ਨਾ ਸੰਭਾਲਿਆ ਜਾਵੇਂ ਤਾਂ ਇਹ ਡੋਰ ਜਲਦੀ ਹੀ ਟੁੱਟ ਜਾਂਦੀ ਹੈ। ਜੇ ਇਹ ਇੱਕ ਵਾਰ ਟੁੱਟ ਜਾਵੇ, ਫਿਰ ਨਹੀਂ ਜੁੜਦੀ, ਜੇ ਜੋੜ ਵੀ ਲਈ ਜਾਵੇ ਇਕ ਗੰਠ ਬੰਨ੍ਹੀ ਜਾਂਦੀ ਹੈ। ਜਿਸ ਨਾਲ ਉਹ ਰਿਸ਼ਤਾ ਪਹਿਲਾਂ ਵਾਂਗ ਨਹੀਂ ਰਹਿੰਦਾ। ਲੜਾਈ ਵਿੱਚ ਸਾਨੂੰ ਬਹੁਤ ਗੁੱਸਾ ਆਉਂਦਾ ਹੈ। ਉਹ ਗੁੱਸੇ ਵਿੱਚ ਕਈ ਵਾਰ ਅਸੀਂ ਇਸ ਤਰ੍ਹਾਂ ਦਾ ਫੈਸਲਾ ਲੈ ਲੈਂਦੇ ਹਾਂ। ਜਿਸ ਨੂੰ ਸੋਚ ਸਾਨੂੰ ਬਾਅਦ ਵਿੱਚ ਪਛਤਾਉਣਾ ਪੈਂਦਾ ਹੈ। ਅਸੀਂ ਆਪਣੇ ਰਿਸ਼ਤਿਆਂ ਨੂੰ ਗੁੱਸੇ ਵਿੱਚ ਵੱਧ-ਘੱਟ ਬੋਲ ਕੇ ਗੁਵਾ ਲੈਂਦੇ ਹਾਂ। ਇਹ ਰਿਸ਼ਤੇ ਸਾਡੇ ਲਈ ਬੁਹਤ ਕੀਮਤੀ ਹੁੰਦੇ ਹਨ , ਇਨਾਂ ਦਾ ਖਿਆਲ ਸਾਨੂੰ ਹਮੇਸ਼ਾ ਰੱਖਣਾ ਚਾਹੀਦਾ ਹੈ।ਕਦੀ ਵੀ ਕਿਸੇ ਨਾਲ ਗੁੱਸੇ ਨਾਂ ਹੋਵੋਂ । ਗੁੱਸਾ ਹਮੇਸ਼ਾਂ ਤੋਂ ਇਨਸਾਨ ਦਾ ਦੁਸ਼ਮਣ ਰਿਹਾ ਹੈ। ਇਸ ਕਰਕੇ ਆਪਣੀ ਜਿੰਦਗੀ ਚ ਕੋਈ ਵੀ ਫੈਸਲਾ ਲੈਣਾ ਹੋਵੇ ਤਾਂ ਗੁੱਸੇ ਵਿਚ ਨਹੀਂ ਠੰਢੇ ਦਿਮਾਗ਼ ਨਾਲ ਸੋਚ ਸਮਝ ਕੇ ਲਓ। ਰਿਸ਼ਤਿਆਂ ਨੂੰ ਕਦੇ ਵੀ ਕਮਜ਼ੋਰ ਨਾ ਹੋਣ ਦਿਓ। ਰਿਸ਼ਤੇ ਜੀਵਨ ਦਾ ਅਹਿਮ ਹਿੱਸਾ ਹੁੰਦੇ ਹਨ। ਆਪਣੇ ਰਿਸ਼ਤਿਆਂ ਵਿੱਚ ਹੀ ਆਪਣੀ ਖ਼ੁਸ਼ੀ ਲੱਭੋ, ਹਮੇਸ਼ਾ ਉਨ੍ਹਾਂ ਨਾਲ ਜੁੜੇ ਰਹੋ। ਰਿਸ਼ਤਿਆਂ ਦੀ ਕਦਰ ਜ਼ਰੂਰ ਕਰੋ ਚਾਹੇ ਉਹ ਕੋਈ ਵੀ ਰਿਸ਼ਤਾ ਹੋਵੇ, ਮਾਤਾ ਪਿਤਾ ਦਾ, ਭੈਣ ਭਰਾ ਦਾ, ਪਤੀ ਪਤਨੀ ਦਾ ਜਾਂ ਫਿਰ ਦੋਸਤੀ ਦਾ । ਰਿਸ਼ਤੇ ਸਾਰੇ ਹੀ ਪਿਆਰੇ ਹਨ। ਬਸ ਸਮਝਣ ਲਈ ਦਿਮਾਗ਼ ਅਤੇ ਆਪਣਾ ਮੰਨਣ ਅਤੇ ਪਿਆਰ ਕਰਨ ਲਈ ਦਿਲ ਹੋਣਾ ਚਾਹੀਦਾ ਹੈ। ਕਿਸੇ ਨੂੰ ਆਪਣਾ ਕਹਿਣ ਨਾਲ ਕੋਈ ਆਪਣਾ ਨਹੀਂ ਹੋ ਸਕਦਾ। ਆਪਣਾ ਬਣਾਉਣ ਲਈ ਉਨ੍ਹਾਂ ਦੀ ਕਦਰ ਵੀ ਹੋਣੀ ਚਾਹੀਦੀ ਹੈ। ਮੇਰੀ ਇਹ ਛੋਟੀ ਜਿਹੀ ਕੋਸ਼ਿਸ਼ ਮੇਰੇ ਪਿਆਰੇ ਦੋਸਤਾਂ ਅਤੇ ਪਾਠਕਾਂ ਨੂੰ ਜ਼ਰੂਰ ਪਸੰਦ ਆਈ ਹੋਵੇਗੀ। ਇਸ ਨਾਚੀਜ਼ ਕਲਮ ਦੀ ਇਹ ਨਿਮਾਣੀ ਜਿਹੀ ਬੇਨਤੀ ਨੂੰ ਜ਼ਰੂਰ ਕਬੂਲ ਕਰਿਓ ਜੀ, ਧੰਨਵਾਦ !

-ਪਿੰਡ ਪਮਾਲੀ ਜ਼ਿਲ੍ਹਾ ਲੁਧਿਆਣਾ।

# ਰੁੱਸੇ ਨੂੰ ਮਨਾਉਣ ਲਈ 'ਸੌਰੀ' ਹਾਲੇ ਵੀ ਕਾਰਗਰ ਹਥਿਆਰ ਹੈ

ਭਾਵੇਂ ਇਹ ਵਿਜੂਅਲ ਦਾ ਜ਼ਮਾਨਾ ਹੈ, ਹਰ ਪਾਸੇ ਵਿਜੂਐਲਿਟੀ ਜ਼ਿਆਦਾ ਹੋ ਗਈ ਹੈ। ਬਾਵਜੂਦ ਇਸ ਦੇ ਹਾਲੇ ਵੀ ਕੁੱਝ ਸ਼ਬਦਾਂ ਵਿੱਚ ਬਹੁਤ ਤਾਕਤ ਹੈ। ਇਸ ਤਰ੍ਹਾਂ ਦਾ ਇੱਕ ਸ਼ਬਦ ਹੈ- 'ਸੌਰੀ'। ਮੈਨੂੰ ਮਾਫ ਕਰਨਾ ਮੈਨੂੰ ਅਫ਼ਸੋਸ ਹੈ। ਹਾਲਾਂਕਿ ਇਹ ਦੋਵੇਂ ਸ਼ਬਦ, ਸੌਰੀ ਦੇ ਹੀ ਅਨੁਵਾਦ ਹਨ। ਪਰ ਇਨ੍ਹਾਂ ਵਿੱਚ ਉਹ ਗੱਲ ਨਹੀਂ ਹੈ, ਜੋ ਗੱਲ 'ਸੌਰੀ' ਵਿੱਚ ਹੈ। ਚਾਹੇ ਮਨ-ਮੁਟਾਵ ਦੂਰ ਕਰਨ ਦੀ ਗੱਲ ਹੋਵੇ, ਚਾਹੇ ਸਾਲਾਂ ਪੁਰਾਣੇ ਗਿਲੇ-ਸ਼ਿਕਵੇ ਖ਼ਤਮ ਕਰਨ ਦੀ ਕੋਸ਼ਿਸ ਹੋਵੇ ਜਾਂ ਫਿਰ ਚਾਹੇ ਗ਼ਲਤਫ਼ਹਿਮੀਆਂ ਦੇ ਚੱਲਦਿਆਂ ਬਣੀ ਦੀਵਾਰ ਨੂੰ ਢਾਹੁਣਾ ਹੋਵੇ। 'ਸੌਰੀ' ਸ਼ਬਦ ਵਿੱਚ ਜਾਦੂ ਹੈ। ਇਸ ਦੀ ਵਰਤੋਂ ਕਰਕੇ ਤਾਂ ਦੇਖੋ, ਤੁਹਾਨੂੰ ਨਿਰਾਸ਼ ਨਹੀਂ ਹੋਣਾ ਪਵੇਗਾ। ਅੰਗਰੇਜ਼ੀ ਦੇ ਪੰਜ ਅੱਖਰਾਂ ਦੇ ਇਸ ਬੇਹੱਦ ਸ਼ਬਦ 'ਸੌਰੀ' ਨੇ ਦਿਲੋ-ਦਿਮਾਗ ਵਿੱਚ ਉਮੜ-ਗਮੜ ਰਹੀ ਹਰ ਤਰ੍ਹਾਂ ਦੀਆਂ ਸੰਭਾਵਨਾਵਾਂ ਨੂੰ ਇੱਕ ਝਟਕੇ ਵਿੱਚ ਹੀ ਖਤਮ ਕਰ ਦਿੱਤਾ। ਦਰਅਸਲ ਹਰ ਰੁੱਸਿਆ ਵਿਅਕਤੀ ਮੰਨ ਜਾਂਦਾ ਹੈ।

ਬੱਸ ਤੁਹਾਨੂੰ ਉਸ ਨੂੰ ਸਹੀ ਢੰਗ ਨਾਲ ਮਨਾਉਣਾ ਆਉਣਾ ਚਾਹੀਦਾ ਹੈ। ਸੱਚ ਤਾਂ ਇਹ ਹੈ ਕਿ ਹਰ ਰੁੱਸਿਆ ਵਿਅਕਤੀ ਮਨ ਹੀ ਮਨ ਕਾਮਨਾ ਕਰਦਾ ਹੈ ਕਿ ਉਸ ਨੂੰ ਕੋਈ ਮਨਾਵੇ। ਜਿੰਨਾ ਜਲਦੀ ਹੋ ਸਕੇ, ਓਨਾ ਜਲਦੀ ਮਨਾਓ। ਕਿਉਂਕਿ ਦੇਰ ਹੋਣ 'ਤੇ ਉਹ ਨਿਰਾਸ਼ ਹੋਣ ਲੱਗਦਾ ਹੈ, ਸੋਚਣ ਲੱਗਾ ਹੈ, ਸ਼ਾਇਦ ਉਸ ਨੂੰ ਕੋਈ ਨਹੀਂ ਮਨਾਏਗਾ। ਇਸ ਨਾਲ ਉਹ ਦੁਖੀ ਹੁੰਦਾ ਹੈ, ਗੁੱਸੇ ਹੁੰਦਾ ਹੈ, ਚਿੜਚਿੜਾ ਹੁੰਦਾ ਹੈ। ਜਦੋਂ ਅਸੀਂ ਕਿਸੇ ਨੂੰ ਗੁੱਸੇ ਵਿੱਚ ਕੁੱਝ ਕਹਿ ਦਿੰਦੇ ਹਾਂ ਅਤੇ ਗੁੱਸਾ ਲਾਹੁਣ ਤੋਂ ਬਾਅਦ ਉਸ ਦੀ ਗੱਲ 'ਤੇ ਗੌਰ ਕਰਦੇ ਹਾਂ ਤਾਂ ਅਕਸਰ ਇਸ ਨਤੀਜੇ 'ਤੇ ਪਹੁੰਚਦੇ ਹਾਂ ਕਿ ਅਸੀ ਜਲਦਬਾਜ਼ੀ ਕਰ ਲਈ। ਪਰ ਮਨ ਵਿੱਚ ਇਹ ਡਰ ਬਣਿਆ ਰਹਿੰਦਾ ਹੈ ਕਿ ਜੇਕਰ ਅਸੀ ਇਹ ਪ੍ਰਗਟਾ ਦਈਏ ਕਿ ਸਾਡੇ ਤੋਂ ਗ਼ਲਤੀ ਹੋਈ ਹੈ ਤਾਂ ਸਾਹਮਣੇ ਵਾਲਾ ਵਿਅਕਤੀ ਕਦੀ ਨਹੀ ਸਾਨੂੰ ਕੁੱਝ ਸਮਝੇਗਾ। ਹੋ ਸਕਦਾ ਹੈ ਉਲਟਾ ਸਾਡੇ ਉੱਪਰ ਹੀ ਹਮਲਾ ਹੋ ਜਾਵੇ। ਇਸ ਲਈ ਅਸੀ ਇਸ ਗੱਲ ਦਾ ਅਹਿਸਾਸ ਕਰਨ ਤੋਂ ਬਾਅਦ ਵੀ ਸਾਨੂੰ ਇਸ ਤਰ੍ਹਾਂ ਨਹੀ ਕਹਿਣਾ ਚਾਹੀਦਾ ਸੀ, ਜਿਸ ਤਰ੍ਹਾਂ ਕਿ ਅਸੀ ਕਿਹਾ ਤੇ ਅਸੀਂ ਚੁੱਪੀ ਸਾਧ ਜਾਂਦੇ ਹਾਂ ਤਾਂ ਇਹ ਗ਼ਲਤ ਹੈ। ਜੇਕਰ ਅਸੀਂ ਕਿਸੇ ਨੂੰ ਝਿੜਕੀਏ ਅਤੇ ਜਲਦੀ ਹੀ ਪਤਾ ਲੱਗ ਜਾਵੇ ਕਿ ਅਸੀਂ ਗਲਤ ਹਾਂ ਤਾਂ ਬਿਹਤਰੀ ਇਹੀ ਹੈ ਕਿ ਅਸੀਂ ਆਪਣੀ ਗ਼ਲਤੀ ਸੁਧਾਰ ਲਈਏ ਅਤੇ ਇਸ ਲਈ ਕੋਈ ਵੱਡੀ ਕੀਮਤ ਨਹੀਂ ਚੁਕਾਉਣੀ ਪੈਂਦੀ। ਸਿਰਫ ਇੱਕ ਛੋਟਾ ਜਿਹਾ ਸ਼ਬਦ ਬੋਲਣਾ ਹੈ 'ਸੌਰੀ'।

**-ਨਮਰਤਾ ਨਦੀਮ**



Sri Satguru Jagjit Singh Ji eLibrary NamdhariElibrary@gmail.com

# "ਅਸੀਂ ਨਾਲ ਤੇਰੇ ਆਵਾਂਗੇ ਜ਼ਰੂਰ ਦੋਸਤਾ, ਪਰ ਸਿਵਿਆਂ ਤੋਂ ਅੱਗੇ ਮਜਬੂਰ ਦੋਸਤਾ"-ਹਰਬਖ਼ਸ਼ ਸਿੰਘ ਟਾਹਲੀ

**-ਅਸ਼ੋਕ ਬਾਂਸਲ ਮਾਨਸਾ-**

ਤਵਿਆਂ ਦੇ ਯੁੱਗ ਵਿੱਚ ਮਾਨਕ ਦੇ ਸਭ ਤੋਂ ਵੱਧ ਤਵੇ ਆਏ ਤੇ ਸਾਰੇ ਦੇ ਸਾਰੇ ਸੁਪਰ ਹਿੱਟ, ਜਦੋਂ ਕੈਸਿਟ ਕਲਚਰ ਦੀ ਸ਼ੁਰੂਆਤ ਹੋਈ ਤਾਂ ਪੁਰਾਣੇ ਗਾਇਕਾਂ ਵਿੱਚੋਂ ਸਭ ਤੋਂ ਵੱਧ ਕੈਸਿਟਾਂ ਰਿਕਾਰਡਰ ਕਰਾਉਣ ਵਾਲਾ ਕੁਲਦੀਪ ਮਾਣਕ ਹੀ ਸੀ, ਕਿਉਂਕਿ ਕੈਸਿਟ ਮਾਣਕ ਦੇ ਨਾਮ ਤੇ ਹੀ ਵਿੱਕ ਜਾਂਦੀ ਸੀ। ਇਨ੍ਹਾਂ ਕੈਸਿਟਾਂ ਵਿੱਚ ਕੁੱਝ ਕੈਸਿਟਾਂ ਐਸੀਆਂ ਵੀ ਹਨ ਜਿਨ੍ਹਾਂ ਨੂੰ ਮਾਣਕ ਦੀਆਂ ਯਾਦਗਾਰੀ ਐਲਬਮਾਂ ਕਿਹਾ ਜਾ ਸਕਦਾ ਹੈ। ਮਾਣਕ ਦੀਆਂ ਇਨ੍ਹਾਂ ਯਾਦਗਾਰੀ ਐਲਬਮਾਂ 'ਚੋਂ ਇਕ ਐਲਬਮ ਹੈ "ਦਿਲ ਨਹੀਂਓ ਲਗਦਾ" ਜਿਸ ਦੇ ਗੀਤਕਾਰ-ਹਰਬਖ਼ਸ਼ ਸਿੰਘ ਟਾਹਲੀ, ਸੰਗੀਤਕਾਰ-ਪੰਡਿਤ ਸੋਮਨਾਥ ਸ਼ਰਮਾ ਸਨ। ਇਸ ਐਲਬਮ ਨੇ ਮਾਣਕ ਦੀ ਗਾਇਕੀ ਦਾ ਇਕ ਨਵਾਂ ਮੁਹਾਂਦਰਾ ਪੇਸ਼ ਕੀਤਾ ਸੀ ਤੇ ਇਸ ਵਿਚਲੇ ਗੀਤ ਮਾਣਕ ਪ੍ਰੇਮੀਆਂ ਦੇ ਮਨ ਵਿੱਚ ਅੱਜ ਵੀ ਵਸੇ ਹੋਏ ਹਨ-

'ਟਾਹਲੀ' ਵਾਲਿਆ ਵੇ
ਤੇਰੇ ਜਿਹਾ ਕੋਈ ਹੋਰ ਨਾ
ਸੋਹਣਿਆਂ ਦੇ ਅੱਗੇ
ਬਹੁਤਾ ਚੱਲੇ ਜੋਰ ਨਾ
ਤੇਰੇ ਪੈਰਾਂ ਵਿੱਚ ਡਿੱਗੇ,
ਸਾਨੂੰ ਚੁੱਕ ਸੀਨੇ ਲਾ ਲੈ

ਸਾਡੇ ਨੈਣਾਂ ਸੰਗ
ਨੈਣਾਂ ਨੂੰ ਲੜੌਣ ਵਾਲਿਆ
ਵੇ ਤੇਰਾ ਭਲਾ ਹੋਵੇ,
ਭਲਾ ਹੋਵੇ, ਜ਼ਿੰਦਗੀ ਤਪੌਣ ਵਾਲਿਆ
----------
'ਟਾਹਲੀ ਵਾਲਾ' ਮੇਰੀ
ਰਗ ਰਗ ਵਿੱਚ ਹੈ
ਸਮੋਇਆ ਅੰਮੀਏ।
ਉਹਨੂੰ ਤੱਕੇ ਬਿਨਾਂ
ਚੈਨ ਨਹੀਂਓ ਆਉਂਦਾ,
ਇਹ ਕੀ ਹੋਇਆ ਅੰਮੀਏ
ਜਿਹੜੇ ਰਾਹੇ
ਉਹਦਾ ਪਿੰਡ ਨਾ ਆਵੇ,
ਨਹੀਂਓ ਓਸ ਰਾਹੇ ਪੈਣਾ ਨੀ ਮਾਏ
ਸਾਨੂੰ ਯਾਰ ਸਾਡੇ ਨਾਲ ਤੋਰ ਦੇ,
ਨਹੀਓਂ ਹੋਰ ਕੁੱਝ ਲੈਣਾ ਨੀ ਮਾਏ
ਸਾਨੂੰ ਗਹਿਣਿਆਂ ਦੀ ਲੋੜ ਕੋਈ ਨਾ
ਸਾਡਾ ਯਾਰ ਸਾਡਾ ਗਹਿਣਾ ਨੀ ਮਾਏ
-----------------
'ਟਾਹਲੀ' ਪਿੰਡ ਦੇ ਲੋਕ ਇਹ ਸਾਰੇ,
ਭਾਵੇਂ ਲਗਦੇ ਬਹੁਤ ਪਿਆਰੇ
ਤੇਰੀ ਦੀਦ ਨੂੰ ਐਪਰ ਸੱਜਣਾ,
ਤਰਸਣ ਸਾਡੇ ਨੈਣ ਕੁਆਰੇ
ਮਾਰ ਉਡਾਰੀ ਆਜਾ ਵੇ,
ਲੰਮਾ ਪੰਧ ਮੁਕਾ
ਦਿਲ ਨਹੀਂਓ ਲਗਦਾ,
ਸੱਜਣਾ ਵੇ ਵਤਨੀਂ ਫੇਰਾ ਤੇ ਪਾ
--------------------

ਕੁਲਦੀਪ ਮਾਣਕ ਤੋਂ ਬਿਨਾਂ ਹੰਸ ਰਾਜ ਹੰਸ ਦੀ ਆਵਾਜ਼ ਵਿੱਚ

ਕੇਸਰੀ ਵੇ ਪੱਗ ਵਾਲਿਆ
ਲੈ ਜਾ ਸਾਥੋਂ ਵੀ ਵਧਾਈਆਂ,
ਵੇ ਤੂੰ ਆਣ ਕੇ
ਰੱਬ ਤੈਨੂੰ ਮਾਫ ਕਰੇ,
ਵੇ ਤੂੰ ਦਿੱਤੀਆਂ ਜੁਦਾਈਆਂ
ਸਾਨੂੰ ਜਾਣ ਕੇ
----------------------
ਚੰਨਾਂ ਤੇਰੇ ਤਾਰੇ ਕੋਲ ਹੋਣਗੇ,
ਅਸੀਂ ਤਾਂ ਇਕੱਲੇ ਬਹਿ ਕੇ ਰੋਈਏ
ਹੋਰ ਵੀ ਸਹਾਰੇ ਕੋਲ ਹੋਣਗੇ
ਅਸੀਂ ਤਾਂ ਇਕੱਲੇ ਬਹਿ ਕੇ ਰੋਈਏ
--------------------

ਕੁਲਦੀਪ ਮਾਣਕ, ਹੰਸ ਰਾਜ ਹੰਸ, ਸਾਬਰਕੋਟੀ, ਸੁਖਵਿੰਦਰ, ਸੁਖਵਿੰਦਰ ਪੰਛੀ ਸਮੇਤ ਪੰਜਾਬ ਦੇ ਚੋਟੀ ਦੇ ਗਾਇਕਾਂ ਨੇ ਹਰਬਖਸ਼ ਦੇ ਗੀਤ ਗਾਏ ਨੇ। ਹਰਬਖਸ਼ ਟਾਹਲੀ ਆਪਣੀ ਕਿਸਮ ਦਾ ਸ਼ਾਇਰ ਐ ਉਸ ਦੀ ਤੁਲਣਾ ਕਿਸੇ ਵੀ ਹੋਰ ਸ਼ਾਇਰ ਨਾਲ ਨਹੀਂ ਕੀਤੀ ਜਾ ਸਕਦੀ।



ਪਹਿਲਾਂ ਤੇ ਉਹ ਜਲੰਧਰ ਰਹਿੰਦਾ ਸੀ ਪਰ ਹੁਣ ਉਹਨੇ ਆਪਣਾ ਟਿਕਣਾ ਬਦਲ ਕੇ ਦੁਨੀਆ ਦਾ ਮਹਾਨਾਗਰ ਨਿਊਯਾਰਕ (ਅਮਰੀਕਾ) ਬਣਾ ਲਿਐ ਹਰਬਖ਼ਸ਼ ਟਾਹਲੀ ਨਾਲ ਅਗਸਤ 2008 'ਚ ਮੇਰੀ ਮੁਲਾਕਾਤ ਨਿਊਯਾਰਕ ਦੇ ਰਿਚਮੰਡ ਹਿਲ ਏਰੀਏ 'ਚ ਹੋਈ ਸੀ। ਬੜੀ ਅਪਣੱਤ ਨਾਲ ਮਿਲਿਆ ਉਧਰ ਵੀ ਉਹ ਪੱਤਰਕਾਰੀ ਨਾਲ ਹੀ ਜੁੜਿਆ ਹੋਇਆ ਸੀ ........ਐਤਕੀਂ ਮੇਰੀ ਮਿਲਣ ਦੀ ਬਹੁਤ ਖਾਹਿਸ਼ ਸੀ, ਜਦੋਂ ਮੈਂ ਫੋਨ ਕੀਤਾ ਤਾਂ ਉਸ ਦੇ ਬੇਟੇ ਰੋਮੀ ਟਾਹਲੀ ਨੇ ਦੱਸਿਆ ਕਿ ਡੈਡੀ ਦੀ ਤਬੀਅਤ ਠੀਕ ਨਹੀਂ, ਹੁਣ ਅਸੀਂ ਨਿਊਯਾਰਕ ਤੋਂ ਮੂਵ ਹੋ ਕੇ ਇੰਡਾਨਾ ਰਹਿਣ ਲੱਗ ਪਏ ਹਾਂ...... ਇਸ ਵਜ੍ਹਾ ਨਾਲ ਮੇਰੀ ਹਰਬਖ਼ਸ਼ ਟਾਹਲੀ ਨਾਲ ਇਸ ਵਾਰ ਮੁਲਾਕਾਤ ਨਹੀਂ ਹੋ ਸਕੀ।--- ਹੁਣ ਤਾਂ ਹਰਬਖਸ਼ ਟਾਹਲੀ ਦਾ ਰਿਸ਼ਤਾ ਪੰਜਾਬੀ ਗਾਇਕੀ ਨਾਲ ਹੋਰ ਵੀ ਪੀਡਾ ਹੋ ਗਿਆ ---ਜਿਸ ਬਾਰੇ ਫੇਰ ਗੱਲ ਕਰਾਂਗੇ---।ਹਰਬਖ਼ਸ਼ ਦੀ ਸ਼ਾਇਰੀ 'ਚ ਇਕ ਸਕੂਨ ਵੀ ਐ ਯਥਾਰਥ ਵੀ ਉਹਦਾ ਇਕ ਸ਼ੇਅਰ ਦੇਖੋ

ਜਿਹੜੇ ਸੜਕਾਂ 'ਤੇ ਰੁਲ ਕੇ
ਜੁਆਨ ਹੁੰਦੇ ਨੇ
ਮੈਂ ਦਾਅਵੇ ਨਾਲ ਕਹਿਣਾ,
ਉਹ ਮਹਾਨ ਹੁੰਦੇ ਨੇ
ਜਿਹਨਾਂ ਜ਼ਿੰਦਗੀ 'ਚ ਸਿੱਖਿਆ
ਮੁਸ਼ੱਕਤਾਂ ਦਾ ਰਾਹ
ਉਹ ਜਾਣਦੇ ਬੰਦੇ ਨੇ,
ਹੁੰਦਾ ਦਮਾ ਦਾ ਕੀ ਭਾਅ
ਜਿੰਦ ਵਹੁਟੀ ਨੂੰ
ਉਹ ਲਾੜੇ ਪ੍ਰਵਾਨ ਹੁੰਦੇ ਨੇ
ਮੈਂ ਦਾਅਵੇ ਨਾਲ ਕਹਿਣਾ
ਉਹ ਮਹਾਨ ਹੁੰਦੇ ਨੇ
-----------------

ਮੈਂ ਹਰਬਖਸ਼ ਟਾਹਲੀ ਦਾ ਇਕ ਸ਼ੇਅਰ ਸ਼ਮਸ਼ਾਨ ਘਾਟ ਦੇ ਬਾਹਰ ਦੀਵਾਰ 'ਤੇ ਲਿਖਿਆ ਦੇਖਿਆ-

"ਅਸੀਂ ਨਾਲ ਤੇਰੇ ਆਵਾਂਗੇ ਜ਼ਰੂਰ ਦੋਸਤਾ
ਪਰ ਸਿਵਿਆਂ ਤੋਂ ਅੱਗੇ ਮਜਬੂਰ ਦੋਸਤਾ"



Sri Satguru Jagjit Singh Ji eLibrary NamdhariElibrary@gmail.com




• ਡਾ: ਹਰਸ਼ਿੰਦਰ ਕੌਰ

ਐੱਮ.ਡੀ.

ਬੱਚਿਆਂ ਦੇ ਰੋਗਾਂ ਦੇ ਮਾਹਰ, ਪਟਿਆਲਾ।

ਫ਼ੋਨ : 0175-2216783


# ਆਓ ਪਾਣੀ ਪੀਣ ਦੇ ਸਹੀ ਢੰਗ ਬਾਰੇ ਜਾਣੀਏ

ਪਾਣੀ ਬਿਨਾਂ ਜੀਵਨ ਸੰਭਵ ਨਹੀਂ ਹੈ। ਪਾਣੀ ਪੀਣ ਵੇਲੇ ਕੁੱਝ ਨਿੱਕੀਆਂ-ਨਿੱਕੀਆਂ ਗੱਲਾਂ ਦਾ ਧਿਆਨ ਰੱਖੀਏ ਤਾਂ ਤੰਦਰੁਸਤ ਰਹਿ ਸਕਦੇ ਹਾਂ। ਇਹ ਮੰਨੀ ਪਰਮੰਨੀ ਗੱਲ ਹੈ ਕਿ ਪਲਾਸਟਿਕ ਦੀਆਂ ਬੋਤਲਾਂ ਵਿਚਲਾ ਬੀ.ਪੀ.ਏ. (ਬਿਸਫਿਨੋਲ ਏ) ਪਾਣੀ ਵਿਚ ਰਲ ਜਾਂਦਾ ਹੈ ਤੇ ਖ਼ਤਰਨਾਕ ਸਾਬਤ ਹੋ ਸਕਦਾ ਹੈ। ਕੈਂਸਰ ਤੋਂ ਲੈ ਕੇ ਜਮਾਂਦਰੂ ਨੁਕਸ, ਬਲੱਡ ਪ੍ਰੈਸ਼ਰ, ਹਾਰਮੋਨਾਂ ਵਿਚ ਗੜਬੜੀ, ਦਿਲ ਦੇ ਰੋਗ ਅਤੇ ਸ਼ੱਕਰ ਰੋਗ ਆਦਿ ਦੇ ਖ਼ਤਰੇ ਵਧਣ ਬਾਰੇ ਖੋਜਾਂ ਜਾਰੀ ਹਨ। ਇਸੇ ਲਈ ਸਭ ਨੂੰ ਫਰਿਜ ਅਤੇ ਕਾਰਾਂ ਵਿਚ ਸ਼ੀਸ਼ੇ ਜਾਂ ਸਟੀਲ ਦੀਆਂ ਬੋਤਲਾਂ ਰੱਖਣ ਲਈ ਕਿਹਾ ਜਾਂਦਾ ਹੈ।

**ਕੁੱਝ ਸੱਚ ਝੂਠ ਜੋ ਫੈਲਾਏ ਜਾ ਰਹੇ ਹਨ, ਉਨ੍ਹਾਂ ਬਾਰੇ ਦੱਸਣਾ ਜ਼ਰੂਰੀ ਹੈ** :-

1. ਵੱਡੇ ਹੋਟਲਾਂ ਵਿਚ ਪਾਣੀ ਦੀ ਬੋਤਲ ਵਿਚ ਕੱਟੀ ਹੋਈ ਗਾਜਰ ਦਾ ਲੰਮਾ ਟੁਕੜਾ, ਖੀਰੇ ਦਾ ਟੁਕੜਾ ਜਾਂ ਮੁਸੰਮੀ ਦਾ ਟੁਕੜਾ ਪਾ ਕੇ ਇਸ ਨੂੰ "ਵਿਟਾਮਿਨ ਵਾਟਰ" ਕਹਿ ਕੇ ਪਿਆਇਆ ਜਾਂਦਾ ਹੈ। ਲੋਕ ਵੀ ਟੌਹਰ ਨਾਲ ਇਸ ਨੂੰ ਪੀ ਕੇ ਵਧੀਆ ਮਹਿਸੂਸ ਕਰਦੇ ਹਨ। ਇਨ੍ਹਾਂ ਕੱਟੇ ਹੋਏ ਟੁਕੜਿਆਂ ਵਿਚ ਕੱਟਣ ਸਮੇਂ ਕਈ ਵਾਰ ਕੁੱਝ ਕੀਟਾਣੂ ਚਿਪਕ ਜਾਂਦੇ ਹਨ ਜਿਵੇਂ ਸਾਲਮੋਨੈਲਾ ਅਤੇ ਈ. ਕੋਲਾਈ। ਕੱਟਣ ਵਾਲੇ ਬੋਰਡ ਉੱਤੇ ਹੋਰ ਵੀ ਬਥੇਰਾ ਕੁੱਝ ਕੱਟਦੇ ਰਹਿਣ ਨਾਲ, ਜਿਸ ਵਿਚ ਮੀਟ ਵੀ ਸ਼ਾਮਲ ਹੈ, ਬਥੇਰੇ ਹੋਰ ਕੀਟਾਣੂ ਵੀ ਰਲ ਜਾਂਦੇ ਹਨ। ਜੇ ਸਹੀ ਤਾਪਮਾਨ ਨਾ ਹੋਵੇ, ਫਿਰ ਵੀ ਕਈ ਕਿਸਮਾਂ ਦੇ ਮਾੜੇ ਕੀਟਾਣੂ ਵਧਣ ਲੱਗ ਪੈਂਦੇ ਹਨ। ਇਸੇ ਲਈ ਪਾਣੀ ਤਾਜ਼ਾ ਤੇ ਬਿਨਾਂ ਮਿਲਾਵਟ ਦੇ ਪੀਣਾ ਹੀ ਠੀਕ ਰਹਿੰਦਾ ਹੈ।

2. ਇਹ ਵੀ ਸੋਚ ਪਨਪ ਚੁੱਕੀ ਹੈ ਕਿ ਠੰਡਾ ਪਾਣੀ ਪੀਣ ਨਾਲ ਖਾਣਾ ਹਜ਼ਮ ਨਹੀਂ ਹੁੰਦਾ ਜਾਂ ਨਸਾਂ ਭੀੜੀਆਂ ਹੋ ਜਾਂਦੀਆਂ ਹਨ। ਅਜਿਹਾ ਕੁੱਝ ਨਹੀਂ ਹੁੰਦਾ। ਫਰਿਜ ਨੂੰ ਜੇ ਰੈਗੂਲਰ ਤੌਰ ਉੱਤੇ ਸਾਫ਼ ਕੀਤਾ ਜਾਂਦਾ ਰਹੇ ਤਾਂ ਗਰਮੀ ਵਿਚ ਠੰਡਾ ਪਾਣੀ ਪੀ ਕੇ ਅੰਦਰੂਨੀ ਅੰਗਾਂ ਵਿਚ ਵੀ ਠੰਡ ਪਾਈ ਜਾ ਸਕਦੀ ਹੈ। ਇੰਜ ਹੀ ਠੰਡ ਵਿਚ ਗਰਮ ਪਾਣੀ ਪੀ ਕੇ ਨਿੱਘ ਮਹਿਸੂਸ ਕੀਤਾ ਜਾ ਸਕਦਾ ਹੈ।

3. **ਕੌਫ਼ੀ ਜਾਂ ਸ਼ਰਾਬ ਨਾਲ ਪਾਣੀ ਪੀਣਾ**? - ਆਮ ਧਾਰਨਾ ਬਣ ਚੁੱਕੀ ਹੈ ਕਿ ਸ਼ਰਾਬ ਜਾਂ ਕੌਫ਼ੀ ਨਾਲ ਪਾਣੀ ਨਹੀਂ ਪੀਣਾ ਚਾਹੀਦਾ ਕਿਉਂਕਿ ਸ਼ਰਾਬ ਜਾਂ ਕੌਫ਼ੀ ਪੀਣ ਬਾਅਦ ਪਿਸ਼ਾਬ ਵੱਧ ਆਉਂਦਾ ਹੈ। ਜੇ ਪਾਣੀ ਪੀ ਲਿਆ ਜਾਵੇ ਤਾਂ ਸ਼ਰਾਬ ਜਾਂ ਕੌਫ਼ੀ ਦਾ ਅਸਰ ਘੱਟ ਹੋ ਜਾਂਦਾ ਹੈ। ਅਜਿਹੀ ਧਾਰਨਾ ਗ਼ਲਤ ਹੈ ਕਿਉਂਕਿ ਸ਼ਰਾਬ ਜਾਂ ਕੌਫ਼ੀ ਪੀਣ ਬਾਅਦ ਵੱਧ ਪਿਸ਼ਾਬ ਆਉਣ ਨਾਲ ਰਤਾ ਕੁ ਪਾਣੀ ਦੀ ਕਮੀ ਮਹਿਸੂਸ ਹੁੰਦੀ ਹੈ, ਉਸ ਲਈ ਕੁੱਝ ਵਕਫ਼ੇ ਬਾਅਦ ਜੇ ਪਾਣੀ ਪੀ ਲਿਆ ਜਾਵੇ ਤਾਂ ਸਰੀਰ ਅੰਦਰਲਾ ਸੰਤੁਲਨ ਠੀਕ ਰਹਿੰਦਾ ਹੈ।

4. ਦਵਾਈ ਲੈਣ ਲੱਗਿਆਂ ਸਿਰਫ਼ ਇੱਕ ਘੁੱਟ ਪਾਣੀ ਪੀਣ ਦੀ ਥਾਂ ਅੱਧਾ ਜਾਂ ਪੌਣਾ ਗਿਲਾਸ ਪਾਣੀ ਪੀ ਲੈਣਾ ਚਾਹੀਦਾ ਹੈ ਜਿਸ ਨਾਲ ਦਵਾਈ ਛੇਤੀ ਘੁਲ ਕੇ ਹਜ਼ਮ ਹੋ ਜਾਂਦੀ ਹੈ।

5. ***ਪਾਣੀ ਦੀ ਥਾਂ ਠੰਡੇ ਜਾਂ ਸੋਡੇ ਪੀਣੇ*** :-ਇਹ ਰੁਝਾਨ ਉੱਕਾ ਹੀ ਗ਼ਲਤ ਹੈ ਤੇ ਸਿਹਤ ਲਈ ਹਾਨੀਕਾਰਕ ਹੈ ਕਿਉਂਕਿ ਉਨ੍ਹਾਂ 'ਚ ਰਲੇ ਸਵੀਟਨਰ ਤੇ ਖੰਡ ਸਿਹਤ ਦਾ ਨਾਸ ਮਾਰ ਦਿੰਦੇ ਹਨ। ਉਨ੍ਹਾਂ ਨਾਲ ਪਿਆਸ ਹੋਰ ਵੱਧ ਜਾਂਦੀ ਹੈ ਤੇ ਭੁੱਖ ਵੀ ਵਧਾ ਦਿੰਦੇ ਹਨ। ਨਿੰਬੂ ਪਾਣੀ ਵਿਚ ਪੁਦੀਨਾ ਪਾ ਕੇ ਜ਼ਰੂਰ ਕੀਤਾ ਜਾ ਸਕਦਾ ਹੈ।



6. **ਜ਼ਰੂਰਤ ਤੋਂ ਵੱਧ ਥਕਾਨ ਮਹਿਸੂਸ ਕਰਨੀ** :- ਪਸੀਨੇ ਰਾਹੀਂ ਬਹੁਤ ਸਾਰੇ ਤੱਤ ਜਿਵੇਂ ਸੋਡੀਅਮ, ਪੋਟਾਸ਼ੀਅਮ, ਯੂਰੀਆ, ਅਮੋਨੀਆ, ਮਿੱਠਾ ਆਦਿ ਸਰੀਰ 'ਚੋਂ ਬਾਹਰ ਨਿਕਲ ਜਾਂਦੇ ਹਨ। ਇਨ੍ਹਾਂ ਦੀ ਪੂਰਤੀ ਨਾ ਹੋਵੇ ਤਾਂ ਬਹੁਤ ਕਮਜ਼ੋਰੀ ਮਹਿਸੂਸ ਹੋਣ ਲੱਗ ਪੈਂਦੀ ਹੈ। ਇਸੇ ਲਈ ਕਸਰਤ ਬਾਅਦ ਜਾਂ ਬਹੁਤ ਧੁੱਪੇ ਫਿਰਨ ਬਾਅਦ ਸਾਦੇ ਪਾਣੀ ਨਾਲੋਂ ਨਿੰਬੂ ਪਾਣੀ ਪੀਣਾ ਬਿਹਤਰ ਰਹਿੰਦਾ ਹੈ।

7. ਇਹ ਗੱਲ ਫੈਲਾ ਦਿੱਤੀ ਹੋਈ ਹੈ ਕਿ ਕਿਸੇ ਖ਼ਾਸ ਕਿਸਮ ਦੇ ਭਾਂਡੇ ਜਿਵੇਂ ਤਾਂਬੇ ਵਿਚ ਪਿਆ ਰਾਤ ਭਰ ਦਾ ਪਾਣੀ ਸਵੇਰੇ ਡੀਕ ਲਾ ਕੇ ਪੀਣ ਨਾਲ ਸਾਰੇ ਅੰਦਰੂਨੀ ਅੰਗਾਂ ਦਾ ਕੰਮ ਕਾਰ ਠੀਕ ਹੋ ਜਾਂਦਾ ਹੈ।

ਇਹ ਸੋਚ ਠੀਕ ਨਹੀਂ ਹੈ। ਇੱਕ ਜਾਂ ਦੋ ਗਿਲਾਸ ਪਿਆਸ ਅਨੁਸਾਰ ਪੀਤੇ ਜਾ ਸਕਦੇ ਹਨ ਪਰ ਇਸ ਤੋਂ ਵੱਧ ਅਫ਼ਾਰਾ ਕਰ ਕੇ ਬਹਿ ਜਾਣਾ ਠੀਕ ਨਹੀਂ ਹੈ। ਰਾਤ ਵੇਲੇ ਦਾ ਪੀਤਾ ਵਾਧੂ ਪਾਣੀ ਵੀ ਪੂਰੀ ਰਾਤ ਉੱਠ ਕੇ ਗੁਸਲਖ਼ਾਨੇ ਵਿਚ ਜਾਣ ਨੂੰ ਮਜਬੂਰ ਕਰ ਦਿੰਦਾ ਹੈ। ਇਸੇ ਲਈ ਵਾਧੂ ਪਾਣੀ ਪੀਣ ਨਾਲ ਕੋਈ ਫ਼ਾਇਦਾ ਨਹੀਂ ਮਿਲਦਾ। ਵੰਡ ਵੰਡ ਕੇ ਪੂਰੇ ਦਿਨ ਪਾਣੀ ਪੀਂਦੇ ਰਹਿਣਾ ਚਾਹੀਦਾ ਹੈ ਪਰ ਪ੍ਰਤੀ ਘੰਟਾ ਇੱਕ ਲੀਟਰ ਤੋਂ ਵੱਧ ਕਦੇ ਨਹੀਂ।

8. ਐਲਕਲਾਈਨ ਪਾਣੀ ਪੀਣਾ ਠੀਕ ਹੈ?

ਸੰਨ 2012 ਵਿਚ ਹੋਈ ਖੋਜ ਅਨੁਸਾਰ ਇਹ ਪਾਣੀ, ਜਿਸ ਦੀ ਪੀ.ਐਚ. 8.8 ਹੈ, ਤੇਜ਼ਾਬ ਬਣਨ ਤੋਂ ਰੋਕਦਾ ਹੈ। ਪਰ ਇਹ ਖੋਜ ਸਿਰਫ਼ ਲੈਬਾਰਟਰੀ ਵਿਚ ਕੀਤੀ ਗਈ ਸੀ। ਜਦੋਂ ਕੁਦਰਤੀ ਸੋਮਿਆਂ ਦੇ ਪਾਣੀ ਦਾ ਟੈਸਟ ਕੀਤਾ ਗਿਆ ਤਾਂ ਉਹ ਐਲਕਲਾਈਨ ਹੀ ਲੱਭਿਆ, ਜਿਸ ਵਿਚ ਅਨੇਕ ਤਰ੍ਹਾਂ ਦੇ ਲੋੜੀਂਦੇ ਤੱਤ ਭਰੇ ਪਏ ਸਨ। ਜੋ ਲੈਬਾਰਟਰੀਆਂ ਵਿਚ ਬਣਾਏ ਐਲਕਲਾਈਨ ਪਾਣੀ ਵਿਚ ਬਹੁਤ ਘੱਟ ਤੱਤ ਲੱਭੇ। ਕਈ ਲੈਬਾਰਟਰੀਆਂ 'ਚ ਬਣੇ ਪਾਣੀਆਂ ਵਿਚ ਕੀਟਾਣੂ ਲੱਭੇ ਤੇ ਕਈਆਂ ਵਿਚ ਬਹੁਤ ਸਾਰੇ ਅਹਿਮ ਤੱਤ ਨਦਾਰਦ ਸਨ। ਇਸੇ ਲਈ ਹੁਣ ਤੱਕ ਇਹੋ ਕਿਹਾ ਜਾ ਰਿਹਾ ਹੈ ਕਿ ਲੈਬਾਰਟਰੀਆਂ ਦੇ ਵਿਚ ਬਣੇ ਐਲਕਲਾਈਨ ਪਾਣੀ ਨਾਲੋਂ ਕੁਦਰਤੀ ਪਾਣੀ ਬਿਹਤਰ ਹੈ।

**9. ਪਹਾੜੀ ਝਰਨਿਆਂ ਦਾ ਪਾਣੀ** :- ਕੁਦਰਤ ਸੋਮੇ ਆਮ ਤੌਰ ਉੱਤੇ ਬਿਲਕੁਲ ਸਾਫ਼ ਦਿਸਦੇ ਹਨ। ਬਥੇਰੀਆਂ ਪਹਾੜੀ ਥਾਵਾਂ ਉੱਤੇ ਕੁਦਰਤੀ ਪਾਣੀ ਲਈ ਪਾਈਪਾਂ ਲਾਈਆਂ ਵੀ ਮਿਲ ਜਾਂਦੀਆਂ ਹਨ। ਇਸ ਨੂੰ ਬੋਤਲਾਂ ਵਿਚ ਭਰ ਕੇ ਪੀਣ ਲਈ ਲੋਕ ਲਾਈਨਾਂ ਲਾ ਕੇ ਖੜ੍ਹੇ ਮਿਲਦੇ ਹਨ। ਇਹ ਟੈਸਟਾਂ ਦੌਰਾਨ ਪਤਾ ਲੱਗਿਆ ਹੈ ਕਿ ਇਸ ਪਾਣੀ ਵਿਚ ਕਈ ਕਿਸਮਾਂ ਦੀਆਂ ਖ਼ਤਰਨਾਕ ਜੜੀਆਂ ਬੂਟੀਆਂ ਦੇ ਰਸ, ਕਈ ਕਿਸਮਾਂ ਦੇ ਕੀਟ-ਪਤੰਗਿਆਂ, ਚਿੜੀਆਂ, ਜਾਨਵਰਾਂ ਦੇ ਮਲ ਮੂਤਰ ਸਮੇਤ ਅਨੇਕ ਤਰ੍ਹਾਂ ਦੇ ਕੈਮੀਕਲ ਰਲੇ ਮਿਲ ਰਹੇ ਹਨ। ਇਸੇ ਲਈ ਇਸ ਪਾਣੀ ਨੂੰ ਵੀ ਹੁਣ ਫਿਲਟਰ ਕਰਨ ਦੀ ਲੋੜ ਹੈ।

10. **ਕਿੰਨਾ ਪਾਣੀ ਪੀਤਾ ਜਾਵੇ** : ਚਮੜੀ, ਗੁਰਦੇ, ਪੱਠੇ, ਜੋੜ, ਦਿਮਾਗ਼ ਆਦਿ ਹਰ ਅੰਗ ਨੂੰ ਪਾਣੀ ਦੀ ਲੋੜ ਹੁੰਦੀ ਹੈ। ਇਸੇ ਲਈ ਜਵਾਨ ਬੰਦੇ ਨੂੰ ਲਗਭਗ ਢਾਈ ਤੋਂ ਚਾਰ ਲੀਟਰ ਪਾਣੀ ਰੋਜ਼ ਸਰੀਰਕ ਭਾਰ ਅਨੁਸਾਰ ਪੀਣਾ ਚਾਹੀਦਾ ਹੈ। ਰੋਜ਼ ਦੀ ਖ਼ੁਰਾਕ ਵਿੱਚੋਂ 20 ਫੀਸਦੀ ਪਾਣੀ ਲੈਣਾ ਚਾਹੀਦਾ ਹੈ ਜੋ ਹਦਵਾਣਾ, ਖੀਰਾ, ਟਮਾਟਰ ਆਦਿ ਵਰਗੇ ਫਲ ਜਾਂ ਸਬਜ਼ੀਆਂ ਰਾਹੀਂ ਪੂਰਾ ਕੀਤਾ ਜਾ ਸਕਦਾ ਹੈ। ਸਬਜ਼ੀਆਂ ਦੇ ਸੂਪ, ਜਿਨ੍ਹਾਂ ਵਿਚ ਹਰੀਆਂ ਫਲੀਆਂ, ਪਾਲਕ, ਗੋਭੀ, ਮਟਰ ਆਦਿ ਹੋਣ, ਵੀ ਵਰਤੇ ਜਾ ਸਕਦੇ ਹਨ। ਮੀਟ ਮੱਛੀ ਖਾਣ ਵਾਲਿਆਂ ਨੂੰ ਵੱਧ ਪਾਣੀ ਪੀਣ ਦੀ ਲੋੜ ਮਹਿਸੂਸ ਹੋ ਸਕਦੀ ਹੈ। ਪਾਣੀ




Sri Satguru Jagjit Singh Ji eLibrary NamdhariElibrary@gmail.com

ਵਿਚ ਖੰਡ ਦੀ ਮਾਤਰਾ ਨਾ ਬਰਾਬਰ ਹੀ ਹੋਣੀ ਚਾਹੀਦੀ ਹੈ। ਇੰਜ ਹੀ ਸੂਪ ਵਿਚ ਥਿੰਦਾ, ਯਾਨੀ ਤੇਲ ਜਾਂ ਘਿਓ ਵੀ ਨਹੀਂ ਪਾਉਣਾ ਚਾਹੀਦਾ।

**ਸਾਰ** :-ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ॥ (ਅੰਗ 472)

ਗੁਰੂ ਨਾਨਕ ਸਾਹਿਬ ਨੇ ਪਾਣੀ ਬਾਰੇ ਸਮਝਾਇਆ ਹੈ ਕਿ ਪਾਣੀ ਆਪ ਵੀ ਜੀਵ ਹੀ ਹੈ ਕਿਉਂਕਿ ਇਸ ਨਾਲ ਹੀ ਹਰ ਜਿੰਦ ਵਾਲਾ, ਭਾਵੇਂ ਕੀਟ ਪਤੰਗਾ ਹੋਵੇ ਜਾਂ ਇਨਸਾਨ, ਜ਼ਿੰਦਾ ਰਹਿ ਸਕਦਾ ਹੈ। ਖੋਜਾਂ ਸਾਬਤ ਕਰ ਚੁੱਕੀਆਂ ਹਨ ਕਿ ਪਾਣੀ ਨਾ ਸਿਰਫ਼ ਹਾਜ਼ਮਾ ਅਤੇ ਕਬਜ਼ ਠੀਕ ਕਰਦਾ ਹੈ, ਬਲਕਿ ਲਹੂ ਰਾਹੀਂ ਅਨੇਕ ਖਣਿਜ ਤੇ ਲੋੜੀਂਦੀ ਆਕਸੀਜਨ ਪਹੁੰਚਾ ਕੇ ਬਲੱਡ ਪ੍ਰੈੱਸ਼ਰ ਵੀ ਠੀਕ ਰੱਖਦਾ ਹੈ; ਜੋੜਾਂ ਦੀ ਸਿਹਤ ਅਤੇ ਹੋਰ ਅੰਗਾਂ ਦੇ ਤਾਪਮਾਨ ਨੂੰ ਸਹੀ ਰੱਖਣ ਵਿਚ ਸਹਾਈ ਹੁੰਦਾ ਹੈ; ਗੁਰਦੇ ਦੀ ਪੱਥਰੀ ਨੂੰ ਰੋਕਣ ਅਤੇ ਪਿਸ਼ਾਬ ਦੇ ਰਾਹੀਂ ਕੀਟਾਣੂਆਂ ਨੂੰ ਬਾਹਰ ਕੱਢਣ ਵਿਚ ਵੀ ਮਦਦ ਕਰਦਾ ਹੈ।

ਵਿਕਾਸਸ਼ੀਲ ਦੇਸਾਂ ਵਿਚ ਹਰ ਸਾਲ ਪਾਣੀ ਦੀ ਘਾਟ ਨਾਲ ਜੂਝਦੇ 4 ਤੋਂ 5 ਮਿਲੀਅਨ ਬੱਚੇ ਮੌਤ ਦੇ ਮੂੰਹ ਵਿਚ ਜਾ ਰਹੇ ਹਨ। ਭਾਰਤ ਵਿਚ ਹਰ ਸਾਲ ਪੰਜ ਲੱਖ ਤੋਂ ਵੱਧ ਮੌਤਾਂ ਪ੍ਰਦੂਸ਼ਿਤ ਪਾਣੀ ਪੀਣ ਨਾਲ ਹੋ ਰਹੀਆਂ ਹਨ (2019 ਦੀ ਲੈਨਸਟ ਰਸਾਲੇ ਵਿਚ ਛਪੀ ਖੋਜ)। ਨੀਤੀ ਆਯੋਗ ਦੀ ਸੰਨ 2018 ਦੀ ਰਿਪੋਰਟ ਅਨੁਸਾਰ ਦੋ ਲੱਖ ਤੋਂ ਵੱਧ ਮੌਤਾਂ ਪ੍ਰਦੂਸ਼ਿਤ ਪਾਣੀ ਪੀਣ ਨਾਲ ਭਾਰਤ ਵਿਚ ਹੋਈਆਂ ਜਿਨ੍ਹਾਂ ਵਿਚ ਗਰੀਬ ਅਤੇ ਮੱਧ ਵਰਗ ਦੇ ਲੋਕਾਂ ਦੀ ਗਿਣਤੀ ਕਾਫੀ ਜ਼ਿਆਦਾ ਸੀ।

ਜਦੋਂ ਪਤਾ ਹੋਵੇ ਕਿ ਪਾਣੀ ਤੋਂ ਬ਼ਗੈਰ ਜੀਵਨ ਅਸੰਭਵ ਹੈ, ਤਾਂ ਪਾਣੀ ਦੇ ਸਰੋਤ ਬਚਾ ਕੇ ਰੱਖਣ ਦੀ ਅਹਿਮੀਅਤ ਸੌਖਿਆਂ ਹੀ ਸਮਝ ਆ ਸਕਦੀ ਹੈ। ਅਫ਼ਸੋਸ ਸਿਰਫ਼ ਇਹ ਹੈ ਕਿ ਦੋ ਹਜ਼ਾਰ ਰੁਪਏ ਪ੍ਰਤੀ ਲੀਟਰ ਦੀਆਂ ਬਾਹਰਲੇ ਮੁਲਕ ਤੋਂ ਲਿਆਈਆਂ ਪਾਣੀ ਦੀਆਂ ਬੋਤਲਾਂ ਪੀਣ ਵਾਲੇ ਸਾਡੇ ਸਿਆਸਤਦਾਨ, ਅਮੀਰ ਵਪਾਰੀ ਤੇ ਫਿਲਮੀ ਹਸਤੀਆਂ ਇਸ ਦੀ ਅਹਿਮੀਅਤ ਨਹੀਂ ਸਮਝ ਰਹੀਆਂ।

-28, ਪ੍ਰੀਤ ਨਗਰ, ਲੋਅਰ ਮਾਲ, ਪਟਿਆਲਾ
ਫੋਨ : 0175-2216783

(ਮਿੰਨੀ ਕਹਾਣੀ)

# ਵੰਡ

**ਸੁਖਵਿੰਦਰ ਕੌਰ 'ਹਰਿਆਓ'**



"ਲੈ ਦੱਸੋ ਜੀ... ਇਹਦਾ ਕੀ ਹੱਕ ਐ ਬੁੜ੍ਹੇ-ਬੁੜ੍ਹੀ ਦੀ ਜ਼ਮੀਨ 'ਤੇ, ਰੋਟੀ ਤਾਂ ਇਨ੍ਹਾਂ ਨੂੰ ਮੈਂ ਦਿੰਨਾ", ਪੰਚਾਇਤ ਵਿਚ ਖੜ੍ਹਾ ਸ਼ੇਰਾ ਲੋਹਾ ਲਾਖਾ ਹੋ ਰਿਹਾ ਸੀ। ਉਸ ਦੇ ਵੱਡੇ ਭਾਈ ਨਾਲ ਜ਼ਮੀਨ ਦੇ ਰੌਲੇ ਨੂੰ ਲੈ ਕੇ ਮਸਲਾ ਚੱਲ ਰਿਹਾ ਸੀ।

"ਨਾ ਸਰਪੰਚ ਜੀ... ਰੋਟੀ ਨਾਲੇ ਜ਼ਮੀਨ ਵੰਡ ਲੈਨੇ ਐਂ, ਇਹ ਕੀ ਰੌਲਾ... ...ਦੇ ਕੇ ਬੁੜ੍ਹੇ-ਬੁੜ੍ਹੀ ਨੂੰ ਦੋ ਮੰਨੀਆਂ ਚਾਰ ਵਿੱਘੇ ਜ਼ਮੀਨ ਦੱਬੀ ਬੈਠਾ ਐ। ਸਾਰੀ ਕਮਾਈ ਖਾਂਦਾ। ਨਾ ਮੈਂ ਕੀ ਇਨ੍ਹਾਂ ਦਾ ਪੁੱਤਰ ਨ੍ਹੀਂ, ਇਹ 'ਜਦਾ ਆ ਕੋਈ ਵੱਡਾ", ਵੱਡੇ ਭਾਈ ਰਾਜੇ ਨੇ ਕਿਹਾ ਅਤੇ ਸ਼ੇਰਾ ਗਰਜ਼ਿਆ, "ਨਾ ਪੰਚਾਇਤੇ, ਬੁੜ੍ਹੇ-ਬੁੜ੍ਹੀ ਨੂੰ ਮੈਂ ਸਾਂਭਦਾ, ਦਵਾਈ ਮੇਰੇ ਪੱਲਿਓ। ਜਾ ਤਾਂ ਇਹ ਜਮ੍ਹਾ ਹੀ ਆਬਦੇ ਨਾਲ ਰਲਾਵੇ ਸਾਲ-ਸਾਲ ਭਰ ਲਈ"।

"ਕਿੱਥੋਂ ਇਹ ਜੁੱਲੀ ਬਿਸਤਰਾ ਰਾਹਾਂ 'ਚ ਚੱਕੀ ਫਿਰਨਗੇ", ਵੱਡੇ ਭਾਈ ਰਾਜੇ ਨੇ ਆਪਣਾ ਰੱਖਿਆਂ ਕਿਹਾ। "ਬੱਲੇ ਓਏ ਤੇਰੇ... ਬਾਹਲੇ ਸਿਆਣੇ ਐ, ਦੇਖ ਖ੍ਹਾਂ ਖਾ ਕੇ ਬੁੜ੍ਹੇ-ਬੁੜ੍ਹੀ ਦੇ ਹੱਡ ਹੁਣ ਮੰਜੇ ਤੇ ਪਿਆਂ ਨੂੰ ਮੇਰੇ ਕੰਨੀਂ ਧੱਕ ਦਿੰਦੇ...... ਹਿੱਸਾ ਵੰਡ ਕੇ ਦੇਹ, ਦਵਾਈ 'ਚ ਅੱਧ ਦੇ ਪੈਸੇ ਦਿਆ ਕਰੂੰ", ਸ਼ੇਰੇ ਨੇ ਆਪਣੀ ਸਫਾਈ ਪੇਸ਼ ਕਰਦਿਆਂ ਕਿਹਾ।

ਇਸ ਤੋਂ ਪਹਿਲਾਂ ਸਰਪੰਚ ਕੁੱਝ ਬੋਲਦਾ ਸ਼ੇਰੇ ਤੇ ਰਾਜੇ ਦੀ ਮਾਂ ਅੱਗੇ ਹੋ ਬੋਲ ਪਈ, "ਵੇ ਬਸ ਕਰੋ ਵੱਡਿਓ ਸਪੂਤੋ, ਘੰਟਾ ਹੋ ਗਿਆ ਰੋਟੀ-ਰੋਟੀ ਲਾਈਐ। ਵੇ ਫੁੱਲਾਂ ਵਾਂਗੂੰ ਪਾਲ਼ੇ ਸੀ, ਤੁਸੀਂ 'ਕੱਲੀ ਰੋਟੀ... ...ਕੀ ਸੋਨੂੰ ਤਲੀਏ ਚੋਗ ਚੁਗਾਇਆ ਵੇ। ਜਿੰਨਾ ਚਿਰ ਥੋਡੇ ਮੂੰਹ 'ਚ ਬੁਰਕੀਅ ਨਾ ਪਾਉਂਦੀ ਮੈਨੂੰ ਰੋਟੀ ਚੰਗੀ ਨਾ ਲੱਗਦੀ। ਜੋ ਵੀ ਤੁਸੀਂ ਮੰਗਦੇ, ਕੀ ਖਾਣ-ਪੀਣ, ਕੱਪੜਾ-ਲੀੜਾ, ਪੜ੍ਹਾਈ-ਲਿਖਾਈ ਹਰ ਚੀਜ਼ ਹਾਜ਼ਰ ਕਰਦੇ ਤੀ। ਮੈਂ ਤੇ ਤੁਹਾਡਾ ਬਾਪੂ ਸਾਰਾ ਦਿਨ ਇਹ ਸੋਚਦੇ ਕਿ ਸਾਡੇ ਜਾਵਾਕਾਂ ਕੋਲ ਦੁਨੀਆ ਦੀ ਹਰ ਚੀਜ਼ ਹੋਵੇ। ਥੋਡਾ ਸਿਰ ਵੀ ਦੁਖਦਾ ਮੇਰੀ ਰਾਤਾਂ ਦੀ ਨੀਂਦ ਉਡ ਜਾਂਦੀ। ਵੇ ਅਸੀਂ ਕਿਤੇ ਅੱਖ 'ਚ ਦਵਾਈ ਦੇ ਦੋ ਤੁਪਕੇ ਪਾਉਣ ਨੂੰ ਕਹਿ ਦੇਈਏ ਸਾਰਾ ਟੱਬਰ ਨੱਕ ਬੁੱਲ੍ਹ ਕੱਢਦਾ ਰਹਿੰਦਾ। ਵੇ ਮਾਂ ਬਾਪ ਦਾ ਕੀ ਦੇਣਾ ਦੇਵੋਗੇ ਤੁਸੀਂ, ਇਹ ਦੋ ਮੰਨੀਆਂ ਤੇ ਵੀ ਪੰਚਾਇਤ 'ਚ ਲਿਆ ਕੇ ਖੜ 'ਗੇ। ਸ਼ਰਮ ਆਉਂਦੀ ਐ ਇਹ ਨਿਕੰਮੀ 'ਲਾਦ ਮੈਂ ਜੰਮੀ ਐ। ਵੇ ਹੱਡ ਗਾਲ਼ੇ... ਦੇਹੋਂ ਖੇਹ ਕਰਲੀ ਥੋਡੀ ਖਾਤਰ, ਵੇ ਅਸੀਂ ਤਾਂ ਐਨਾ ਕਰਕੇ ਵੀ ਕਦੇ ਕਿਸੇ ਨੂੰ ਕਹਿ ਕੇ ਨਾ ਸੁਣਾਇਆ ਵੀ। ਅਸੀਂ ਆਬਾਦੀ 'ਲਾਦ ਖਾਤਰ ਇਹ ਕਰਿਆ। ਵੇ ਤੁਸੀਂ ਦੋ ਮੰਨੀਆਂ ਦੇ ਕੇ ਸਾਰੇ ਜਹਾਨ 'ਚ ਡੰਡ ਪਾਉਂਦੇ ਫਿਰਦੇ ਹੋ, ਅਸੀਂ ਰੋਟੀ ਦਿੰਦੇ, ਰੋਟੀ ਦਿੰਦੇ ਐਂ। ਜੇ ਐਡਾ ਕਰਜ਼ਾ ਉਤਾਰਨਾ ਸਾਡਾ, ਐਡੇ ਸਪੁੱਤਰ ਕਹਾਉਣਾ ਤਾਂ ਉਵੇਂ ਸੰਭਾਲੋ ਜਿਵੇਂ ਅਸੀਂ ਦਿੱਤਾ ਉਵੇਂ ਸਾਡੀ ਫ਼ਿਕਰ ਸਾਡਾ ਮੋਹ ਕਰੋ। ਮੂੰਹ 'ਚ ਬੁਰਕੀਆਂ ਕਿੱਥੇ ਪਾ ਦੇਵੋਗੇ, ਕਦੇ ਦੋ ਵੇਲੇ ਪੁੱਛਿਆ ਕਿ ਬੇਬੇ-ਬਾਪੂ ਰੋਟੀ ਖਾ ਲਈ ਜਾਂ ਨਹੀਂ। ਸਾਰੇ ਟੱਬਰ ਦੇ ਬੋਲ ਕੁਬੋਲ ਤਾਂ ਬੁੜ੍ਹੇ-ਬੁੜ੍ਹੀ ਦੀ ਭੁੱਖ ਉਈਂ ਮਾਰੀ ਰੱਖਦੇ ਐ। ਵੇ ਕਿਹੜੀਆਂ ਰੋਟੀਆਂ ਦਾ ਗੁਮਾਨ ਚੱਕੀ ਫਿਰਦੇ ਤੁਸੀਂ, ਵੇ ਜ਼ਮੀਨਾਂ ਨਾਲ ਰੋਟੀ ਦੀ ਗੱਲ ਕਰਦੇ। ਕਿਹੜੀਆਂ ਦੌਲਤਾਂ ਨਾਲ ਲੈ ਕੇ ਜੰਮੇ ਤੀ। ਜਿਹੜੀਆਂ ਮੈਂ ਹੱਥੀਂ ਰਾੜ ਰਾੜ ਖਵਾਈਆਂ, ਮੈਂ ਤਾਂ ਕਦੇ ਕਿਹਾ ਨਾ ਕਿ ਪੈਸੇ ਜ਼ਮੀਨ ਦੇਵੋ ਪਹਿਲਾਂ, ਫਿਰ ਰੋਟੀ ਦਵਾਈ ਦੇਵਾਵਾਂਗੀ। ਅਸੀਂ ਤਾਂ ਕਿਹਾ ਵੀ ਨ੍ਹੀਂ ਅਸੀਂ ਥੋਡੀ ਖਾਤਰ ਅਰਦਾਸਾਂ ਲਈ ਮੱਥੇ ਟੇਕ ਟੇਕ ਮੱਥੇ ਘਸਾਏ, ਥੋਡੀ ਸਲਾਮਤੀ ਲਈ ਨਹੀਂ ਕਰਿਆ ਵੇ ਅਸੀਂ। ਵੇ ਤੁਸੀਂ ਮੂੰਹ ਕਦੀ ਮੋਹ ਦੇ ਬੋਲ ਨਾ ਬੋਲੇ... ... ... ਚਲ ਉੱਠ ਸ਼ੇਰੇ ਦੇ ਬਾਪੂ ਜਿਹੜੇ ਰੱਬ ਨੇ ਸਾਜੇ ਉਹੀ ਹੀਲਾ ਕਰੂ, ਜਦ ਏਨ੍ਹਾਂ ਦਾ ਐਨਾ ਕਰ ਸਕਦੇ ਹਾਂ, ਫਿਰ ਆਪ ਦੋ ਵਕਤ ਜੋਗਾ ਵੀ ਨਾ ਕਮਾ ਸਕਾਂਗੇ, ਚਲ ਆਪ ਕਮਾ ਕੇ ਖਾਵਾਂਗੇ... ਚਾਹੇ ਦੋ ਰੋਟੀਆਂ 'ਤੇ ਦਿਹਾੜੀ ਕਰ ਲਈਏ, ਰੋਟੀ ਵੀ ਸਾਂਭੋ ਪੁੱਤ... ...ਜ਼ਮੀਨਾਂ ਵੀ...", ਕਹਿ ਕੇ ਬੇਬੇ ਬਾਪੂ ਪੰਚਾਇਤੀ ਘਰ ਦੇ ਗੇਟੋਂ ਬਾਹਰ ਹੋ ਗਏ।

-ਉਭਾਵਾਲ, ਸੰਗਰੂਰ। ਮੋਬਾਈਲ : 8427405492

## ਝੁਰੜੀਆਂ ਬਚਾਉਂਦੀਆਂ ਹਨ ਚਮੜੀ ਦੇ ਰੋਗਾ ਤੋਂ

ਬਰਤਾਨਵੀ ਮਾਹਰਾਂ ਦੀ ਖੋਜ ਅਨੁਸਾਰ ਝੁਰੜੀਆਂ ਵਿਅਕਤੀ ਦੇ ਲਈ ਫਾਇਦੇਮੰਦ ਵੀ ਹੋ ਸਕਦੀਆਂ ਹਨ। ਵੈਸੇ ਤਾਂ ਝੁਰੜੀਆਂ ਚਮੜੀ ਦੇ ਕੈਂਸਰ ਦੀ ਸੰਭਾਵਨਾ ਨੂੰ ਘੱਟ ਕਰਦੀਆਂ ਹਨ, ਅਜਿਹਾ ਖੋਜ 'ਚ ਉਨ੍ਹਾਂ ਨੇ ਧੁੱਪ ਤੋਂ ਪੀੜਤ ਚਮੜੀ ਰੋਗੀ ਵਿਅਕਤੀਆਂ ਨੂੰ ਦੋ ਗਰੁੱਪਾਂ 'ਚ ਵੰਡਿਆ ਅਤੇ ਜਿਨ੍ਹਾਂ ਵਿਅਕਤੀਆਂ ਦੀ ਚਮੜੀ 'ਚ ਘੱਟ ਝੁਰੜੀਆਂ ਸਨ, ਉਨ੍ਹਾਂ 'ਚ ਚਮੜੀ ਦਾ ਕੈਂਸਰ ਹੋਣ ਦੀ ਸੰਭਾਵਨਾ ਵਧੇਰੇ ਦੇਖੀ ਗਈ ਅਤੇ ਜਿਨ੍ਹਾਂ ਦੇ ਝੁਰੜੀਆਂ ਜ਼ਿਆਦਾ ਸਨ, ਉਨ੍ਹਾਂ ਕੈਂਸਰ ਦੀ ਸੰਭਾਵਨਾ ਘੱਟ ਦੇਖੀਆਂ ਗਈਆਂ। ਸ਼ਾਇਦ ਇਸ ਦਾ ਕਾਰਨ ਮਨੁੱਖ ਦੀ ਚਮੜੀ ਸੂਰਜ ਦੀਆਂ ਕਿਰਨਾਂ ਦਾ ਮੁਕਾਬਲਾ ਜਾਂ ਤਾਂ ਝੁਰੜੀਆਂ ਨਾਲ ਜਾਂ ਕੈਂਸਰ ਪੈਦਾ ਕਰਕੇ ਕਰਦੀ ਹੈ।



## ਸੇਬ ਹਮੇਸ਼ਾ ਛਿਲਕੇ ਸਮੇਤ ਖਾਓ

ਇਹ ਤਾਂ ਅਸੀ ਸਭ ਜਾਣਦੇ ਹਾਂ ਕਿ ਸੇਬ ਹਰ ਰੋਜ ਖਾਣਾ ਸਾਡੀ ਸਿਹਤ ਲਈ ਚੰਗਾ ਹੈ ਪਰ ਹੁਣ ਕੀਤੀ ਗਈ ਇੱਕ ਖੋਜ ਅਨੁਸਾਰ ਸੇਬ ਹੀ ਨਹੀਂ, ਸੇਬ ਦੇ ਛਿਲਕੇ ਵੀ ਸਿਹਤ ਲਈ ਲਾਭਕਾਰੀ ਹਨ। ਇਨ੍ਹਾਂ ਨਾਲ ਸਾਨੂੰ ਸਿਰਫ ਰੇਸ਼ਾ ਜਾਂ ਫਾਈਬਰ ਹੀ ਨਹੀਂ ਹਾਸਲ ਹੁੰਦਾ ਸਗੋਂ ਫੈਨੋਲਿਕ ਮਿਸ਼ਰਣ ਵੀ ਮਿਲਦੇ ਹਨ, ਜਿਨ੍ਹਾਂ ਵਿੱਚ ਕੈਂਸਰ ਦੀ ਸੰਭਾਵਨਾ ਘੱਟ ਕਰਨ ਦੀ ਸ਼ਕਤੀ ਹੁੰਦੀ ਹੈ। ਇਸ ਲਈ ਛਿਲਕੇ ਸਮੇਤ ਸੇਬ ਖਾਓ ਅਤੇ ਕੈਂਸਰ ਦੂਰ ਭਜਾਓ।



Sri Satguru Jagjit Singh Ji eLibrary NamdhariElibrary@gmail.com

# ਜੀਵਨ ਦਾ ਖ਼ੂਬਸੂਰਤ ਅਹਿਸਾਸ ਹੈ ਪਿਆਰ

• ਪਰਵਾਜ਼ ਗਗਨਦੀਪ •

ਕਹਿਣ ਵਾਲੇ ਸੱਚ ਕਹਿੰਦੇ ਨੇ ਕਿ ਨਾ ਕਦੇ ਮੁਹੱਬਤ ਮਰਦੀ ਹੈ, ਨਾ ਮੁਹੱਬਤ ਕਰਨ ਵਾਲੇ। ਸੱਚੀ ਮੁਹੱਬਤ ਰੱਬ ਵੱਲੋਂ ਦਿੱਤੀ ਗਈ, ਅਨਮੁੱਲੀ ਸੌਗਾਤ ਹੈ ਜੋ ਕਿਸੇ ਵਿਰਲੇ ਦੇ ਹਿੱਸੇ ਹੀ ਆਉਂਦੀ ਹੈ। ਮੁਹੱਬਤ ਇੱਕ ਖ਼ੂਬਸੂਰਤ ਅਹਿਸਾਸ ਹੈ, ਜੋ ਸਾਰੀ ਜ਼ਿੰਦਗੀ ਇਨਸਾਨ ਦੇ ਨਾਲ ਰਹਿੰਦਾ ਹੈ। ਪਿਆਰ ਤੋਂ ਬਿਨਾਂ ਜ਼ਿੰਦਗੀ ਬੇਰੰਗ ਹੈ, ਪਰ ਜੇ ਪਿਆਰ ਸਹੀ ਤੇ ਸੱਚੇ ਇਨਸਾਨ ਨਾਲ ਹੋਵੇ ਤਾਂ ਜ਼ਿੰਦਗੀ ਵਿੱਚ ਬਹਾਰ ਆ ਜਾਂਦੀ ਹੈ ਤੇ ਜ਼ਿੰਦਗੀ ਵਿੱਚ ਰੰਗਾਂ ਦੀ ਕੋਈ ਕਮੀ ਨਹੀਂ ਰਹਿੰਦੀ। ਸੱਚਾ ਪਿਆਰ ਕਦੇ ਕਿਸੇ ਨੂੰ ਕੋਈ ਦੁੱਖ ਨਹੀਂ ਦਿੰਦਾ, ਸਗੋਂ ਪਿਆਰ ਤਾਂ ਸਾਰੇ ਦੁੱਖਾਂ ਦੀ ਦਵਾਈ ਮੰਨਿਆ ਜਾਂਦਾ ਹੈ। ਜਦੋਂ ਕਿਸੇ ਦੀ ਦੁੱਖਾਂ, ਤਕਲੀਫਾਂ ਭਰੀ ਜ਼ਿੰਦਗੀ ਤੇ ਪਿਆਰ ਦੀ ਇੱਕ ਬੂੰਦ ਪੈਂਦੀ ਹੈ ਤਾਂ ਉਸ ਇਨਸਾਨ ਦੀ ਰੂਹ ਖਿਲ ਜਾਂਦੀ ਹੈ ਤੇ ਜ਼ਿੰਦਗੀ ਗੁਲਾਬ ਦੇ ਫੁੱਲ ਦੀ ਤਰ੍ਹਾਂ ਮਹਿਕਣ ਲੱਗ ਜਾਂਦੀ ਹੈ। ਪਿਆਰ ਦੋ ਰੂਹਾਂ ਦਾ ਮੇਲ ਹੈ, ਨਾ ਕਿ ਜਿਸਮਾਂ ਦਾ।

ਪਿਆਰ ਕਰਨ ਦੀ ਕੋਈ ਉਮਰ ਨਹੀਂ ਹੁੰਦੀ। ਪਿਆਰ ਕਿਸੇ ਵੀ ਟਾਇਮ ਕਿਸੇ ਨਾਲ ਵੀ ਹੋ ਸਕਦਾ ਹੈ। ਪਿਆਰ ਰੰਗ-ਰੂਪ, ਜਾਤ-ਪਾਤ, ਹੱਦਾਂ-ਸਰਹੱਦਾਂ, ਅਮੀਰ-ਗ਼ਰੀਬ, ਉੱਚਾ-ਨੀਵਾਂ, ਸ਼ਕਲ-ਸੂਰਤ ਨਹੀਂ ਦੇਖਦਾ, ਬਸ ਇਹ ਤਾਂ ਬਿਨਾਂ ਸੋਚੇ-ਸਮਝੇ ਹੋ ਹੀ ਜਾਂਦਾ ਹੈ। ਪਿਆਰ ਇਨਸਾਨ ਦੀਆਂ ਅੱਛਾਈਆਂ ਅਤੇ ਖ਼ੂਬੀਆਂ ਨਾਲ ਕੀਤਾ ਜਾਂਦਾ ਹੈ। ਸੱਚਾ ਪਿਆਰ ਬੁਰੇ ਤੋਂ ਬੁਰੇ ਇਨਸਾਨ ਵਿੱਚ ਵੀ ਅੱਛਾਈਆਂ ਭਰ ਦਿੰਦਾ ਹੈ। ਕਹਿੰਦੇ ਨੇ ਜ਼ਿੰਦਗੀ ਇੱਕ ਸੰਘਰਸ਼ ਹੈ, ਜ਼ਿੰਦਗੀ ਵਿੱਚ ਸਫ਼ਲ ਹੋਣ ਲਈ ਸੰਘਰਸ਼ ਜ਼ਰੂਰੀ ਹੈ। ਜੇ ਜ਼ਿੰਦਗੀ ਵਿੱਚ ਪਿਆਰ ਹੋਵੇ ਤਾਂ ਔਖੇ ਤੋਂ ਔਖੇ ਰਾਹ ਵੀ ਸੌਖੇ ਲੱਗਦੇ ਹਨ। ਸੱਚਾ ਪਿਆਰ ਇਨਸਾਨ ਨੂੰ ਗ਼ਲਤ ਰਾਹ 'ਤੇ ਜਾਣ ਤੋਂ ਰੋਕਦਾ ਹੈ। ਇਸ ਦੁਨੀਆ ਦੀ ਭੀੜ ਵਿੱਚ ਕੋਈ ਇੱਕ ਇਨਸਾਨ ਹੀ ਹੁੰਦਾ ਹੈ, ਜੋ ਸਾਡੇ ਦਿਲ ਨੂੰ ਚੰਗਾ ਲਗਦਾ ਹੈ। ਉਸ ਦੀ ਆਵਾਜ਼, ਉਸ ਦੀ ਅਦਾ, ਉਸ ਦੀ ਚਾਲ-ਢਾਲ ਸਭ ਕੁਝ ਚੰਗਾ ਲਗਦਾ ਹੈ। ਸਾਰਾ ਦਿਨ ਹੱਸਣ ਨੂੰ ਦਿਲ ਕਰਦਾ ਹੈ। ਮਨ ਵਿੱਚ ਲੱਖਾਂ-ਖ਼ੁਸ਼ੀਆਂ, ਉਮੀਦਾਂ, ਆਸਾਂ ਜਨਮ ਲੈ ਲੈਂਦੀਆਂ ਹਨ। ਪਿਆਰ ਵਿੱਚ ਦੋ ਇਨਸਾਨ ਇੱਕ ਜਿੰਦ-ਇੱਕ ਜਾਨ ਦੀ ਤਰ੍ਹਾਂ ਹੁੰਦੇ ਹਨ। ਪਿਆਰ ਇੱਕ ਕੱਚੇ ਧਾਗੇ ਦੀ ਤਰ੍ਹਾਂ ਹੁੰਦਾ ਹੈ। ਜਿਸ ਨੂੰ ਸਿਰਫ਼ ਵਿਸ਼ਵਾਸ਼ ਮਜ਼ਬੂਤ ਕਰਦਾ ਹੈ। ਇਹ ਦੋ ਇਨਸਾਨਾਂ ਨੂੰ ਆਪਸ ਵਿੱਚ ਜੋੜ ਕੇ ਰੱਖਦਾ ਹੈ। ਪਰ ਜੇ ਬੇਵਫ਼ਾਈ ਦਾ ਜ਼ਰਾ ਕੁ ਵੀ ਝਟਕਾ ਲੱਗੇ ਤਾਂ ਇਹ ਧਾਗਾ ਇੱਕ ਦਮ ਟੁੱਟ ਜਾਂਦਾ ਹੈ। ਪਿਆਰ ਵਿੱਚ ਇਨਸਾਨ ਦਾ ਦਿਲ ਨਾਜ਼ੁਕ ਸ਼ੀਸ਼ੇ ਦੀ ਤਰ੍ਹਾਂ ਬਣ ਜਾਂਦਾ ਹੈ। ਜੋ ਜ਼ਰਾ ਕੁ ਜਿੰਨੀ ਠੇਸ ਨਾਲ ਹੀ ਤਿੜਕ ਜਾਂਦਾ ਹੈ। ਫਿਰ ਲੱਖਾਂ ਕੋਸ਼ਿਸ਼ਾਂ ਦੇ ਬਾਅਦ ਵੀ ਨਹੀਂ ਜੁੜਦਾ, ਜੇ ਕਿਧਰੇ ਜੁੜਨ ਦੀ ਕੋਸ਼ਿਸ਼ ਕਰ ਵੀ ਲਵੇ ਤਾਂ ਫਿਰ ਵੀ ਦਰਾਰਾਂ ਰਹਿ ਹੀ ਜਾਂਦੀਆਂ ਹਨ।



ਪਿਆਰ ਸ਼ਬਦ ਉਪਨਿਸ਼ਦ ਹੈ। ਪਿਆਰ ਖ਼ੁਦਾ ਦੀ ਇਬਾਦਤ ਹੈ। ਪਿਆਰ ਅਨਮੋਲ ਹੈ। ਪਿਆਰ ਜ਼ਿੰਦਗੀ ਦਾ ਅਧਾਰ ਹੈ। ਇਨਸਾਨੀ ਜ਼ਿੰਦਗੀ ਵਿੱਚ ਪੈਸਾ ਇੱਕ ਮੁੱਖ ਸਥਾਨ ਰੱਖਦਾ ਹੈ। ਪੈਸੇ ਨਾਲ ਅਸੀਂ ਹਰ ਚੀਜ਼ ਖਰੀਦ ਸਕਦੇ ਹਾਂ, ਪਰ ਪੈਸੇ ਨਾਲ ਕਿਸੇ ਦਾ ਪਿਆਰ ਨਹੀਂ ਖਰੀਦ ਸਕਦੇ। ਜਿਸ ਕੋਲ ਸੱਚਾ ਪਿਆਰ ਹੈ, ਉਸ ਦੇ ਕਦਮਾਂ ਵਿੱਚ ਦੁਨੀਆ ਦੀ ਹਰ ਖ਼ੁਸ਼ੀ ਹੈ ਤੇ ਉਹ ਦੁਨੀਆ ਦਾ ਸਭ ਤੋਂ ਵੱਧ ਅਮੀਰ ਇਨਸਾਨ ਹੈ। ਜਿਸ ਇਨਸਾਨ ਕੋਲ ਪੈਸਾ ਹੈ ਪਿਆਰ ਨਹੀਂ। ਉਹ ਸਭ ਕੁਝ ਹੁੰਦੇ ਹੋਏ ਵੀ ਦੁਨੀਆ ਦਾ ਸਭ ਤੋਂ ਵੱਡਾ ਗ਼ਰੀਬ ਹੈ। ਕਿਸੇ ਸ਼ਾਇਰ ਨੇ ਬਹੁਤ ਖ਼ੂਬਸੂਰਤ ਲਾਈਨਾਂ ਲਿਖੀਆਂ ਹਨ :

ਮੰਨਿਆ ਕਿ ਪੈਸਾ ਵੀ ਜ਼ਰੂਰੀ ਹੁੰਦਾ ਜੀਣ ਲਈ,
ਪਰ ਜ਼ਿੰਦਗੀ ਬੇਰੰਗ ਹੁੰਦੀ ਪਿਆਰ ਤੋਂ ਬਗੈਰ।
ਪਿਆਰ ਹੁੰਦਾ ਸਦਾ ਕੱਚੇ ਧਾਗੇ ਨਾਲ ਬੰਨ੍ਹਿਆ,
ਜੋ ਚੜ੍ਹਦਾ ਨਈਂ ਸਿਰ੍ਹੇ ਇਤਬਾਰ ਤੋਂ ਬਗੈਰ।
ਜਿੱਤ ਸਕਦਾ ਏ ਬੰਦਾ ਹਰ ਇੱਕ ਜੰਗ,
ਯਾਰ ਹੋਵੇ ਨਾਲ ਹਥਿਆਰ ਤੋਂ ਬਗੈਰ।
ਪਰ 'ਜੁਗਨੀ' ਇਹ ਪਿਆਰ ਐਸੀ ਜਿੱਤ,
ਜਿੱਤੀ ਨਹੀਂ ਜਾਂਦੀ ਜਿਹੜੀ ਹਾਰ ਤੋਂ ਬਗੈਰ।

ਪਿਆਰ ਵਿੱਚ ਜਿੱਤ ਹਾਰ ਦਾ ਕੋਈ ਵੀ ਮਤਲਬ ਨਹੀਂ ਹੁੰਦਾ। ਪਿਆਰ ਵਿੱਚ ਤਾਂ ਇਨਸਾਨ ਆਪਣਾ ਸਭ ਕੁਝ ਹਾਰਨ ਲਈ ਤਿਆਰ ਰਹਿੰਦਾ ਹੈ। ਪਿਆਰ ਵਿੱਚ ਇਨਸਾਨ ਆਪਣਾ-ਆਪ ਭੁਲਾ ਕੇ ਸਿਰਫ਼ ਆਪਣੇ ਸਾਥੀ ਬਾਰੇ ਸੋਚਦਾ ਹੈ। ਉਸ ਨੂੰ ਦੁਨੀਆ ਦੀ ਹਰ ਖ਼ੂਬਸੂਰਤ ਚੀਜ਼ ਵਿੱਚੋਂ ਆਪਣੇ ਸਾਥੀ ਦੀ ਤਸਵੀਰ ਨਜ਼ਰ ਆਉਂਦੀ ਹੈ। ਕਈ ਇਨਸਾਨਾਂ ਨੂੰ ਸਮਝਣ ਲਈ ਪੂਰੀ ਜ਼ਿੰਦਗੀ ਵੀ ਘੱਟ ਲਗਦੀ ਹੈ, ਪਰ ਉਹ ਕੋਈ ਖਾਸ ਹੀ ਹੁੰਦਾ ਹੈ ਜਿਸ ਨੂੰ ਸਮਝਣ ਲਈ ਇੱਕ ਪਲ ਹੀ ਕਾਫ਼ੀ ਹੁੰਦਾ ਹੈ। ਅਸੀਂ ਉਸ ਦੀਆਂ ਅੱਖਾਂ ਵਿੱਚ ਦੇਖ ਕੇ ਉਸ ਦੇ ਦਿਲ ਦਾ ਹਾਲ ਜਾਣ ਲੈਂਦੇ ਹਾਂ, ਉਸ ਦਾ ਚਿਹਰਾ ਦੇਖ ਕੇ ਉਸ ਦੀ ਖ਼ੁਸ਼ੀ ਅਤੇ ਗ਼ਮੀ ਦਾ ਅੰਦਾਜ਼ਾ ਲਗਾ ਲੈਂਦੇ ਹਾਂ। ਉਸ ਦੇ ਬੋਲੇ ਬਿਨਾਂ ਹੀ ਉਸ ਦੇ ਦਿਲ ਦੀ ਗੱਲ ਨੂੰ ਜਾਣ ਜਾਂਦੇ ਹਾਂ। ਪਿਆਰ ਇੱਕ ਕਲਾ ਹੈ, ਜੋ ਕਿਸੇ ਵਿਰਲੇ ਦੇ ਅੰਦਰ ਹੀ ਹੁੰਦੀ ਹੈ। ਅੱਖਾਂ ਰਾਹੀ ਦਿਲ ਵਿੱਚ ਉਤਰ ਜਾਣ ਨੂੰ ਹੀ ਪਿਆਰ ਕਹਿੰਦੇ ਹਨ।

ਅਫ਼ਸੋਸ ਦੀ ਗੱਲ ਹੈ ਕਿ ਅੱਜ ਵੀ ਦੁਨੀਆਂਦਾਰੀ ਵਿੱਚ ਲੋਕ ਪਿਆਰ ਨੂੰ ਬਹੁਤ ਗ਼ਲਤ ਨਜ਼ਰੀਏ ਨਾਲ ਦੇਖਦੇ ਹਨ। ਅਜੋਕੀ ਪੀੜ੍ਹੀ ਲਈ ਪਿਆਰ ਟਾਈਮ ਪਾਸ ਕਰਨ ਤੇ ਮੋਬਾਈਲਾਂ ਉੱਤੇ ਗੱਲਬਾਤ ਕਰਨ ਕਰਕੇ ਮਨਪਰਚਾਉਣ ਦਾ ਸਾਧਨ ਬਣ ਗਿਆ ਹੈ। ਅੱਜ ਹਰ ਮੁੰਡਾ ਆਪਣੇ ਆਪ ਨੂੰ ਰਾਂਝਾ ਤੇ ਹਰ ਕੁੜੀ ਆਪਣੇ ਆਪ ਨੂੰ ਹੀਰ ਸਮਝਦੀ ਹੈ। ਪਰ ਉਹ ਇਹ ਨਹੀਂ ਜਾਣਦੇ ਕਿ ਉਹਨਾਂ ਨੇ ਕਿੰਨੀਆਂ ਮੁਸ਼ਕਿਲਾਂ, ਦੁੱਖਾਂ-ਤਕਲੀਫ਼ਾਂ, ਔਕੜਾਂ ਸਹਿਣ ਦੇ ਬਾਵਜੂਦ ਵੀ ਆਪਣੇ ਪਿਆਰ ਨੂੰ ਜਿਉਂਦਾ ਰੱਖਿਆ ਤੇ ਹਮੇਸ਼ਾ ਲਈ ਅਮਰ ਹੋ ਗਏ। ਪਿਆਰ ਵਿੱਚ ਇਨਸਾਨ ਆਪਣੇ ਸਾਥੀ ਨੂੰ ਰੱਬ ਨਾਲੋਂ ਵੀ ਉੱਚਾ ਦਰਜ਼ਾ ਦੇ ਦਿੰਦਾ ਹੈ ਪਰ ਅਜੋਕੀ ਪੀੜ੍ਹੀ ਨਾ ਤਾਂ ਇੱਕ ਦੂਜੇ ਦੀ ਇੱਜ਼ਤ ਕਰਦੇ ਹਨ, ਨਾ ਹੀ ਇੱਕ ਦੂਜੇ ਦੇ ਭਵਿੱਖ ਬਾਰੇ ਸੋਚਦੇ ਹਨ। ਅਜਿਹੇ ਪਿਆਰ ਦੀ ਉਮਰ ਬਹੁਤ ਘੱਟ ਹੁੰਦੀ ਹੈ। ਅਜਿਹਾ ਪਿਆਰ ਕਿਸੇ ਦੀ ਜ਼ਿੰਦਗੀ ਵਿੱਚ ਖ਼ੁਸ਼ੀਆਂ ਨਹੀਂ ਸਗੋਂ ਦੁੱਖ ਲੈ ਕੇ ਆਉਂਦਾ ਹੈ।

ਅਸੀਂ ਸਾਰੇ ਰਾਧਾ-ਕ੍ਰਿਸ਼ਨ ਜੀ ਦੀ ਪੂਜਾ ਕਰਦੇ ਹਾਂ, ਰਾਧਾ-ਕ੍ਰਿਸ਼ਨ ਜੀ ਵੀ ਪ੍ਰੇਮੀ-ਪ੍ਰੇਮਿਕਾ ਹੀ ਸਨ। ਵਿਆਹ ਤਾਂ ਉਨ੍ਹਾਂ ਦਾ ਵੀ ਨਹੀਂ ਸੀ ਹੋ ਸਕਿਆ। ਅੱਜ ਵੀ ਉਨ੍ਹਾਂ ਦੇ ਪਿਆਰ ਦੀ ਮਿਸਾਲ ਸਾਰੀ ਦੁਨੀਆ ਦਿੰਦੀ ਹੈ। ਸਾਨੂੰ ਵੀ ਇਹ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਅਸੀਂ ਵੀ ਆਪਣੇ ਪਿਆਰ ਨੂੰ ਪਵਿੱਤਰ ਰੱਖੀਏ ਤਾਂ ਜੋ ਇਸ ਦੁਨੀਆ ਤੋਂ ਜਾਣ ਤੋਂ ਬਾਅਦ ਵੀ ਸਾਡੇ ਸਾਥੀ ਦੇ ਦਿਲ ਵਿੱਚ ਜੋ ਜਗ੍ਹਾ ਸਾਡੀ ਹੈ ਉਹ ਕੋਈ ਹੋਰ ਨਾ ਲੈ ਸਕੇ। ਜੇ ਕਿਸੇ ਇਨਸਾਨ ਦੀ ਜ਼ਿੰਦਗੀ ਵਿੱਚ ਆਏ ਹੋ ਤਾਂ ਉਸ ਦੀ ਜ਼ਿੰਦਗੀ ਵਿੱਚ ਐਨੀਆਂ ਖ਼ੁਸ਼ੀਆਂ ਭਰੋ ਕਿ ਸਾਡੇ ਜਾਣ ਤੋਂ ਬਾਅਦ ਵੀ ਉਹ ਇਨਸਾਨ ਕਦੇ ਉਦਾਸ ਨਾ ਹੋਵੇ, ਹਮੇਸ਼ਾ ਹੱਸਦਾ ਰਹੇ।

- ਈ-ਮੇਲ: parvajgagandeep@gmail.com



Sri Satguru Jagjit Singh Ji eLibrary NamdhariElibrary@gmail.com

# ਬਹਾਰ ਨਾਲੋਂ ਵੀ ਖ਼ੂਬਸੂਰਤ ਏ ਕੈਨੇਡਾ ਵਿਚ ਪਤਝੜ ਦਾ ਮੌਸਮ



**ਬਲਵਿੰਦਰ 'ਬਾਲਮ'**
**ਗੁਰਦਾਸਪੁਰ**

ਬਹਾਰ ਨਾਲੋਂ ਵੀ ਪਰਪੱਕ ਖ਼ੂਬਸੂਰਤ ਹੈ ਕੈਨੇਡਾ ਵਿਚ ਪਤਝੜ ਦਾ ਰੁਮਾਂਚਿਕ ਮੌਸਮ। ਪਿਛਲੇ ਦਿਨੀਂ ਐਡਮਿੰਟਨ ਤੋਂ ਕਈ-ਕਈ ਸੌ ਮੀਲ ਦੂਰ ਘੁੰਮਣ ਫਿਰਨ ਦਾ ਮੌਕਾ ਮਿਲਿਆ। ਇੱਥੇ ਪਤਝੜ ਸਤੰਬਰ ਮਹੀਨੇ ਦੇ ਦੂਸਰੇ ਹਫਤੇ ਤੋਂ ਵੱਖ-ਵੱਖ ਰੰਗਾਂ ਦੀ ਸਿਰਜਨਾਤਮਕ ਵਿਖਾਇਆ ਦਾ ਢੋਲ ਵਜਾਅ ਦਿੰਦੀ ਹੈ।

ਕੈਨੇਡਾ ਦੇ ਲੈਂਡ ਸਕੇਪਿੰਗ ਦੇ ਮਾਹਿਰ ਵਿਗਿਆਨੀਆਂ ਨੇ ਕਈ ਪ੍ਰਕਾਰ ਦੀਆਂ ਜਾਤੀਆਂ, ਸਵਰੂਪਾਂ, ਅਕਾਰਾਂ, ਪ੍ਰਕਾਰਾਂ ਦੇ ਰੁੱਖਾਂ ਨੂੰ ਇਸ ਵਿਉਂਤਬੰਦੀ ਨਾਲ ਸੜਕਾਂ, ਝੀਲਾਂ, ਨਹਿਰਾਂ, ਚੌਕਾਂ, ਜੰਗਲਾਂ ਦੁਆਲੇ, ਪਰਬਤਾਂ ਵਿਚ ਲਗਾਇਆ ਹੈ ਕਿ ਰੁੱਖਾਂ ਦੀ ਤਰਤੀਬ, ਤਾਮੀਰ, ਤਾਸੀਰ, ਦਿਸ਼ਾ, ਉੱਚੀ-ਨੀਵੀਂ ਤਕਸੀਮ ਸ਼ੈਲੀ ਨੂੰ ਇਸ ਖ਼ੂਬਸੂਰਤ ਪ੍ਰਯੋਗਮਈ ਖੋਜਮਈ ਢੰਗ ਨਾਲ ਸ਼ਿਲਪਗਤ ਕੀਤਾ ਹੈ ਕਿ ਅੱਖਾਂ ਜਦ ਇਨ੍ਹਾਂ ਸੁੰਦਰ ਰੰਗ-ਬਿਰੰਗੇ ਰੱਖਾਂ ਨੂੰ ਅਪਨਾਉਂਦੀਆਂ ਹੋਈਆਂ, ਦਿਲ, ਦਿਮਾਗ, ਰੂਹ ਵਿਚ ਪ੍ਰਵੇਸ਼ ਕਰਦੀਆਂ ਹਨ ਤਾਂ ਰੰਗਾਂ ਦੀ ਨਵੀਨ ਵਿਰਾਸਤ, ਰੰਗਾਂ ਦਾ ਸੱਭਿਆਚਾਰ ਸ਼ੋਖੀਆ ਵਿਚ ਤਬਦੀਲ ਹੋ ਕੇ ਸਵਰਨਯੁਗ ਵਿਚ ਆ ਜਾਂਦਾ ਹੈ।



ਐਡਮਿੰਟਨ ਤੋਂ ਲੈ ਕੇ ਵੈਨਕੂਵਰ ਤੱਕ ਸੜਕ ਰਸਤੇ ਜਾਂਦਿਆਂ ਰੁੱਖਾਂ 'ਤੇ ਰੰਗੀਲੀ, ਫਬੀਲੀ, ਨਸ਼ੀਲੀ ਅਹਿਮੀਅਤ ਵੇਖ ਕੇ ਰੂਹ ਆਨੰਦਿਤ ਹੋ ਜਾਂਦੀ ਹੈ। ਇਸ ਤਰ੍ਹਾਂ ਮਹਿਸੂਸ ਹੁੰਦਾ ਹੈ ਜਿਵੇਂ ਕੁਦਰਤ ਨੇ ਸਾਰੀ ਸੁੰਦਰਤਾ ਪਤਝੜ ਵਿਚ ਵਿਭਾਜਨ ਕਰ ਦਿੱਤੀ ਹੋਵੇ। ਜਿਸ ਤਰ੍ਹਾਂ ਕੁਦਰਤੀ ਮੁਸਵਿੱਰ ਨੇ ਅਮੂਰਤ ਬਿੰਬਾਂ ਦਾ ਵਿਆਪਕ ਯਥਾਰਥ ਚਿੱਤਰਣ ਕੀਤਾ ਹੋਵੇ। ਜਿੱਥੇ ਬਹਾਰਾਂ ਦੇ ਮੌਸਮ ਵਿਚ ਵੱਖ-ਵੱਖ ਦਿਲਕਸ਼-ਦਿਮਾਗਕਸ਼ ਖ਼ੁਸ਼ਬੂਆਂ ਦਾ ਸੰਤੋਸ਼ਜਨਕ ਆਨੰਦ ਉਥੇ ਪਤਝੜ ਵਿਚ ਬਹਾਰਾਂ ਨਾਲੋਂ ਕਿਤੇ ਜ਼ਿਆਦਾ ਰੰਗਾਂ ਦੀ ਸੁੰਦਰ ਨਿਰਾਲੇਪਨ ਵਿਚ ਇਕ ਫਿੱਕੀ-ਫਿੱਕੀ ਅਜੀਬ ਜਿਹੀ ਬੀਅਰ ਦੇ ਸਵਾਦ ਵਰਗੀ ਸੁਗੰਧ ਫੈਲਦੀ ਹੋਈ ਸਾਰੇ ਜਿਸਮ ਵਿਚ ਇਕ ਸਕੂਨ ਉਤਪੰਨ ਕਰ ਦਿੰਦੀ ਹੈ। ਤੜਕ ਸਵੇਰ ਦੀ ਪਤਝੜ ਦਾ ਮੌਸਮ ਠੰਢਾ ਅਲਬੇਲਾ, ਮਰਮਸਪਰਸ਼ੀ ਅਨੁਭਵ ਨੂੰ ਮੰਥਨ ਕਰਕੇ ਕੋਈ ਹਿਲੋਰਾ ਆਤਮਸਾਤ ਕਰਦਾ ਹੈ।

ਜਦ ਤਰ੍ਹਾਂ-ਤਰ੍ਹਾਂ ਦੇ ਰੁੱਖਾਂ ਦੇ ਪੱਤਿਆਂ ਉਪਰ ਸੂਰਜ ਦੀਆਂ ਉਜਵਲ ਕੋਸੀਆਂ-ਕੋਸੀਆਂ ਕਿਰਨਾਂ ਆਪਣੇ ਗੁਨਗਨੇ ਚੁੰਮਣ ਧਰਦੀਆਂ ਹਨ ਤਾਂ ਰੰਗੀਨ ਪੱਤਿਆਂ ਉਪਰ ਪਈਆਂ ਸ਼ਬਨਮ ਦੀਆਂ ਬੂੰਦਾਂ ਆਲਿੰਗਨਤਾ ਵਿਚ ਓਤ-ਪੋਤ ਹੋ ਕੇ ਮੌਸਮ ਤੋਂ ਸਭ ਕੁਝ ਨੌਛਾਵਰ ਕਰ ਦਿੰਦੀਆਂ ਹਨ। ਕੂਲੇਪਣ ਦਾ ਅਹਿਸਾਸ ਅੰਗੜਾਈ ਲੈ ਕੇ ਕੁਦਰਤ ਦੇ ਅਨੋਖੇ ਸਿਰਜਨ ਦੀ ਤਪਸਿਆ ਵਿਚ ਮਗਨ ਹੋ ਜਾਂਦਾ ਹੈ। ਇਸ ਮੌਸਮ ਵਿਚ ਲੋਕੀਂ ਸੈਰ ਦਾ ਪੂਰਾ-ਪੂਰਾ ਲੁਤਫ਼ ਉਠਾਉਂਦੇ ਹੋਏ ਰੰਗਾਂ ਦੇ ਤਲਿਸਮੀ ਨਜ਼ਾਰੇ ਨੂੰ ਧਮਣੀਆਂ-ਸਿਰਾਵਾਂ ਵਿਚ ਸ਼ਾਮਿਲ ਕਰਦੇ ਹੋਏ ਆਨੰਦਵਿਭੋਰ ਹੋ-ਹੋ ਜਾਂਦੇ ਹਨ। ਸੁੰਦਰ ਦ੍ਰਿਸ਼, ਠੰਢਕਦਾਰ ਮੌਸਮ ਜਿਸਮ ਨੂੰ ਤਾਜ਼ਗੀ, ਸਫੂਰਤੀ ਨਾਲ ਨਿਹਾਲ ਕਰ ਦਿੰਦਾ ਹੈ। ਸੁੰਦਰ ਮੌਸਮ ਵਰਗੇ ਸੁੰਦਰ ਲੋਕ ਹਨ ਏਧਰ। ਰੱਖਾਂ ਦੇ ਸੁਭਾਅ ਵਰਗੇ, ਰੰਗ-ਢੰਗ ਵਰਗੇ।

ਦੁਪਹਿਰ ਨੂੰ ਰੰਗ-ਬਿਰੰਗੇ ਰੁੱਖਾਂ ਉੱਪਰ ਚਮਕਦਾਰ ਰੰਗੀਨੀ ਆਪਣੇ ਪਹਿਲੇ ਅਹਿਸਾਸ ਦੇ ਸੁਖਦ ਪਲਾਂ ਦੀ ਮਹਿਸੂਸਨ ਹਿਰਦੇ ਵਿਚ ਛੱਡਦੀ ਹੈ। ਦੁਪਹਿਰ ਵੇਲੇ ਗਿਰਗਿਟ ਵਾਂਗੂ ਰੰਗ ਬਦਲਦੇ ਪੱਤੇ ਇਵੇਂ ਪ੍ਰਤੀਤ ਹੁੰਦੇ ਜਿਵੇਂ ਰੰਗ-ਬਿਰੰਗੇ ਦੀਵੇ ਝਿਲਮਿਲਾ ਰਹੇ ਹੋਣ। ਸ਼ਾਮ ਦਾ ਮੌਸਮ ਪਤਝੜ ਨੂੰ ਖਾਮੋਸ਼ ਲਹਿਰੀਏ ਦੇ ਨਿਰਾਲੇਪਣ ਵਿਚ ਠੰਢੀਆਂ ਠਾਰ ਹਵਾਵਾਂ ਨਾਲ ਹੋਰ ਝੂਮਦੇ ਪਲਾਂ ਦਾ ਅਹਿਸਾਸ ਕਰਵਾ ਕੇ ਆਪਣੀ ਸਾਰੇ ਬੀਤੇ ਜੀਵਨ ਦੀ ਵਰਤਮਾਨ ਆਤਮਕਥਾ ਰੰਗਾਂ ਦੀ ਛਹਿਬਰ ਵਿਚ ਪਿਰੋ ਦਿੰਦਾ ਹੈ। ਸ਼ਾਮ ਦਾ ਡੁੱਬ ਰਿਹਾ ਸੂਰਜ ਜਦ ਰੰਗ-ਬਿਰੰਗੇ ਰੁੱਖਾਂ ਵਿਚ ਮੱਧਮ-ਮੰਥਨ ਲੋਅ ਵਿਚ ਪਰਿਪੂਰਨ ਹੋ ਕੇ ਰੁੱਖਾਂ ਦੀਆਂ ਰੰਗੀਨ ਟਹਿਣੀਆਂ ਵਿਚਕਾਰ ਫਸ ਜਾਂਦਾ ਹੈ ਤਾਂ ਆਲੌਕਿਕਤਾ ਦੀ ਪ੍ਰਭੁਸੱਤਾ ਨਾਲ ਧਰਦੀ ਦੀ ਗੋਦੀ ਵਿਚ ਵਿਆਪਕ ਸੁੰਦਰਤਾ ਮਾਨਵਤਾ-ਸਾਂਝੀਵਾਲਤਾ ਦਾ ਸੰਦੇਸ਼ ਦਿੰਦੀ ਹੈ।

ਕੁਦਰਤ ਜੀਵਨ ਦਾ ਨਾਮ ਹੈ ਅਤੇ ਖ਼ੁਸ਼ਬੂ ਉਸ ਦੀ ਮਿਠਾਸ, ਇਕ ਜੀਵਨ ਨੂੰ ਸੁਰਖਿਅਤ ਰੱਖਦਾ ਹੈ ਤੇ ਦੂਸਰਾ ਉਸ ਨੂੰ ਮਧੁਰ ਬਣਾਉਂਦਾ ਹੈ। ਚਾਂਦਨੀ ਰਾਤ ਵਿਚ ਰੰਗ-ਬਿਰੰਗੇ ਲਹਿ-ਲਹਿਰਾਂਦੇ ਰੁੱਖਾਂ ਦੇ ਪੱਤੇ ਚਾਂਦਨੀ ਨੂੰ ਅਪਨਾਉਂਦੇ ਹੋਏ ਗਠੀਲਾ ਆਕਰਸ਼ਣ ਅਤੇ ਸੁਗਬੁਗਾਹਟ ਦਾ ਗੁਨਗੁਨਾ ਜਿਹਾ ਸਵਾਦ, ਸੰਤੋਸ਼ ਤੇ ਸੁੱਖ ਦੇ ਸੰਸਕਾਰ ਨਿਰਮਾਣ ਕਰਦਾ ਹੈ। ਕੁਦਰਤ ਦੇ ਰੰਗ ਹੀ ਧਰਮ ਭੂਮੀ, ਕਰਮ ਭੂਮੀ, ਪੁੰਨ ਭੂਮੀ ਨੂੰ ਸਵਰਗ ਦਾ ਰੂਪ ਦੇ ਕੇ ਸੁੰਦਰਤਾ ਨੂੰ ਮਨੁੱਖ ਲਈ ਮਖ਼ਮੂਰ ਕਿਰਿਆਵਾਂ ਦੀ ਲੱਜ਼ਤ ਦਿੰਦੀ ਹੈ। ਪਤਝੜ ਦੇ ਰੁੱਖ ਬਰਫ ਦੇ ਤੋਂਦਿਆਂ ਦੀ ਭਰਮਾਰ ਨਾਲ ਲੱਧੇ ਜਾਂਦੇ ਹਨ। ਸਫ਼ੇਦ ਰੰਗ ਦੀ ਬਰਫ਼ੀਲੀ ਚਾਦਰ ਆਪਣੇ ਆਸ਼ੀਰਵਾਦ ਨਾਲ ਇਕ ਬੇਇੰਤਹਾ ਨਜ਼ਾਰਾ ਦੇ ਕੇ ਭਵਿੱਖ ਦੀ ਮੁੱਖ ਕ੍ਰਿਤੀ ਤੋਂ ਵਾਕਿਫ਼ ਕਰਵਾ ਦਿੰਦੀ ਹੈ। ਇਹ ਮੌਸਮ ਮੁਸ਼ਕਿਲਾਂ ਅਤੇ ਪਰਵਾਹ ਦਾ ਮੌਸਮ ਹੁੰਦਾ ਹੈ। ਝੀਲਾਂ ਦੁਆਲੇ ਰੰਗ-ਬਿਰੰਗੇ ਰੁੱਖਾਂ ਦੇ ਝੁਰਮਟ ਪਾਣੀਆਂ ਦੀ ਹਿੱਕ ਉਪਰ ਪਰਛਾਇਆ ਦੀ ਲੈਆਤਮਿਕ ਕ੍ਰਿਤੀ ਬਣਾ ਕੇ ਪਾਣੀ 'ਤੇ ਨੰਗੀ ਚਿੱਤਰਕਾਰੀ ਉਕੇਰ ਦਿੰਦੇ ਹਨ।



ਪਹਾੜਾਂ ਉਪਰ ਤਰ੍ਹਾਂ-ਤਰ੍ਹਾਂ ਦੇ ਰੁੱਖਾਂ ਦੀਆਂ ਪਰਜਾਤੀਆਂ ਤੋਂ ਇਲਾਵਾ ਇਕ ਹੀ ਸ਼੍ਰੇਣੀ ਦੇ ਅਨੇਕਾਂ ਰੁੱਖਾਂ ਨੂੰ ਆਇਤਕਾਰ, ਗੋਲਾਕਾਰ, ਚੌਰਸ, ਚੌਪਟ ਆਦਿ ਰੂਪਾਂ ਵਿਚ ਅਲੰਕਾਰਿਤ ਕੀਤਾ ਹੋਇਆ ਹੈ। ਦੂਰ ਤੋਂ ਪਤਝੜ ਦੇ ਰੰਗਾਂ ਦੀ ਖਾਮੋਸ਼ੀ ਇਕ ਸਿਮਰਤੀ ਦਾ ਜਨਮ ਉਤਪਨ ਕਰਕੇ ਦਿਮਾਗ਼ ਵਿਚ ਸਦੀਵੀ ਸੁੰਦਰ ਚਿਤਰਨ ਉਕੇਰ ਦਿੰਦੀ ਹੈ ਜੋ ਸਾਲਾਂ ਤੱਕ ਮਸਤਕ ਵਿਚ ਜੀਵੰਤ ਰਹਿੰਦੀ ਹੈ। ਕੈਨੇਡਾ ਵਿਚ ਰੁੱਖਾਂ ਦੀ ਮਨੁੱਖ ਨਾਲੋਂ ਵੀ ਜ਼ਿਆਦਾ ਸਮਰਥਵਾਨ ਕਦਰਾਂ ਕੀਮਤਾਂ ਹਨ। ਕੈਨੇਡਾ ਦਾ ਰਾਸ਼ਟਰੀ ਝੰਡਾ ਇਸ ਗੱਲ ਦੀ ਸਹਿਮਤੀ ਭਰਦਾ ਹੈ। ਕੈਨੇਡਾ ਦੇ ਝੰਡੇ ਵਿਚ ਗਿਆਰਾਂ ਨੁਕਰੀ ਲਾਲ ਰੰਗ ਦਾ ਪੱਤਾ ਹੈ। ਦੋਵੇਂ ਪਾਸੇ ਲਾਲ ਰੰਗ ਵਿਚਕਾਰ ਚਿੱਟੇ ਰੰਗ ਉਪਰ ਲਾਲ ਰੰਗ ਦਾ ਪੱਤਾ ਹੈ ਜਿਸ ਦਾ ਮਤਲਬ ਕਿ ਸਾਰੀ ਦੁਨੀਆ, ਕਾਇਨਾਤ ਦੇ ਪ੍ਰਾਣੀਆਂ ਦੇ ਲਹੂ ਦਾ ਰੰਗ ਲਾਲ ਹੁੰਦਾ ਹੈ। ਸਾਂਝੀਵਾਲਤਾ ਦਾ ਸੰਦੇਸ਼। ਲਾਲ ਰੰਗ ਗੌਰਵ ਸ਼ਕਤੀ ਦਾ ਪ੍ਰਤੀਕ। ਖ਼ੂਨ ਦਾ ਰੰਗ ਲਾਲ, ਟਮਾਟਰ ਦਾ ਰੰਗ ਲਾਲ ਜੋ ਸੂਖਮ ਹੈ। ਫਾਇਰ ਇੰਜਨ ਦਾ ਰੰਗ ਲਾਲ, ਤਰੱਕੀ ਪਸੰਦ ਪ੍ਰਤੀਕ ਹੈ ਇਹ ਪਤਝੜ ਦਾ ਪੱਤਾ।

**-ਐਡਮਿੰਟਨ, ਕੈਨੇਡਾ : 780-807-6007**



Sri Satguru Jagjit Singh Ji eLibrary NamdhariElibrary@gmail.com

# ਕਾਵਿ-ਮਹਿਫ਼ਲ



## ਗ਼ਜ਼ਲ

ਸ਼ਾਮਾਂ ਫ਼ਜਰਾਂ ਲੈ ਕੇ ਆ ਜਾ ਆ ਜਾ ਆ ਜਾ।
ਮੈਨੂੰ ਮੇਰੇ ਨਾਲ ਮਿਲਾ ਜਾ ਆ ਜਾ ਆ ਜਾ।

ਮੈਨੂੰ ਸੋਚ ਦਾ ਵੇਖ ਕੇ ਲੋਕੀਂ ਸੋਚੀਂ ਪੈ ਜਾ,
ਐਸੀ ਗੂੜ੍ਹੀ ਸੋਚ 'ਚ ਪਾ ਜਾ ਆ ਜਾ ਆ ਜਾ।

ਏਸ ਤੋਂ ਪਹਿਲਾਂ ਮਾਰ ਮੁਕਾਵਣ ਤੇਰੀਆਂ ਯਾਦਾਂ,
ਆਪਣੇ ਹੱਥੀਂ ਮਾਰ ਮੁਕਾ ਜਾ ਆ ਜਾ ਆ ਜਾ।

ਚਾਰ ਚੁਫ਼ੇਰੇ ਦੁੱਖਾਂ ਦੇ ਵਿੱਚ ਹੱਥ ਪਈ ਜੋੜਾਂ,
ਮੈਨੂੰ ਕੱਲ੍ਹਿਆਂ ਛੱਡ ਕੇ ਨਾ ਜਾ ਆ ਜਾ ਆ ਜਾ।

ਭਾਵੇਂ ਮੇਰੇ ਖ਼੍ਵਾਬ 'ਚ ਆ ਜਾ ਮੁੜ ਇੱਕ ਵਾਰੀ,
ਆ ਕੇ ਆਉਣ ਦਾ ਲਾਰਾ ਲਾ ਜਾ ਆ ਜਾ ਆ ਜਾ।

ਬੁਸ਼ਰਾ ਮੈਂ ਤੇ ਮੇਰੇ ਘਰ ਦੀ ਹਰ ਸ਼ੈਅ ਚਾਹਵੇ,
ਜੀਵੇਂ ਮਰਜ਼ੀ ਆ ਜਾ ਆ ਜਾ ਆ ਜਾ ਆ ਜਾ।


**-ਬੁਸ਼ਰਾ ਨਾਜ਼**
ਫੈਸਲਾਬਾਦ (ਪਾਕਿਸਤਾਨ)


## ਕਲਮ

ਪਿੱਠ ਦੇ ਪਿੱਛੇ ਛੱਡ ਦੇ ਭੰਡਣਾ ਯਾਰਾਂ ਨੂੰ,
ਜਿਸ ਦਿਨ ਚੜ੍ਹ ਗਿਆ ਧੱਕੇ ਕਿਸੇ ਛੁਡਾਣਾ ਨਈਂ ।
ਕਲਮ ਮੇਰੀ ਦਾ ਮੂੰਹ ਵੀ ਤਾਂ ਬੜ੍ਹਾ ਤਿੱਖਾ ਏ,
ਜਦ ਏ ਬੋਲਣੀ, ਤੈਥੋਂ ਸੁਣਿਆ ਜਾਣਾ ਨਈਂ।
ਕਿਰਦਾਰ ਚਾਹੀਦੇ ਉੱਚੇ, ਕੱਦ ਦੀ ਵੱਡੀ ਗੱਲ ਨਹੀਂ।
ਸ਼ੇਖੀਆਂ ਮਾਰਨ ਵਾਲ਼ੇ, ਮਸਲੇ ਕਰਦੇ ਹੱਲ ਨਹੀਂ।
ਚੁੱਪਾਂ ਦੇ ਵਿੱਚ ਹੁੰਦੇ ਛੁਪੇ ਤੂਫਾਨ ਸਦਾ,
ਸੱਚ ਨੂੰ ਸੌਖਾ ਹੁੰਦਾ ਕਦੇ ਦਬਾਣਾ ਨਈਂ।
ਕਲਮ ਮੇਰੀ ਦਾ ਮੂੰਹ ਵੀ..............................॥
ਚਾਪਲੂਸੀਆਂ ਕਰਕੇ ਕਦੇ ਸਨਮਾਨ ਨਹੀਂ ਪਾਈਦੇ ।
ਅਣਖਾਂ ਖਾਤਰ ਆਹਡੇ ਸਦਾ ਡਾਹਡਿਆਂ ਨਾਲ ਲਾਈਦੇ ।
ਜਿੱਤ-ਹਾਰ ਤਾਂ ਪਹਿਲੂ ਨੇ ਦੋ ਜਿੰਦਗੀ ਦੇ,
ਸਾਥੋਂ ਜਰਿਆ ਜਾਂਦਾ ਕਦੇ ਜਰਵਾਣਾ ਨਈਂ।
ਕਲਮ ਮੇਰੀ ਦਾ ਮੂੰਹ ਵੀ..............................॥
ਇੱਜ਼ਤ ਨੂੰ ਮਿਲੇ ਇੱਜ਼ਤ, ਧੱਕਿਆਂ ਨੂੰ ਸਦਾ ਧੱਕੇ ਨੇ।
'ਸੰਧੂ' ਨੇ ਤਾਂ ਆਪਣੇ ਇਹੋ ਅਸੂਲ ਜੇ ਰੱਖੇ ਨੇ।
'ਰਾਜਲਹੇੜੀ' ਪਹਿਲਾਂ ਕਰਦਾ ਵਾਰ ਨਹੀਂ,
ਖ਼ੂਨ 'ਚ ਸਾਡੇ ਲਿਖਿਆ ਫਿਰ ਡਰ ਜਾਣਾ ਨਈਂ।
ਕਲਮ ਮੇਰੀ ਦਾ ਮੂੰਹ ਵੀ ਤਾਂ ਬੜ੍ਹਾ ਤਿੱਖਾ ਏ,
ਜਦ ਏ ਬੋਲਣੀ, ਤੈਥੋਂ ਸੁਣਿਆ ਜਾਣਾ ਨਈਂ॥


**-ਹਰਜਿੰਦਰ ਸੰਧੂ ਰਾਜਲਹੇੜੀ**
ਮੋਬਾ:- 94634-63547




## ਤੇਰਾ ਸੱਜਦਾ

ਸਭ ਕੁਝ ਜਾਨਣਾ ਜ਼ਰੂਰੀ ਵੀ ਨਹੀਂ, ਤੇ ਜਾਣ ਵੀ ਨੀਂ ਹੁੰਦਾ,
ਏਨਾ ਕੁਝ ਇਕੱਠਆ ਕਰ ਕਿੱਥੇ ਰੱਖਣਾ,
ਫਿਰ ਸਾਂਭ ਵੀ ਨੀਂ ਹੁੰਦਾ।
ਮੁਸਾਫ਼ਰਾਂ ਦੇ ਵਾਂਗ ਕੱਟ ਜ਼ਿੰਦਗੀ ਨੂੰ ਯਾਰਾ,
ਤੁਰ ਜਾਣ ਲੱਗਾ ਬੰਦਾ ਪਰੇਸ਼ਾਨ ਵੀ ਨੀਂ ਹੁੰਦਾ।
ਹਰ ਇਨਸਾਨ ਵਿਚ ਹੁੰਦਾ ਇਕ ਸਾਧ
ਕਿਉਂਕਿ ਹਰ ਕੋਈ ਨਿਰਾ ਹੀ ਸ਼ੈਤਾਨ ਵੀ ਨੀਂ ਹੁੰਦਾ।
ਤੂੰ ਪਰਖ ਲਈ ਪਹਿਲਾਂ ਖ਼ੁਦ ਨੂੰ ਹੀ ਸੱਜਣਾ,
ਆਪਣੇ ਆਪ ਤੋਂ ਤਾਂ, ਕੋਈ ਅਣਜਾਣ ਵੀ ਨੀਂ ਹੁੰਦਾ।
ਤੂੰ ਖਿਡਾਰੀ ਕਿਉਂ ਏ, ਬਣ ਕੇ ਅਨਾੜੀ ਕਿਉਂ ਨੀਂ ਜਾਂਦਾ?
ਤੇਰਾ ਸੱਜਦਾ ਤਾਂ ਉਹਨੂੰ ਪਰਵਾਨ ਵੀ ਨੀਂ ਹੁੰਦਾ।
ਖ਼ੁਸ਼ ਰਿਹਾ ਕਰ ਯਾਰਾ! ਬਹੁਤਾ ਸੋਚਿਆ ਨਾ ਕਰ,
ਖ਼ੁਸ਼ ਰਹਿਣ ਨਾਲ ਕੋਈ ਨੁਕਸਾਨ ਵੀ ਨੀਂ ਹੁੰਦਾ।


**-ਰਾਜਵਿੰਦਰ ਕੌਰ 'ਰਾਜ'**
ਬੰਗਾ ਰੋਡ, ਫਗਵਾੜਾ।


## ਕੌੜੀ ਗੱਲ

ਇਹ ਕੈਸਾ ਸਮਾਂ ਆਇਆ,
ਸਭ ਮਿੱਟੀ ਵਿੱਚ ਮਿਲਾਇਆ,
ਇੱਥੇ ਕੋਈ ਨਾ ਕਿਸੇ ਦਾ,
ਝੂਠਾ ਹਾਸਾ ਹੱਸ ਵਖਾਇਆ,
ਕੱਚਿਆ ਘਰਾ ਵਾਲੇ,
ਹੁਣ ਪੱਕਿਆ 'ਚ ਬਹਿ ਗਏ ਨੇ,
ਖ਼ੁਸ਼ੀਆਂ ਦਾ ਤਾਂ ਨਾ ਨਹੀਂ,
ਲੋਕੀ ਪੈਸੇ ਪਿੱਛੇ ਪੈ ਗਏ ਨੇ,
ਰਿਸ਼ਤਾ ਕੋਈ ਨੀ ਪਿਆਰਾ,
ਸਭ ਪੈਸੇ ਦੀਆਂ ਖੇਡਾਂ ਨੇ,
ਪੱਥਰ ਬਣ ਗਏ ਦਿਲ,
ਜ਼ਹਿਰ ਜੁਬਾਨਾ ਤੇ ਬਹਿ ਗਏ ਨੇ,
ਭੈਣ-ਭਰਾ ਹੁਣ ਇੱਥੇ ਕੱਲੇ
ਬਾਹਰ ਨਾ ਜਾ ਸਕਦੇ,
ਲੋਕੀ ਸਮਝਣ ਗਲਤ,
ਨਾ ਸਮੇ ਉਹ ਰਹਿ ਗਏ ਨੇ,
ਆਪਣੇ ਬੱਚਿਆਂ ਦਾ ਕਰਨ ਕਤਲ,
ਹੱਥ ਗੁਨਾਹਾਂ ਵਿੱਚ ਪੈ ਗਏ ਨੇ,
ਸੁਣਦੇ ਨੀ ਗੱਲ ਸੱਚੀ,
ਹਰ ਥਾਂ ਝੂਠ ਦੇ ਡੇਰੇ ਨੇ,
ਰਿਸ਼ਤੇ ਹੋ ਗਏ ਖਤਮ,
ਮਸਲੇ ਤਾ ਪ੍ਰਭ ਢਹਿ ਗਏ ਨੇ,
ਧੋਖਾ ਦੇਣ ਮਾਪੇ ਕੁੜੀ ਵਿਆਹੀ,
ਲਾਲਚ ਕਨੈਡਾ ਦੇ ਪੈ ਗਏ ਨੇ,
ਗੱਲ ਲੱਗਣੀ ਕੌੜੀ,
ਪਰ ਲੱਗਦਾ ਜਿਓ ਅਕਲਾ ਤੇ
ਪਰਦੇ ਪੈ ਗਏ ਨੇ।


**-ਪ੍ਰਭਜੋਤ ਕੌਰ ਰਾਏ**
ਪਿੰਡ ਪਮਾਲੀ ਜ਼ਿਲ੍ਹਾ ਲੁਧਿਆਣਾ


## ਲਾਈ ਜਾਹ ਜ਼ੋਰ ਜ਼ਿੰਦਗੀ



ਲਾਈ ਜਾਹ ਜ਼ੋਰ ਜ਼ਿੰਦਗੀ,
ਨਹੀਂ ਟੁੱਟਣਾ ਮੈਂ ਤੈਥੋਂ ਆਸਾਨੀ ਦੇ ਨਾਲ
ਲਚਕ ਮੇਰੀ ਕਮਜ਼ੋਰੀ ਨਹੀਂ,
ਆਦਤ ਹੈ ਜ਼ਿਦ ਦੀ ਨਿਸ਼ਾਨੀ ਦੇ ਨਾਲ

ਅਲ੍ਹੜ ਸੁਭਾ ਦੀ ਗਿਲਾਨੀ, ਨਾ ਦੇਹ ਕੋਈ ਅਕਲਾਂ ਦੇ ਸੂਤਰ
ਖ਼ੁਸ਼ ਹਾਂ ਮੈਂ ਆਪਣੀ ਫ਼ਕੀਰਾਂ ਜਿਹੀ ਇਸ ਨਾਦਾਨੀ ਦੇ ਨਾਲ

ਵਗਾ ਲੈ ਹਵਾਵਾਂ ਵਿਰੋਧੀ, ਵਧਾ ਲੈ ਕਸੈਲੇ ਸਮੁੰਦਰਾਂ ਦੇ ਜ਼ੋਰ
ਚੱਪੂ ਹਾਂ ਹਿੰਮਤ ਦੀ ਕਿਸ਼ਤੀ ਦਾ ਮੈਂ,
ਨਹੀਂ ਮਸਲਾ ਕਿਸੇ ਪਰੇਸ਼ਾਨੀ ਦੇ ਨਾਲ

ਖਲਾਅ ਕਰ ਦੇ ਰਿਸ਼ਤੇ, ਡੁਬੋ ਦੇ ਉਦਾਸੀ 'ਚ ਹਰ ਸਾਹ ਤੂੰ ਮੇਰਾ
ਇਕੱਲ ਸਹੇਲੀ ਉਦਾਸੀ ਪਹਿਰਾਵਾ,
ਹੰਢਾਉਂਦੀ ਵੀ ਹਾਂ ਮਨਮਾਨੀ ਦੇ ਨਾਲ

ਕਿੰਨਾ ਕੁ ਡੋਬੇਂਗੀ ਹੰਝੂਆਂ 'ਚ ਨਜ਼ਰਾਂ,
ਕਿੰਨਾ ਕੁ ਧੁੰਦਲਾ ਤੇ ਖਾਰਾ ਕਰੇਂਗੀ
ਭਿੱਜੀ ਤੇ ਖਾਰੀ ਹੋਈ ਮਿੱਟੀ ਦੇਖੀਂ
ਉਗਾਏਗੀ ਸੁਪਨੇ ਰਵਾਨੀ ਦੇ ਨਾਲ

ਲਾਈ ਜਾਹ ਜ਼ੋਰ ਜ਼ਿੰਦਗੀ,
ਨਹੀਂ ਟੁੱਟਣਾ ਮੈਂ ਤੈਥੋਂ ਆਸਾਨੀ ਦੇ ਨਾਲ
ਲਚਕ ਮੇਰੀ ਕਮਜ਼ੋਰੀ ਨਹੀਂ,
ਆਦਤ ਹੈ ਜ਼ਿਦ ਦੀ ਨਿਸ਼ਾਨੀ ਦੇ ਨਾਲ


**-ਅਰਤਿੰਦਰ ਸੰਧੂ**


## ਗ਼ਜ਼ਲ

ਥੋੜ੍ਹੀ ਜਿਹੀ ਤਾਂ ਅਕਸਰ ਲਗਦੀ ਹੀ ਦੇਰ ਹੁੰਦੀ।
ਹਰ ਰਾਤ ਜਾਣ ਪਿੱਛੋਂ ਪੱਕੀ ਸਵੇਰ ਹੁੰਦੀ।
ਟੀਚੇ ਮਿਲਣ ਜੇ ਸੌਖੇ ਪੈਂਦਾ ਨਾ ਫ਼ਿਰ ਹੈ ਰੌਲ਼ਾ
ਪਰ ਮੁਸ਼ਕਿਲਾਂ ਦੀ ਵਾਰੀ ਹੀ ਤੇਰ ਮੇਰ ਹੁੰਦੀ।
ਓਦਾਂ ਨਾ ਕੋਈ ਪੁੱਛਦਾ ਮਤਲਬ ਗਧੇ ਤੋਂ ਜੇ ਪਰ
ਸੇਵਾ ਹੈ ਉਸ ਦੀ ਫ਼ਿਰ ਤਾਂ ਜੀ ਘੇਰ ਘੇਰ ਹੁੰਦੀ।
ਸੱਜਣ ਜਦੋਂ ਵੀ ਰੁੱਸਣ ਸੱਜਣਾਂ ਦੇ ਨਾਲ ਅਪਣੇ
ਜਿਹੜੀ ਵੀ ਗੱਲ ਹੁੰਦੀ ਬੁੱਲ੍ਹ ਟੇਰ ਟੇਰ ਹੁੰਦੀ।
ਦਿਲਬਰ ਦੇ ਨਾਲ ਲਗਦੀ ਚਾਨਣ ਦੇ ਵਾਂਗ ਦੁਨੀਆ
ਦਿਲਬਰ ਦੇ ਬਾਝੋਂ ਦੁਨੀਆ ਸਾਰੀ ਹਨੇਰ ਹੁੰਦੀ।
ਸਾਰੇ ਹੀ ਆਖਦੇ ਨੇ ਚੱਲਣਾ ਇਮਾਨ ਨਹੀਓਂ
ਦੱਸੋ ਤਾਂ ਕੋਈ ਕਿੱਦਾਂ ਇਹ ਹੇਰ ਫ਼ੇਰ ਹੁੰਦੀ।
ਅਸਲਾ ਤਾਂ ਕੌਮ ਲੈ ਕੇ ਫ਼ਿਰਦੀ ਹਰੇਕ ਅੱਜਕਲ੍ਹ
ਜਿੱਤਦੀ ਹੈ ਉਹ ਹੀ ਆਖ਼ਿਰ ਜਿਹੜੀ ਦਲੇਰ ਹੁੰਦੀ।


**-ਹਰਦੀਪ ਬਿਰਦੀ**
ਮੋਬਾਈਲ : 90416-00900





Sri Satguru Jagjit Singh Ji eLibrary NamdhariElibrary@gmail.com

## ਔਰਤ ਹੀ ਔਰਤ ਦੀ ਦੁਸ਼ਮਣ

ਔਰਤ-ਔਰਤ ਦੇ ਇੱਥੇ ਘਮਸਾਨ ਚੱਲਦੇ,
ਗੱਲ ਮਰਦ ਤੇ ਆਣ ਮੁਕਾਵਾਂ ਕਿਵੇਂ।
ਹਰੀ ਕੁੱਖ ਤੇ ਕਹਿੰਦੀ ਪਹਿਲਾਂ ਪੁੱਤਰ ਦੇ,
ਗੱਲ ਮਰਦ ਦੇ ਖਾਨੇ ਪਾਵਾਂ ਕਿਵੇਂ ।
ਸੱਸ ਨਨਾਣ ਤੇ ਭਾਬੀ ਦੇ ਰੂਪ ਅੰਦਰ,
ਈਰਖਾ ਔਰਤ ਦੀ ਦੱਸ ਮਿਟਾਵਾਂ ਕਿਵੇਂ।
ਇੱਕ ਦੂਜੀ ਦੀ ਦੇਖ ਗੁੱਡੀ ਚੜ੍ਹਦੀ,
ਸੋਚਣ, ਡੋਰ ਕੱਟਾਂ ਤੇ ਥੱਲੇ ਲਾਹਵਾਂ ਕਿਵੇਂ।
ਔਰਤ ਨੇ ਔਰਤ ਦਾ ਜੀਣਾ ਦੁੱਭਰ ਕੀਤਾ,
ਖੁਸ਼ਬੂ ਸਾਂਝ ਦੀ ਦੱਸ ਫੈਲਾਵਾਂ ਕਿਵੇਂ।
ਬੇਗਾਨੇ ਮਰਦ ਨਾਲ ਰਲ ਘਰ ਤੋੜੇ ਦੂਜੀ ਦਾ,
ਐਸੇ ਤਸ਼ੱਦਦਾਂ ਤੋਂ ਦਸ ਬਚਾਵਾਂ ਕਿਵੇਂ।
ਸੁਣਿਆ ਔਰਤ ਹੀ ਔਰਤ ਦੀ ਦੁਸ਼ਮਣ ਹੁੰਦੀ,
ਇਸ ਗੱਲ ਨੂੰ ਦੱਸ ਝੁਠਲਾਵਾਂ ਕਿਵੇਂ।
ਵਿਸਵਾਸ਼ ਔਰਤ ਨੂੰ ਔਰਤ ਤੇ ਨਾਂ ਰਿਹਾ,
ਕੰਵਲ ਹੋਰ ਮਸਲਿਆਂ ਤੇ ਕਲਮ ਚਲਾਵਾਂ ਕਿਵੇਂ।

**-ਕੰਵਲਜੀਤ ਕੌਰ ਕੰਵਲ**
ਮਹਿਮਾ ਚੱਕ/ਫਤਹਿਵਾਲੀ, ਗੁਰਦਾਸਪੁਰ।
ਮੋਬਾਈਲ : 9915986343

## ਬਾਪ ਸਿਰ ਸਰਦਾਰੀ

ਓ ਵੀ ਸਮਾਂ ਸੀ ਸਾਡਾ ਚੱਲਦਾ,
ਜਦੋਂ ਦੇਸੀ ਘਿਓ ਦੇ ਪੀਪੇ ਆਉਂਦੇ ਸੀ।
ਕਦੇ ਰੱਖ ਪਰੌਂਠਿਆਂ ਤੇ ਕਦੇ ਵਿਚ ਸਾਗ ਦੇ ਪਾਉਂਦੇ ਸੀ।
ਮਾਂ ਸੀ ਸਾਡੀ, ਚੂਰੀਆਂ ਕੁੱਟਦੀ,
ਕਦੇ ਸ਼ੁਕਰ, ਕਦੇ ਖੰਡ ਦੀਆਂ।
ਦੇਸੀ ਘਿਓ ਦੀਆਂ ਬਣਵਾ, ਭੈਣਾਂ ਸਨ,
ਵਿਚ ਸਹੇਲੀਆਂ ਵੰਡਦੀਆਂ।
ਜ਼ਮੀਨ ਜਾਇਦਾਦ ਸੀ ਬਥੇਰੀ,
ਨਾ ਫਿਕਰ ਕੋਈ ਭੋਰਾ ਸੀ।
ਬਾਪ ਸਿਰ ਸੀ ਸਰਦਾਰੀ ਸਾਡੀ,
ਨਾ ਕਿਸੇ ਗੱਲ ਦਾ ਝੋਰਾ ਸੀ।
ਪਤਾ ਨਾ ਲੱਗਿਆ ਕਿਹੜੇ ਵੇਲੇ,
ਨਸ਼ਿਆਂ ਘਰ ਸਾਡੇ ਡੇਰਾ ਲਾਇਆ।
ਬਹੁਤ ਸਮਝਾਇਆ ਕਈਆਂ ਬਾਪੂ ਨੂੰ,
ਬਾਪੂ ਸਮਝ ਨਾ ਪਾਇਆ।
ਨਸ਼ਿਆਂ ਜ਼ਿੰਦਗੀ ਸਾਡੀ ਰੋਲ ਦਿੱਤੀ
ਉਲਟਾ ਚੱਕਰ ਚਲਾਇਆ।
ਨਸ਼ਿਆਂ ਨੂੰ ਕਦੇ ਵੀ ਭੁੱਲ ਕੇ,
ਨਾ ਕੋਈ ਹੱਥ ਲਗਾਵੇ।
ਆਪ ਬਚੇ ਭੈੜੇ ਨਸ਼ਿਆਂ ਤੋਂ,
ਨਾਲੇ ਹੋਰਾਂ ਨੂੰ ਸਮਝਾਏ।

**- ਸਰਬਜੀਤ ਸੰਗਰੂਰਵੀ**
ਮੋਬਾਈਲ : 9463162463

## ਏਹੇ ਬੱਚਿਆਂ ਨੂੰ ਲਫ਼ਜ ਜ਼ਰੂਰ ਦੱਸਿਓ

ਤਾਰਾ ਮੀਰਾ ਕੀਹਨੂੰ ਤੇ ਰਸੌਂਤ ਕੀਹਨੂੰ ਕਹਿੰਦੇ ਨੇ,
ਲਾਣਾਂ ਕੀਹਨੂੰ ਆਖਦੇ ਤੇ ਔਂਤ ਕੀਹਨੂੰ ਕਹਿੰਦੇ ਨੇ।
ਹੁੰਦੀ ਕੀ ਨਮੋਸ਼ੀ ਤੇ ਫਤੂਰ ਦੱਸਿਓ,
ਏਹੇ ਬੱਚਿਆਂ ਨੂੰ ਲਫ਼ਜ ਜ਼ਰੂਰ ਦੱਸਿਓ।

ਹੁੰਦਾ ਕੀ ਏ ਬਰੂ ਅਤੇ ਪੋਹਲੀ ਕੀਹਨੂੰ ਕਹਿੰਦੇ ਨੇ,
ਡੋਕਾ ਕੀਹਨੂੰ ਆਖਦੇ ਤੇ ਬੌਹਲੀ ਕੀਹਨੂੰ ਕਹਿੰਦੇ ਨੇ।
ਧਰੇਕ, ਲਸੂੜਾ ਤੇ ਧਤੂਰ ਦੱਸਿਓ,
ਏਹੇ ਬੱਚਿਆਂ ਨੂੰ ਲਫ਼ਜ ਜ਼ਰੂਰ ਦੱਸਿਓ।

ਹੁੰਦੀ ਕੀ ਸਲੰਘ ਤੇ ਸਲਾਂਭਾ ਕੀਹਨੂੰ ਕਹਿੰਦੇ ਨੇ,
ਵਡਿਆਈ ਕੀ ਹੁੰਦੀ ਤੇ ਉਲਾਂਭਾ ਕੀਹਨੂੰ ਕਹਿੰਦੇ ਨੇ।
ਨ੍ਹੇਰਣਾਂ,ਗੰਧੂਈ ਤੇ ਜੰਮੂਰ ਦੱਸਿਓ,
ਏਹੇ ਬੱਚਿਆਂ ਨੂੰ ਲਫ਼ਜ ਜਰੂਰ ਦੱਸਿਓ।

ਲਾਂਗਾ ਕੀਹਨੂੰ ਆਖਦੇ ਤੇ ਖੋਰੀ ਕੀਹਨੂੰ ਕਹਿੰਦੇ ਨੇ,
ਚੋਬਰ ਕੀਹਨੂੰ ਆਖਦੇ ਤੇ ਘੋਰੀ ਕੀਹਨੂੰ ਕਹਿੰਦੇ ਨੇ।
ਹੁੰਦਾ ਕੀ ਜਵਾਨੀ ਦਾ ਸਰੂਰ ਦੱਸਿਓ,
ਏਹੇ ਬੱਚਿਆਂ ਨੂੰ ਲਫ਼ਜ ਜਰੂਰ ਦੱਸਿਓ।

ਦਹਾਜੂ ਕੀਹਨੂੰ ਆਖਦੇ ਤਰੌਂਜਾ ਕੀਹਨੂੰ ਕਹਿੰਦੇ ਨੇ,
ਢੰਗਾ ਕੀਹਨੂੰ ਕਹਿੰਦੇ ਆ ਬਰੋਜਾ ਕੀਹਨੂੰ ਕਹਿੰਦੇ ਨੇ।
ਹੁੰਦਾ ਕੀ ਤਿਓ ਅਤੇ ਘੂਰ ਦੱਸਿਓ,
ਦਾਦੇ, ਨਾਨਕੇ, ਪਤੀਅਸ , ਪਤਿਓਅਰੇ ਦੱਸਿਓ
ਕੁੜਮ, ਸ਼ਰੀਕੇ, ਪੇਕੇ , ਸਹੁਰੇ ਦੱਸਿਓ
ਦੰਦਾਸਾ, ਨੱਥ, ਸੁਰਮਾ ਤੇ ਮੱਥੇ ਲਟ ਦੱਸਿਓ
ਭਾਠ, ਡੰਗੋਤਰੇ, ਮਰਾਸੀ ਜਾਤ ਨੱਟ ਦੱਸਿਓ
ਛੰਭ ਟੋਭਾ ਖੂਹ ਤੇ ਸਾਂਭ ਕੇ ਤਲਾਬ ਰੱਖਿਓ
ਆਉਂਦੀ ਪੀੜ੍ਹੀ ਜੋਗਾ ਸਾਂਭ ਕੇ ਪੰਜਾਬ ਰੱਖਿਓ

ਪੀਲੂ, ਵਾਰਸ, ਹਾਸ਼ਮ ਤੇ ਕਾਦਰਯਾਰ ਦੱਸਿਓ
ਲਾਲ, ਤੇਜੇ, ਗੰਗੂ, ਕਿਰਪਾਲ ਜਹੇ ਗੱਦਾਰ ਦੱਸਿਓ
ਪਟਨਾ, ਚਮਕੌਰ, ਸਰਹੰਦ, ਮਾਛੀਵਾੜਾ ਦੱਸਿਓ
ਛਿੰਝ, ਕੁਸ਼ਤੀ, ਬਾਜ਼ੀ ਤੇ ਅਖਾੜਾ ਦੱਸਿਓ
ਸਭਰਾਓ, ਮੁੱਦਕੀ, ਚੇਤੇ ਖਿਦਰਾਣਾ ਢਾਬ ਰੱਖਿਓ
ਆਉਂਦੀ ਪੀੜ੍ਹੀ ਜੋਗਾ ਸਾਂਭ ਕੇ ਪੰਜਾਬ ਰੱਖਿਓ

ਹਸਾਉਣੀ, ਕਹਾਣੀ, ਸਾਖੀ ਜਾਂ ਬਾਤ ਦੱਸਿਓ
ਤ੍ਰਿਕਾਲਾਂ, ਲੌਹਢਾ, ਮੂੰਹ ਨੇਹਰਾ, ਪ੍ਰਭਾਤ ਦੱਸਿਓ
ਕਹੀ, ਰੰਬੀ, ਤੰਗਲੀ, ਜਿੰਦਰਾ, ਸਲੰਘ ਦੱਸਿਓ
ਪੀੜ੍ਹੀ , ਮੰਜਾ, ਮੂਹੜਾ ਤੇ ਪਲੰਘ ਦੱਸਿਓ
ਸਾਂਭ ਚੂਰੀ, ਤੀਰ, ਘੜਾ, ਪੱਟ ਦਾ ਕਬਾਬ ਰੱਖਿਓ
ਆਉਂਦੀ ਪੀੜ੍ਹੀ ਜੋਗਾ ..................

ਠੱਕਾ, ਪੱਛੋਂ ਤੇ ਪੁਰੇ ਦੀ ਪੌਣ ਦੱਸਿਓ
ਦੁੱਲਾ, ਜੱਗਾ, ਜਿਓਣਾ ਸਨ ਕੌਣ ਦੱਸਿਓ
ਗਲੋਟਾ, ਛਿੱਕੂ, ਪੂਣੀ, ਖੱਡੀ ਤਾਣੀ ਦੱਸਿਓ
ਜਪੁ, ਰਹਿਰਾਸ, ਸੋਹਿਲਾ ਅਨੰਦ ਬਾਣੀ ਦੱਸਿਓ
ਲੇਹਾ, ਭੱਖੜਾ, ਸੂਲਾਂ ਸਾਂਭਕੇ ਗੁਲਾਬ ਰੱਖਿਓ
ਆਉਂਦੀ ਪੀੜ੍ਹੀ ਜੋਗਾ ਸਾਂਭ .........

ਰੁੱਗ, ਥੱਬੀ, ਸੱਥਰੀ ਤੇ ਪੰਡ ਦੱਸਿਓ
ਨਖੱਤਾ, ਛੜਾ, ਦੁਹਾਜੂ ਨਾਲੇ ਰੰਡ ਦੱਸਿਓ
ਟੱਪੇ, ਸਿੱਠਣੀ , ਘੋੜੀਆਂ, ਸੁਹਾਗ ਦੱਸਿਓ
ਦੁਪੱਟਾ, ਚੁੰਨੀ, ਫੁਲਕਾਰੀਆਂ ਤੇ ਬਾਗ ਦੱਸਿਓ
ਢੱਡ, ਇਕਤਾਰਾ ਤੇ ਸਾਂਭਕੇ ਰਬਾਬ ਰੱਖਿਓ
ਆਉਂਦੀ ਪੀੜ੍ਹੀ ਜੋਗਾ ਸਾਂਭ ਕੇ ਪੰਜਾਬ ਰੱਖਿਓ

ਪੀਚੋ, ਪਿੱਲ ਚੋਟ, ਸ਼ੱਕਰਭੁੱਜੀ ਖੇਡ ਦੱਸਿਓ
ਧੌਲ, ਜੱਫਾ, ਕੈਂਚੀ ਪੈਂਦੀ ਰੇਡ ਦੱਸਿਓ
ਗੱਫਾ, ਬੁੱਕ, ਮੁੱਠ ਨਾਲੇ ਓਕ ਦੱਸਿਓ
ਪੱਠ, ਲੇਲਾ, ਬਲੂੰਗੜਾ ਤੇ ਬੋਕ ਦੱਸਿਓ
ਵਿੱਘੇ, ਮਰੱਬੇ, ਕਿੱਲੇ ਦਾ ਹਸਾਬ ਰੱਖਿਓ
ਆਉਂਦੀ ਪੀੜ੍ਹੀ ਜੋਗਾ ਸਾਂਭਕੇ ਪੰਜਾਬ ਰੱਖਿਓ

ਕਿਲਕਾਰੀ, ਚੀਕ, ਦਹਾੜ ਤੇ ਬੜ੍ਹਕ ਦੱਸਿਓ
ਚੋਜ, ਅਣਖ, ਨਖਰਾ , ਮੜ੍ਹਕ ਦੱਸਿਓ
ਪੀਹਲਾਂ, ਤੂਤੀਆਂ , ਨਮੋਲੀਆਂ ,ਬੇਰ ਦੱਸਿਓ
ਪਸੇਰੀ , ਅੱਧ ਪਾ, ਪਾਈਆ ਨਾਲੇ ਸੇਰ ਦੱਸਿਓ
ਲਗਾਮ, ਕਾਠੀ ਪੈਰਾਂ 'ਚ ਰਕਾਬ ਰੱਖਿਓ
ਆਉਂਦੀ ਪੀੜ੍ਹੀ ਜੋਗਾ ਸਾਂਭਕੇ ............

ਲੱਠਾ, ਛੱਬੀ, ਖੱਦਰ ਤੇ ਮਲਮਲ ਦੱਸਿਓ
ਪਰ , ਪਰਸੋਂ, ਭਲਕ ਤੇ ਕੱਲ੍ਹ ਦੱਸਿਓ
ਪੰਜਾ, ਜੈਤੋ, ਨਨਕਾਣਾ, ਨੀਲਾ ਤਾਰਾ ਦੱਸਿਓ
ਤਵੀ, ਚਰਖੜੀ, ਦੇਗ ਦਾ ਨਜ਼ਾਰਾ ਦੱਸਿਓ
ਚੇਤੇ ਫੂਲਾ, ਨਲੂਆ, ਕਪੂਰ ਨਵਾਬ ਰੱਖਿਓ
ਆਉਂਦੀ ਪੀੜ੍ਹੀ ਜੋਗਾ ..............

ਜੰਡ, ਵਣ, ਸ਼ਰੀਹ ਤੇ ਸਾਗਵਾਨ ਦੱਸਿਓ
ਲੋਕ ਤੱਥ, ਮੁਹਾਵਰੇ , ਅਖੌਤਾਂ ਅਖਾਣ ਦੱਸਿਓ
ਸਾਹਲ, ਗੁਨੀਆਂ, ਰੰਦਾ, ਕਰੰਡੀ, ਤੇਸੀ ਦੱਸਿਓ
ਭੂਰਾ, ਕੰਬਲ , ਲੋਈ ਨਾਲੇ ਖੇਸੀ ਦੱਸਿਓ
ਮਿੱਠੇ ਬੋਲ ਵੀਰ, ਭਾਜੀ ਤੇ ਜਨਾਬ ਰੱਖਿਓ
ਆਉਂਦੀ ਪੀੜ੍ਹੀ ਜੋਗਾ ..................

ਪੂਰਨ, ਘਨ੍ਹਈਆ, ਜੈਤਾ, ਬੁੱਧੂ ਸ਼ਾਹ ਦੱਸਿਓ
ਬੀਹੀ, ਗਲੀ, ਡੰਡੀ , ਕੱਚਾ ਰਾਹ ਦੱਸਿਓ
ਪੋਠੋਹਾਰ, ਮਾਝਾ, ਮਾਲਵਾ, ਦੁਆਬਾ ਦੱਸਿਓ
ਸੁਨਾਮ, ਖੜਕੜ ਕਲਾਂ ਤੇ ਸਰਾਭਾ ਦੱਸਿਓ
"ਪੇਡੂਆ" ਡੇਰੇ, ਸਾਧ, ਬਾਬੇ ਬੇਨਕਾਬ ਰੱਖਿਓ
ਆਉਂਦੀ ਪੀੜ੍ਹੀ ਜੋਗਾ ਸਾਂਭਕੇ ਪੰਜਾਬ ਰੱਖਿਓ..
ਏਹੇ ਬੱਚਿਆਂ ਨੂੰ ਲਫ਼ਜ ਜਰੂਰ ਦੱਸਿਓ.....।



Sri Satguru Jagjit Singh Ji eLibrary NamdhariElibrary@gmail.com

# ਜੀਊਣਾ ਮੌੜ-ਲੋਕ ਗਾਥਾ/ਕਹਾਣੀ

ਜ਼ਿਲ੍ਹਾ ਸੰਗਰੂਰ ਦੇ ਪਿੰਡ ਮੌੜ ਦਾ ਜੰਮਪਲ ਸਾਧਾਰਨ ਜੱਟ ਪਰਿਵਾਰ ਦੇ ਖੜਗ ਸਿੰਘ ਦਾ ਪੁੱਤਰ ਜੀਊਣਾ ਬੜਾ ਸਾਊ ਤੇ ਨਿਮਰ ਸੁਭਾਅ ਦਾ ਨੌਜਵਾਨ ਸੀ ਜਿਸ ਨੂੰ ਸਮੇਂ ਦੀਆਂ ਪ੍ਰਸਥਿਤੀਆਂ ਨੇ ਡਾਕੇ ਮਾਰਨ ਲਈ ਮਜਬੂਰ ਕਰ ਦਿੱਤਾ।

ਗੱਲ ਇਸ ਤਰ੍ਹਾਂ ਹੋਈ। ਇਕ ਦਿਨ ਆਥਣ ਵੇਲੇ ਜੀਊਣ ਸਿੰਘ ਜਿਸ ਨੂੰ ਆਮ ਕਰਕੇ ਜੀਊਣਾ ਕਹਿ ਕੇ ਬੁਲਾਉਂਦੇ ਸਨ ਆਪਣੇ ਡੰਗਰਾਂ ਦੇ ਵਾੜੇ ਵਿਚ ਇਕੱਲਾ ਬੈਠਾ ਸੀ ਕਿ ਇਕ ਅੱਧਖੜ ਉਮਰ ਦਾ ਓਪਰਾ ਬੰਦਾ ਉਨ੍ਹਾਂ ਦੇ ਘਰ ਦਾ ਪਤਾ ਪੁੱਛਦਾ-ਪੁਛਾਉਂਦਾ ਉਹਦੇ ਕੋਲ ਆਇਆ। ਉਸ ਓਪਰੇ ਪੁਰਸ਼ ਦਾ ਆਦਰ-ਮਾਣ ਕਰਦਿਆਂ ਜੀਊਣੇ ਨੇ ਉਸ ਨੂੰ ਆਪਣੇ ਮੰਜੇ ’ਤੇ ਬਿਠਾ ਲਿਆ। ਓਪਰਾ ਬੰਦਾ ਆਖਣ ਲੱਗਾ, “ਭਤੀਜ ਮੈਂ ਕਾਲੇ ਪਾਣੀ ਤੋਂ ਆਇਆਂ ਤੇਰੇ ਵੱਡੇ ਭਾਈ ਕਿਸ਼ਨੇ ਕੋਲੋਂ। ਉਹਦਾ ਸੁਨੇਹਾ ਲੈ ਕੇ ਸਿੱਧਾ ਥੋਡੇ ਕੋਲ ਆਇਆਂ, ਫੇਰ ਆਪਣੇ ਪਿੰਡ ਜਾਊਂਗਾ। ਉਹਨੇ ਕਿਹੈ ਬਈ ਜੇ ਤੂੰ ਭਾਈ ਐਂ, ਤੇ ਮਾਂ ਦਾ ਸੀਰ ਚੁੰਘਿਐ ਤਾਂ ਡਸਕੇ ਆਲੇ ਡੋਗਰ ਤੋਂ ਬਦਲਾ ਲੈ ਲਾ। ਜੀਹਨੇ ਤੇਰੇ ਭਰਾ ਕਿਸ਼ਨੇ ਨੂੰ ਧੋਖੇ ਨਾਲ ਪੁਲੀਸ ਨੂੰ ਫੜਾ ਕੇ ਕਾਲੇ ਪਾਣੀ ਦੀ ਸਜ਼ਾ ਦੁਆਈ ਐਸ਼। ਭਤੀਜ ਬੰਦਾ ਕਾਹਦੈ ਜੀਹਨੇ ਭਾਈ ਦਾ ਬਦਲਾ ਨ੍ਹੀਂ ਲਿਆਸ਼ ਡੋਗਰ ਮੌਜਾਂ ਕਰਦੈ ਤੇ ਭਾਈ ਕਾਲੇ ਪਾਣੀ ਨਰਕ ਭੋਗਦੈਸ਼।”

ਕਿਸ਼ਨਾ ਜੀਊਣੇ ਤੋਂ ਕੁਝ ਵਰ੍ਹੇ ਵੱਡਾ ਸੀ ਛੈਲ-ਛਬੀਲਾ, ਮੌਜ-ਮਸਤੀ ਕਰਨ ਵਾਲਾ। ਨਵਾਂ-ਨਵਾਂ ਵੈਲੀ ਬਣਿਆ। ਕਿਸ਼ਨੇ ਕੋਲ ਓਪਰੇ ਬੰਦੇ ਆਉਣ ਲੱਗੇ। ਉਹ ਘਰ ਦੀ ਕੱਢੀ ਰੂੜੀ ਮਾਰਕ ਸ਼ਰਾਬ ਤੇ ਮੁਰਗੇ ਛਕ ਕੇ ਉਨ੍ਹਾਂ ਦੇ ਖੂਹ ’ਤੇ ਖੜਦੁੰਮ ਮਚਾਉਂਦੇ। ਉਸ ਦੇ ਬਾਪੂ ਨੂੰ ਇਹ ਸਭ ਕੁਝ ਪਸੰਦ ਨਹੀਂ ਸੀ। ਇਸ ਲਈ ਉਸ ਨੇ ਕਿਸ਼ਨੇ ਨੂੰ ਟੋਕਣਾ ਸ਼ੁਰੂ ਕਰ ਦਿੱਤਾ। ਨਿੱਤ ਦਾ ਕਲੇਸ਼ ਰਹਿਣ ਲੱਗਾ ਜਿਸ ਕਰਕੇ ਕਿਸ਼ਨਾ ਘਰੋਂ ਭੱਜ ਕੇ ਡਸਕੇ ਦੇ ਡੋਗਰ ਅਤੇ ਖਡਿਆਲ ਪਿੰਡ ਦੇ ਜੈਮਲ ਨਾਲ ਰਲ ਕੇ ਲੁੱਟਾਂ-ਖੋਹ ਕਰਨ ਲੱਗਾ। ਤਿੰਨੋਂ ਗੂੜ੍ਹੇ ਮਿੱਤਰ ਬਣ ਗਏ।

ਉਨ੍ਹਾਂ ਵੇਲਿਆਂ ਵਿਚ ਅੱਜ ਵਾਂਗ ਸੜਕਾਂ ਨਹੀਂ ਸਨ, ਆਵਾਜਾਈ ਦੇ ਸਾਧਨ ਘੋੜੇ-ਘੋੜੀਆਂ, ਊਠ ਆਦਿ ਸਨ। ਪੈਦਲ ਸਫ਼ਰ ਕਰਨਾ ਪੈਂਦਾ ਸੀ ਤੇ ਰਾਹ ਆਮ ਤੌਰ ’ਤੇ ਜੰਗਲਾਂ, ਬੇਲਿਆਂ ਵਿਚੋਂ ਹੋ ਕੇ ਜਾਂਦੇ ਸਨ। ਆਮ ਆਦਮੀ ਲਈ ਸਫ਼ਰ ਕਰਨਾ ਖਤਰੇ ਤੋਂ ਖਾਲੀ ਨਹੀਂ ਸੀ। ਡਾਕੂ ਆਮ ਸਨ ਜੋ ਜੰਗਲਾਂ ’ਚ ਫਿਰਦੇ ਰਾਹ ਗੁਜ਼ਰੂਆਂ ਨੂੰ ਲੁੱਟ ਲੈਂਦੇ ਸਨ। ਬਰਾਤਾਂ ਆਮ ਲੁੱਟੀਆਂ ਜਾਂਦੀਆਂ ਸਨ। ਕਿਸ਼ਨੇ ਹੋਰਾਂ ਨੇ ਵੀ ਲੁੱਟਾਂ-ਖੋਹਾਂ ਦਾ ਧੰਦਾ ਅਪਣਾ ਲਿਆ। ਕਿਸ਼ਨੇ ਦੇ ਬਾਪ ਅਤੇ ਜੀਊਣੇ ਨੂੰ ਇਹ ਗੱਲਾਂ ਪਸੰਦ ਨਹੀਂ ਸਨ ਪਰ ਕਿਸ਼ਨਾ ਉਨ੍ਹਾਂ ਦੀ ਕਿੱਥੋਂ ਮੰਨਣ ਵਾਲਾ ਸੀ ਉਸ ਦੇ ਮੂੰਹ ਨੂੰ ਤਾਂ ਲਹੂ ਲੱਗ ਚੁੱਕਾ ਸੀ।

ਇਕ ਦਿਨ ਕੀ ਹੋਇਆ ਕਿਸ਼ਨੇ ਹੋਰਾਂ ਨੇ ਆਪਣੇ ਹੀ ਪਿੰਡ ਦੇ ਬ੍ਰਾਹਮਣਾਂ ਦੀ ਬਰਾਤ ਲੁੱਟ ਲਈ। ਬਰਾਤੀਆਂ ਵਿਚੋਂ ਕਿਸੇ ਨੇ ਕਿਸ਼ਨੇ ਨੂੰ ਪਛਾਣ ਲਿਆ।



ਸਾਰਾ ਪਿੰਡ ਕਿਸ਼ਨੇ ਦੀ ਇਸ ਵਾਰਦਾਤ ’ਤੇ ਤੋਏ-ਤੋਏ ਕਰਨ ਲੱਗਾ ਤੇ ਉਸ ਦੇ ਬਾਪ ਨੂੰ ਫਿਟ-ਲਾਹਨਤਾਂ ਪਾਈਆ। ਉਹਦਾ ਬਾਪ ਪਰ੍ਹੇ ਜਾ ਬੈਠਾ ਸ਼ਰਮਸ਼ਾਰ ਹੋ ਰਿਹਾ ਸੀ। ਪਿੰਡ ਦੇ ਖਾਂਦੇ-ਪੀਂਦੇ ਮੋਹਰੀ ਵਾਸਦੇਵ ਨੇ ਕਿਸ਼ਨੇ ਦੇ ਨਾਂ ’ਤੇ ਪੁਲੀਸ ਥਾਣੇ ਰਿਪੋਰਟ ਲਿਖਵਾ ਦਿੱਤੀ। ਇਸ ਗੱਲ ਦਾ ਪਤਾ ਕਿਸ਼ਨੇ ਨੂੰ ਵੀ ਲੱਗ ਗਿਆ। ਉਹ ਕੁਝ ਦਿਨਾਂ ਮਗਰੋਂ ਮੌੜੀਂ ਆ ਕੇ ਵਾਸਦੇਵ ਨੂੰ ਗੋਲੀਆਂ ਨਾਲ ਭੁੰਨ ਗਿਆ। ਪੁਲੀਸ ਆਈ, ਕਿਸ਼ਨੇ ਦੇ ਬਾਪ ਅਤੇ ਭਰਾ ਜੀਊਣੇ ਨੂੰ ਫੜ ਲਿਆ ਗਿਆ। ਕਿਸ਼ਨੇ ਦਾ ਥਹੁ ਪਤਾ ਪੁੱਛਣ ਲਈ ਤਸੀਹੇ ਦਿੱਤੇ ਗਏਸ਼ ਘਰ-ਬਾਰ ਉਜਾੜ ਦਿੱਤਾ। ਉਹ ਭਲਾ ਕਿੱਥੋਂ ਕਿਸ਼ਨੇ ਨੂੰ ਲੱਭ ਕੇ ਲਿਆਉਂਦੇ। ਉਨ੍ਹਾਂ ’ਤੇ ਪੁਲੀਸ ਦਾ ਤਸ਼ੱਦਦ ਜਾਰੀ ਰਿਹਾ।

ਕਿਸ਼ਨੇ ਦੀ ਕਿਹੜਾ ਘਰਦਿਆਂ ਨਾਲ ਬਣਦੀ ਸੀ। ਉਹ ਲੁੱਟਾਂ-ਖੋਹਾਂ ਦਾ ਮਾਲ ਜੈਮਲ ਦੇ ਘਰ ਹੀ ਰੱਖਦਾ ਸੀ। ਕਿਸ਼ਨੇ ਦੇ ਗਲ ਖੂਨ ਪੈਣ ਦੀ ਖ਼ਬਰ ਨੇ ਜੈਮਲ ਨੂੰ ਸੁਚੇਤ ਕਰ ਦਿੱਤਾ। ਕਿਸ਼ਨਾ ਉਹਦੇ ਕੋਲ ਚਲਿਆ ਗਿਆ। ਉਹਨੇ ਜੈਮਲ ਨੂੰ ਆਖਿਆ, “ਯਾਰਾ ਤੂੰ ਹੀ ਕੋਈ ਓਹੜ ਪੋਹੜ ਕਰ। ਪੁਲੀਸ ਨੂੰ ਕੁਝ ਦੇ ਦਿਵਾ ਕੇ ਮੇਰਾ ਨਾਂ ਖੂਨ ਦੇ ਕੇਸ ’ਚੋਂ ਕਢਵਾ।”

ਜੈਮਲ ਝੱਟ ਪੈਂਤਰਾ ਬਦਲ ਗਿਆ। ਉਹਦਾ ਮਨ ਬੇਈਮਾਨ ਹੋ ਗਿਆ। ਖੂਨ ਵਿਚ ਫਸਿਆ ਕਿਸ਼ਨਾ ਉਹਦਾ ਕੀ ਵਿਗਾੜ ਲਊਗਾ। ਉਹਨੇ ਸੋਚਿਆ ਤੇ ਕਿਸ਼ਨੇ ਨੂੰ ਕਿਹਾ, “ਕਿਸ਼ਨਿਆ ਤੇਰਾ ਤਾਂ ਮੇਰੇ ਕੋਲ ਹੁਣ ਕੁਛ ਨੀ। ਤੂੰ ਸਾਰਾ ਸਾਮਾਨ ਵੰਡਾ ਕੇ ਲੈ ਗਿਆ ਸੀ।”

ਕਿਸ਼ਨੇ ਨੂੰ ਐਨੀ ਆਸ ਨਹੀਂ ਸੀ ਕਿ ਉਹਦਾ ਯਾਰ ਜੈਮਲ ਉਹਦੇ ਨਾਲ ਈ ਮਿੱਤਰ-ਮਾਰ ਕਰੇਗਾ। ਉਹ ਸਬਰ ਦਾ ਘੁੱਟ ਭਰ ਕੇ ਬਹਿ ਗਿਆ। ਉਹ ਉੱਥੋਂ ਚੁੱਪ-ਚੁਪੀਤਾ ਕਿਸੇ ਹੋਰ ਥਾਂ ਚਲਿਆ ਗਿਆ।

ਕੁਝ ਦਿਨਾਂ ਮਗਰੋਂ ਕਿਸ਼ਨਾ ਫੇਰ ਜੈਮਲ ਕੋਲ ਆਇਆ ਤੇ ਇਕ ਬਰਾਤ ਲੁੱਟਣ ਦੀ ਦੱਸ ਪਾਈ। ਬਰਾਤ ਲੁੱਟਣ ਦੇ ਲਾਲਚ ਵੱਸ ਜੈਮਲ ਕਿਸ਼ਨੇ ਨਾਲ ਜੰਗਲ ਵਿਚ ਚਲਿਆ ਗਿਆ। ਲੱਗੇ ਬਰਾਤ ਉਡੀਕਣ। ਬਰਾਤ ਕਿੱਥੋਂ ਆਉਣੀ ਸੀ। ਇਹ ਤਾਂ ਕਿਸ਼ਨੇ ਨੇ ਜੈਮਲ ਨੂੰ ਬਾਹਰ ਸੱਦਣ ਦਾ ਬਹਾਨਾ ਹੀ ਘੜਿਆ ਸੀ। ਕੁਝ ਸਮੇਂ ਬਾਅਦ ਕਿਸ਼ਨੇ ਨੇ ਜੈਮਲ ਨੂੰ ਲਲਕਾਰਿਆ, “ਬੇਈਮਾਨਾ, ਭੱਜ ਲੈ ਜਿੱਥੇ ਭੱਜਣੈ। ਤੈਂ ਮੇਰੇ ਹਿੱਸੇ ਦਾ ਮਾਲ ਹੜੱਪ ਕੇ ਮੇਰੇ ਨਾਲ ਮਿੱਤਰ-ਮਾਰ ਕੀਤੀ ਐ।”

ਤੜਾਕ-ਤੜਾਕ ਗੋਲੀਆਂ ਚੱਲੀਆਂ ਤੇ ਜੈਮਲ ਧਰਤੀ ’ਤੇ ਚੁਫਾਲ ਢੇਰੀ ਹੋ ਗਿਆ। ਕਿਸ਼ਨੇ ਨੇ ਜੈਮਲ ਦੀ ਪਤਨੀ ਨੂੰ ਘਰੇ ਸੁਨੇਹਾ ਭੇਜ ਦਿੱਤਾ ਕਿ ਉਹ ਆਪਣੇ ਬੇਈਮਾਨ ਪਤੀ ਦੀ ਲਾਸ਼ ਚੁੱਕ ਲਜਾਵੇ।

ਜੈਮਲ ਡੋਗਰ ਹੋਰਾਂ ਦਾ ਲੰਗੋਟੀਆ ਯਾਰ ਸੀ। ਉਨ੍ਹਾਂ ਕੱਠਿਆਂ ਡਾਕੇ ਮਾਰੇ ਸਨ, ਬਰਾਤਾਂ ਲੁੱਟੀਆਂ ਸਨ। ਜੈਮਲ ਦਾ ਕਿਸ਼ਨੇ ਹੱਥੋਂ ਮਾਰਿਆ ਜਾਣਾ ਉਸ ਤੋਂ ਬਰਦਾਸ਼ਤ ਨਾ ਹੋਇਆਸ਼ । ਕਿਸ਼ਨੇ ਨੇ ਯਾਰ ਮਾਰ ਕਰਕੇ ਚੰਗਾ ਨੀ ਕੀਤਾ। .. ਪਾਪ ਕਮਾਇਐਸ਼ ਹੁਣ ਉਹਤੇ ਵਿਸਾਹ ਕਰਨਾ ਠੀਕ ਸੀ।” ਡੋਗਰ ਨੇ ਕਸੀਸ ਵੱਟ ਲਈ ਅਤੇ ਕਿਸ਼ਨੇ ਨੂੰ ਪੁਲੀਸ ਨੂੰ ਫੜਾਉਣ ਦਾ ਆਪਣੇ ਮਨ ਨਾਲ ਫੈਸਲਾ ਕਰ ਲਿਆ।

ਡੋਗਰ ਨੇ ਕਿਸ਼ਨੇ ਨੂੰ ਬਚਾਓ ਕਰਨ ਦੇ ਪੰਜ ਸੁਨੇਹੇ ਭੇਜ ਕੇ ਡਸਕੇ ਸੱਦ ਲਿਆ। ਰਾਤ ਨੂੰ ਉਹਦੀ ਖੂਬ ਸੇਵਾ ਕੀਤੀ। ਨਸ਼ੇ ਵਿਚ ਚੂਰ ਹੋਇਆ ਕਿਸ਼ਨਾ ਬੇਸੁਰਤ ਹੋ ਕੇ ਮੰਜੇ ’ਤੇ ਸੌਂ ਗਿਆ। ਓਧਰ ਧੋਖੇਬਾਜ਼ ਡੋਗਰ ਨੇ ਘਰ ਨੂੰ ਬਾਹਰੋਂ ਜਿੰਦਰਾ ਮਾਰ ਕੇ ਬੁਢਲਾਡੇ ਦੇ ਥਾਣੇ ਜਾ ਖਬਰ ਦਿੱਤੀਸ਼ ਅਣਗਿਣਤ ਪੁਲੀਸ ਨੇ ਸੁੱਤੇ ਪਏ ਕਿਸ਼ਨੇ ਨੂੰ ਆਣ ਦਬੋਚਿਆ।

ਉਦੋਂ ਅੰਗਰੇਜ਼ਾਂ ਦਾ ਰਾਜ ਸੀ।

ਮੁਕੱਦਮਾ ਚੱਲਿਆ। ਮਲਕਾ ਨੇ ਕਿਸ਼ਨੇ ਨੂੰ ਉਮਰ ਕੈਦ ਦੀ ਸਜ਼ਾ ਦੇ ਕੇ ਕਾਲੇ ਪਾਣੀ ਭੇਜ ਦਿੱਤਾ।

ਡੋਗਰ ਨੇ ਧੋਖੇ ਨਾਲ ਮਿੱਤਰ-ਮਾਰ ਕਰਕੇ ਆਪਣੇ ਯਾਰ ਕਿਸ਼ਨੇ ਨੂੰ ਕਾਲੇ ਪਾਣੀ ਦੀ ਸਜ਼ਾ ਕਰਵਾ ਦਿੱਤੀ ਸੀ। ਕਿਸ਼ਨਾ ਕਾਲੇ ਪਾਣੀ ਸਜ਼ਾ ਭੁਗਤ ਰਿਹਾ ਡੋਗਰ ਦੇ ਸੀਰਮੇ ਪੀਣ ਲਈ ਕਚੀਚੀਆਂ ਵੱਟ ਰਿਹਾ ਸੀ ਤੇ ਬਦਲਾ ਲੈਣ ਲਈ ਉਹਨੇ ਆਪਣੇ ਭਰਾ ਜੀਊਣੇ ਨੂੰ ਸੁਨੇਹਾ ਭੇਜਿਆ ਸੀ।

ਆਪਣੇ ਵੱਡੇ ਭਰਾ ਕਿਸ਼ਨੇ ਦਾ ਸੁਨੇਹਾ ਸੁਣਦੇ ਸਾਰ ਹੀ ਜੀਊਣਾ ਝੰਜੋੜਿਆ ਗਿਆ। ਇਕ ਆਹ ਸੀਨਿਓਂ ਹੋ ਗਈਸ਼ ਓਪਰਾ ਬੰਦਾ ਜਲ ਪਾਣੀ ਛਕ ਕੇ ਆਪਣੇ ਰਾਹ ਪਿਆ ਤੇ ਜੀਊਣੇ ਦੇ ਚਿੱਤ ਨੂੰ ਚਿਤਮਣੀ ਲੱਗ ਗਈ। ਉਹ ਅਜੀਬ ਬੇਚੈਨੀ ਦਾ ਸ਼ਿਕਾਰ ਹੋ ਗਿਆ।

ਜੀਊਣੇ ਮੌੜ ਸੁਣੀ ਗੱਲ, ਲੱਗੀ ਕਾਲਜੇ ਨੂੰ ਸੱਲ,
ਅੱਜ-ਕੱਲ੍ਹ ਲਵਾਂ ਵੈਰ, ਐਨ ਫੇਰ ਖਾਵਾਂ ਰੱਜ ਕੇ।
ਏਹੋ ਆਉਂਦੀ ਦਲੇਰੀ, ਜੰਮਣਾ ਨਾ ਦੂਜੀ ਵੇਰੀ,
ਮੇਰੀ ਹੈ ਸਲਾਹ ਸਾਰਾਂ ਅਹਿਮਦ ਨੂੰ ਭੱਜ ਕੇ।

(ਭਗਵਾਨ ਸਿੰਘ)

ਇਕ ਜਵਾਲਾ ਜੀਊਣੇ ਦੇ ਸੀਨੇ ’ਚ ਮਘ ਰਹੀ



Sri Satguru Jagjit Singh Ji eLibrary NamdhariElibrary@gmail.com

ਸੀ। ਉਹਨੇ ਘਰੋਂ ਗੰਡਾਸੀ ਚੁੱਕੀ ਅਤੇ ਚੁੱਪ-ਚਾਪ ਆਪਣੇ ਖੇੜੇ ਨੂੰ ਸਿਰ ਨਿਵਾ ਕੇ ਜੰਗਲ ਵਲ ਨੂੰ ਤੁਰ ਪਿਆ। ਅਗਾਂਹ ਉਹਨੂੰ ਜੰਗਲ 'ਚ ਸ਼ਿਕਾਰ ਖੇਡਦਾ ਇਕ ਅੰਗਰੇਜ਼ ਟੱਕਰਿਆ ਜਿਸ ਪਾਸੋਂ ਉਸ ਨੇ ਝਪਟਾ ਮਾਰ ਕੇ ਉਹਦੀ ਰਫਲ ਖੋਹ ਲਈ ਤੇ ਅੰਗਰੇਜ਼ ਨੂੰ ਭਜਾ ਦਿੱਤਾ। ਅਗਾਂਹ ਉਹਨੂੰ ਇਕ ਡਾਕੂਆਂ ਦੀ ਟੋਲੀ ਟੱਕਰ ਗਈ। ਜਦੋਂ ਉਨ੍ਹਾਂ ਨੂੰ ਪਤਾ ਲੱਗਿਆ ਕਿ ਬਈ ਜੀਊਣਾ ਕਿਸ਼ਨੇ ਦਾ ਭਰਾ ਐ ਤਾਂ ਖੁਸ਼ੀ-ਖੁਸ਼ੀ ਉਨ੍ਹਾਂ ਉਹਨੂੰ ਆਪਣਾ ਭਾਈਵਾਲ ਬਣਾ ਲਿਆ।

ਜੀਊਣਾ ਡਾਕੇ ਮਾਰਨ ਲੱਗਾ। ਉਹਨੇ ਬੰਦਿਸ਼ ਇਹ ਲਾਈ ਕਿਸੇ ਦੀ ਨੂੰਹ-ਧੀ ਨੂੰ ਮੈਲੀ ਅੱਖ ਨਾਲ ਨਹੀਂ ਵੇਖਣਾ, ਨਾ ਹੀ ਮੌੜੀਂ ਜਾ ਕੇ ਡਾਕਾ ਮਾਰਨਾ ਹੈ। ਗ਼ਰੀਬ-ਗ਼ੁਰਬੇ ਦੀ ਮਦਦ ਕਰਨੀ ਐਸ਼

ਆਏ ਦਿਨ ਜੀਊਣੇ ਮੌੜ ਦੀਆਂ ਲੁੱਟਾਂ-ਖੋਹਾਂ, ਮਾਰ-ਧਾੜ, ਬਰਾਤਾਂ ਡੱਕਣ, ਸੂਦ ਖੋਰਾਂ ਤੇ ਸੁਨਿਆਰਿਆਂ ਨੂੰ ਲੁੱਟਣ ਦੀਆਂ ਖਬਰਾਂ ਆਉਣ ਲੱਗੀਆਂ। ਪੁਲੀਸ ਉਹਦਾ ਪਿੱਛਾ ਕਰਦੀ। ਜੀਊਣਾ ਡਾਹ ਨਾ ਦਿੰਦਾ। ਪੁਲੀਸ ਨਮੋਸ਼ੀ ਦੀ ਮਾਰੀ ਪਈ ਸੀ। ਸਾਰੇ ਇਲਾਕੇ ਵਿਚ ਜੀਊਣੇ ਦੀ ਬੱਲੇ-ਬੱਲੇ ਸੀ। ਪੁਲੀਸ ਉਹਦੀ ਸੂਰਮਤਾਈ ਤੋਂ ਡਰਦੀ ਉਹਨੂੰ ਹੱਥ ਨਹੀਂ ਸੀ ਪਾਉਂਦੀ। ਉਸ ਨੂੰ ਫੜਨ ਲਈ ਉਹਦੇ ਸਿਰ ਦਾ ਇਨਾਮ ਸਰਕਾਰ ਨੇ ਐਲਾਨਿਆ ਹੋਇਆ ਸੀ। ਧੀ-ਭੈਣ ਦੀ ਇੱਜ਼ਤ ਦਾ ਸਾਂਝੀਵਾਲ ਹੋਣ ਕਰਕੇ ਤੇ ਗਊ-ਗ਼ਰੀਬ ਦਾ ਰੱਖਿਅਕ ਹੋਣ ਸਦਕਾ ਪਿੰਡਾਂ ਦੇ ਲੋਕ ਉਸ ਨੂੰ ਹੱਥੀਂ ਛਾਵਾਂ ਕਰਦੇ ਸਨ। ਪੁਲੀਸ ਆਈ ਤੇ ਉਹ ਕਿਸੇ ਦੇ ਵੀ ਘਰ ਲੁਕ ਸਕਦਾ ਸੀ।

ਕਈ ਦਿਲਚਸਪ ਤੇ ਅੱਲੋਕਾਰ ਘਟਨਾਵਾਂ ਤੇ ਕਹਾਣੀਆਂ ਉਸ ਦੇ ਨਾਂ ਨਾਲ ਜੁੜੀਆਂ ਹੋਈਆਂ ਹਨ।

ਉਹ ਆਪਣੀ ਮਾਰ-ਧਾੜ ਦਾ ਲੁੱਟਿਆ ਮਾਲ ਕੰਡਿਆਲ ਪਿੰਡ ਦੇ ਕਾਂਸ਼ੀ ਰਾਮ ਕੋਲ ਰੱਖਿਆ ਕਰਦਾ ਸੀ। ਇਕ ਦਿਨ ਕਾਂਸ਼ੀ ਦਾ ਦਿਲ ਬੇਈਮਾਨ ਹੋ ਗਿਆ। ਉਸ ਨੇ ਜੀਊਣੇ ਨੂੰ ਫੜਾ ਕੇ ਉਹਦਾ ਮਾਲ ਹੜੱਪਣ ਬਾਰੇ ਮਨ ਬਣਾ ਲਿਆ ਤੇ ਪੁਲੀਸ ਨੂੰ ਖਬਰ ਦੇ ਦਿੱਤੀ ਬਈ ਭਲਕੇ ਜੀਊਣੇ ਨੇ ਆਉਣੈ। ਪੁਲੀਸ ਆ ਗਈ। ਜੀਊਣਾ ਅਜੇ ਆਇਆ ਨਹੀਂ ਸੀ ਕਿ ਇਕ ਬੁੱਢੀ ਨੱਸੀ-ਨੱਸੀ ਗਈ ਤੇ ਪਿੰਡੋਂ ਬਾਹਰ ਹੀ ਜੀਊਣੇ ਨੂੰ ਕਾਂਸ਼ੀ ਦੀ ਕਰਤੂਤ ਬਾਰੇ ਦੱਸ ਦਿੱਤਾ। ਉਹ ਉਸੇ ਪਲ ਪਿਛਾਂਹ ਮੁੜ ਗਿਆ। ਜਦੋਂ ਪੁਲੀਸ ਚਲੀ ਗਈ ਜੀਊਣੇ ਨੇ ਆ ਕੇ ਕਾਂਸ਼ੀ ਰਾਮ ਦਾ ਖੂਬ ਵਢਾਂਗਾ ਕੀਤਾ। ਕਾਂਸ਼ੀ ਨੇ ਮਿੰਨਤਾਂ ਤਰਲੇ ਕਰਕੇ ਮਸੀਂ ਆਪਣੀ ਜਾਨ ਬਖਸ਼ਾਈ ਤੇ ਅਗਾਂਹ ਤੋਂ ਬੇਈਮਾਨੀ ਕਰਨ ਤੋਂ ਤੌਬਾ ਕੀਤੀ।

ਸਾਉਣ ਦਾ ਮਹੀਨਾ ਸੀ। ਲੌਂਗੋਵਾਲ ਪਿੰਡ ਦੇ ਗੋਰੇ ਤੀਆਂ ਪੈ ਰਹੀਆਂ ਸਨਸ਼ ਜੀਊਣੇ ਮੌੜ ਦੀ ਟੋਲੀ ਉੱਥੇ ਆ ਪੁੱਜੀ। ਜੀਊਣੇ ਨੇ ਜ਼ਮੀਨ 'ਤੇ ਚਾਦਰਾ ਵਿਛਾ ਕੇ ਆਖਿਆ, "ਕੁੜੀਓ ਆਪਣੀਆਂ ਟੂੰਮਾਂ ਲਾਹ ਦੋ।" ਡਰਦੀਆਂ ਮਾਰੀਆਂ ਕੁੜੀਆਂ ਬਹੂਆਂ ਆਪਣੀਆਂ ਟੂੰਮਾਂ ਲਾਹ-ਲਾਹ ਚਾਦਰੇ 'ਤੇ ਸੁੱਟੀ ਜਾਣ। ਉਹ ਚਾਦਰਾ ਵਲ੍ਹੇਟਣ ਹੀ ਲੱਗਾ ਸੀ ਕਿ ਇਕ ਕੁੜੀ ਹੌਸਲਾ ਕਰਕੇ ਬੋਲੀ, "ਵੇ ਵੀਰਿਆ! ਮੇਰੇ ਤਾਂ ਸਹੁਰੇ ਬੜੇ ਅਵੈੜੇ ਐਂ, ਉਹ ਤਾਂ ਮੇਰੇ ਹੱਡਾਂ 'ਚੋਂ ਟੂੰਮਾਂ ਕੱਢ ਲੈਣਗੇ। ਮੇਰੇ ਪੇਕੇ ਬੜੇ ਗਰੀਬ ਐ, ਉਨ੍ਹਾਂ ਮਸੀਂ ਮੇਰਾ ਵਿਆਹ ਕੀਤੈ ਜ਼ਮੀਨ ਧਰਕੇ। ਉਨ੍ਹਾਂ 'ਚ ਦੁਬਾਰਾ ਟੂੰਮਾਂ ਘੜਾਉਣ ਦੀ ਪਰੋਖੋ ਨੀ। ਵੇ ਵੀਰਾ ਮੈਂ ਤੇਰੀ ਭੈਣ ਵਰਗੀ ਆਂ।"

ਕੁੜੀ ਦਾ ਤਰਲਾ ਹੀ ਅਜਿਹਾ ਸੀ ਕਿ ਜੀਊਣੇ ਦਾ ਦਿਲ ਪਸੀਜ ਗਿਆਸ਼ ਉਹਨੇ ਝੱਟ ਚਾਦਰੇ ਦੀ ਗੰਢ ਖੋਲ੍ਹ ਦਿੱਤੀ ਤੇ ਆਖਿਆ, "ਕੁੜੀਓ ਚੁੱਕ ਲੋ ਆਪੋ-ਆਪਣੀਆਂ ਟੂੰਮਾਂ।" ਤੇ ਚਾਦਰਾ ਝਾੜ ਕੇ ਅਗਾਂਹ ਟੁਰ ਗਿਆ। ਇਸ ਘਟਨਾ ਤੋਂ ਮਗਰੋਂ ਉਹਨੇ ਆਪਣੇ ਸਾਥੀਆਂ ਨੂੰ ਤੀਆਂ ਲੁੱਟਣ ਤੋਂ ਸਦਾ ਲਈ ਵਰਜ ਦਿੱਤਾ।

ਇਕ ਦਿਨ ਰਾਹ ਜਾਂਦਿਆਂ ਜੀਊਣੇ ਨੂੰ ਭੁੱਖ ਲੱਗ ਗਈ, ਉਸ ਨੇ ਵੇਖਿਆ ਕਿ ਇਕ ਕੁੜੀ ਖੇਤ ਨੂੰ ਭੱਤਾ ਲਈ ਜਾਂਦੀ ਐ। ਉਹਨੇ ਕੁੜੀ ਕੋਲ ਆ ਕੇ ਆਖਿਆ, "ਭੈਣੇ ਰੋਟੀ ਖੁਆਏਂਗੀ?"

"ਆਹੋ ਵੀਰ।" ਆਖ ਕੁੜੀ ਨੇ ਆਪਣੇ ਸਿਰ ਤੋਂ ਛਿੱਕੂ ਲਾਹ ਕੇ ਲੱਸੀ ਦੀ ਝੱਕਰੀ ਧਰਤੀ 'ਤੇ ਰੱਖੀ ਤੇ ਪੋਣੇ 'ਚੋਂ ਦੋ ਮਿੱਸੀਆਂ ਰੋਟੀਆਂ ਕੱਢ ਕੇ ਉੱਤੇ ਅੰਬ ਦੇ ਆਚਾਰ ਦੀ ਫਾੜੀ ਤੇ ਗੰਢਾ ਰੱਖ ਕੇ ਉਹਦੇ ਹੱਥ ਫੜਾ ਦਿੱਤੀਆ।

ਜੀਊਣੇ ਨੇ ਰੋਟੀ ਖਾ ਕੇ ਕੁੜੀ ਦੇ ਹੱਥ 25 ਰੁਪਏ ਰੱਖ ਕੇ ਉਹਦਾ ਸਿਰ ਪਲੋਸਿਆ ਤੇ ਅਗਾਂਹ ਟੁਰ ਗਿਆ।

ਜੀਊਣੇ ਮੌੜ ਦੇ ਸਖੀਪਣੇ ਅਤੇ ਸੂਰਮਤਾਈ ਦੀਆਂ ਕਈ ਹੋਰ ਵੀ ਕਹਾਣੀਆਂ ਹਨ।

ਇਕ ਵਾਰ ਉਨ੍ਹਾਂ ਨੇ ਇਕ ਝੜੀ ਵਿਚ ਇਕ ਬਰਾਤ ਰੋਕ ਲਈ ਤੇ ਬਹੂ ਦੇ ਸਾਰੇ ਗਹਿਣੇ ਲੁਹਾ ਕੇ ਜਾਂਜੀਆਂ ਦੇ ਖੀਸੇ ਵੀ ਖਾਲੀ ਕਰਵਾ ਲਏ। ਉਹਦੇ ਨੱਕ ਦੇ ਨਿਸ਼ਾਨ ਤੋਂ ਜੱਟ ਨੇ ਪਛਾਣ ਲਿਆ ਬਈ ਇਹ ਤਾਂ ਜੀਊਣਾ ਮੌੜ ਐ। ਉਹਨੇ ਜੀਊਣੇ ਅੱਗੇ ਹੱਥ ਜੋੜ ਕੇ ਆਖਿਆ:

"ਭੋਇੰ ਧਰਕੇ ਇਕ ਮੁੰਡਾ ਵਿਆਹਿਆ,
ਬਹੂ ਨੂੰ ਟੂੰਮ ਛੱਲਾ ਮੰਗ ਕੇ ਪਾਇਆ,
ਵਾਸਤਾ ਈ ਰੱਬ ਦਾ ਤੂੰ ਸਾਡਾ ਜੱਟ ਭਾਈ,
ਲੁੱਟ ਸ਼ਾਹੂਕਾਰਾਂ ਨੂੰ ਜਿਨ੍ਹਾਂ ਲੁੱਟ ਮਚਾਈ।"

(ਭਗਵਾਨ ਸਿੰਘ)

ਜੀਊਣੇ ਨੇ ਸਾਰਾ ਟੂੰਮ-ਛੱਲਾ ਮੋੜ ਕੇ ਪੱਲਿਓਂ ਹੋਰ ਹਜ਼ਾਰ ਰੁਪਿਆ ਪਾ ਕੇ ਬਰਾਤ ਅਗਾਂਹ ਤੋਰ ਦਿੱਤੀ। ਜੀਊਣੇ ਮੌੜ ਦੀ ਸਾਰੇ ਇਲਾਕੇ ਵਿਚ ਦਹਿਸ਼ਤ ਹੀ ਐਨੀ ਸੀ ਕਿ ਕਈ ਬਦਮਾਸ਼ ਆਪਣੇ ਆਪ ਨੂੰ ਜੀਊਣਾ ਮੌੜ ਦੱਸ ਕੇ ਲੁੱਟ-ਮਾਰ ਕਰਨ ਲੱਗ ਪਏ ਸਨ। ਇਕ ਵਾਰ ਇਕ ਬ੍ਰਾਹਮਣ ਆਪਣੀ ਧੀ ਨੂੰ ਉਹਦੇ ਸਹੁਰੀਂ ਛੱਡਣ ਜਾ ਰਿਹਾ ਸੀ। ਰਾਹ ਜੰਗਲ 'ਚੋਂ ਹੋ ਕੇ ਜਾਂਦਾ ਸੀ। ਜਦੋਂ ਉਹ ਜੰਗਲ 'ਚ ਵੜੇ ਅੱਗੋਂ ਬਦਮਾਸ਼ਾਂ ਦੀ ਟੋਲੀ ਨੇ ਉਨ੍ਹਾਂ ਨੂੰ ਘੇਰ ਲਿਆ। ਬ੍ਰਾਹਮਣ ਥਰ-ਥਰ ਕੰਬ ਰਿਹਾ ਸੀ ਤੇ ਕੁੜੀ ਦੀਆਂ ਲੇਰਾਂ ਨਿਕਲ ਰਹੀਆਂ ਸਨ। ਅਚਾਨਕ ਜੀਊਣਾ ਮੌੜ ਉਧਰੋਂ ਆ ਨਿਕਲਿਆ। ਉਸ ਨੇ ਆਉਂਦੇ ਸਾਰ ਹੀ ਬਦਮਾਸ਼ਾਂ ਨੂੰ ਲਲਕਾਰਾ ਮਾਰਿਆ।

"ਤੂੰ ਕੌਣ ਹੁਨੈਂ ਸਾਨੂੰ ਰੋਕਣ ਵਾਲਾ?" ਇਕ ਮਾੜਚੂ ਜਿਹਾ ਬਦਮਾਸ਼ ਬੋਲਿਆ।

"ਮੈਂ ਆਂਸ਼, ਥੋਡਾਸ਼ ਜੀਊਣਾ ਮੋੜ।"

ਜੀਊਣਾ ਮੌੜ ਦਾ ਨਾਂ ਸੁਣਦੇ ਸਾਰ ਹੀ ਬਰਸਾਤੀ ਬਦਮਾਸ਼ਾਂ ਦੇ ਹੋਸ਼ ਉਡ ਗਏ। ਜੀਊਣੇ ਨੇ ਜੁੱਤੀਆਂ ਮਾਰ-ਮਾਰ ਉਨ੍ਹਾਂ ਨੂੰ ਭਜਾ ਦਿੱਤਾ ਤੇ ਮਗਰੋਂ ਆਪ ਜਾ ਕੇ ਬ੍ਰਾਹਮਣ ਤੇ ਉਹਦੀ ਧੀ ਨੂੰ ਉਹਦੇ ਘਰ ਛੱਡ ਕੇ ਆਇਆ।

ਕਹਿੰਦੇ ਨੇ ਸੰਗਰੂਰ ਕੋਲ ਇਕ ਪਿੰਡ ਗੋਡੀ ਕਰਦੇ ਇਕ ਗ਼ਰੀਬ ਜ਼ਿਮੀਂਦਾਰ ਕੋਲ ਉਹਦੀ ਮੁਟਿਆਰ ਧੀ ਰੋਟੀ ਲੈ ਕੇ ਆਈ। ਦੇਨੇਤ ਨਾਲ ਘੁੰਮਦਾ-ਘੁੰਮਾਉਂਦਾ ਜੀਊਣਾ ਮੌੜ ਵੀ ਉਥੇ ਆ ਗਿਆ। ਵਿਆਹੁਣਯੋਗ ਕੁੜੀ ਵੱਲ ਵੇਖ ਕੇ ਜੀਊਣੇ ਨੇ ਜ਼ਿਮੀਂਦਾਰ ਨੂੰ ਪੁੱਛਿਆ, "ਸਰਦਾਰਾ ਧੀ ਕਿਧਰੇ ਮੰਗੀ ਵਿਆਹੀ ਵੀ ਹੋਈ ਐ?"

ਜ਼ਿਮੀਂਦਾਰ ਨੇ ਮਸੋਸਿਆ ਜਿਹਾ ਮੂੰਹ ਕਰਕੇ ਕਿਹਾ, "ਜੀਊਣ ਸਿਆਂ, ਅਸੀਂ ਧੀ ਵਿਆਉਣ ਜੋਗੇ ਕਿੱਥੇ ਆਂ, ਮਸੀਂ ਗੁਜ਼ਾਰਾ ਤੁਰਦੈ ਸਾਰੀ ਪੈਲੀ ਮਾਰੂ ਐ।" ਜੀਊਣੇ ਮੌੜ ਨੇ ਉਸੇ ਵੇਲੇ ਆਪਣੇ ਲੱਕ ਨਾਲੋਂ ਖੋਲ੍ਹ ਕੇ ਸੌ-ਸੌ ਦੀਆਂ ਪੰਜ ਵਾਸਣੀਆਂ ਜ਼ਿਮੀਂਦਾਰ ਦੇ ਹਵਾਲੇ ਕਰਕੇ ਆਖਿਆ, "ਕਰ ਧੀ ਦਾ ਨਾਤਾ ਗੱਜ ਵੱਜ ਕੇਸ਼ ਦੇਖੀਂ ਕਿਤੇ ਕਿਸੇ ਹੋਰ ਪਾਸੇ ਵਰਤ ਲਏਂ।"

ਅੱਜ ਦੇ ਸਮੇਂ ਇਹ ਹਜ਼ਾਰਾਂ ਰੁਪਏ ਦੀ ਰਾਸ਼ੀ ਸੀ। ਜੱਟ ਜੀਊਣੇ ਮੌੜ ਦੀ ਸਖਾਵਤ ਦੇ ਵਾਰੇ ਵਾਰੇ ਜਾ ਰਿਹਾ ਸੀ। ਹੋਰ ਵੀ ਅਨੇਕਾਂ ਕਿੱਸੇ ਜੀਊਣੇ ਮੌੜ ਦੇ ਨਾਂ ਨਾਲ ਜੁੜੇ ਹੋਏ ਹਨ। ਉਸ ਦੀ ਬਹਾਦਰ, ਸੂਰਮਗਤੀ, ਦਰਿਆਦਿਲੀ ਅਤੇ ਸਖਾਵਤ ਦਾ ਜ਼ਿਕਰ ਲੋਕ ਕਵੀਆਂ ਨੇ ਆਪਣੀਆਂ ਕਾਵਿ ਰਚਨਾਵਾਂ ਵਿਚ ਕੀਤਾ ਹੈ:-

ਜੀਊਣਾ ਮੌੜ ਸਾਧ, ਗਊ-ਗ਼ਰੀਬ ਦੀ ਕਰੇ ਸੇਵਾ,
ਖੱਬੀਖਾਨਾਂ ਦੀ ਅਲਖ ਮੁਕਾਉਂਦਾ ਜੀ।
ਜੇਹੜੇ ਬਾਦਸ਼ਾਹ ਦੇ ਘਰ ਕਰੇ ਚੋਰੀ,
ਪਰਚਾ ਛਾਪ ਕੇ ਪਹਿਲਾਂ ਲਗਾਉਂਦਾ ਜੀ।
ਸ਼ੀਹਣੀ ਮਾਂ ਨੇ ਜੰਮਿਆ ਸ਼ੇਰ ਜੀਊਣਾ,
ਨਹੀਂ ਲੁਕ ਕੇ ਵਕਤ ਲੰਘਾਉਂਦਾ ਜੀ।"

(ਭਗਵਾਨ ਸਿੰਘ)

ਜਿਸ ਮਕਸਦ ਲਈ ਜੀਊਣਾ ਡਾਕੂ ਬਣਿਆ ਸੀ, ਉਹ ਅਜੇ ਪੂਰਾ ਨਹੀਂ ਸੀ ਹੋਇਆ। ਡੋਗਰ ਨੂੰ ਮਾਰ ਕੇ ਆਪਣੇ ਭਰਾ ਦਾ ਬਦਲਾ ਲੈਣ ਦਾ ਨਿਸ਼ਾਨਾ ਉਹਦੇ ਸਾਹਮਣੇ ਸੀ। ਨਿਸ਼ਾਨਾ ਪੂਰਾ ਹੋਣ 'ਤੇ ਹੀ ਉਹਦੇ ਕਾਲਜੇ ਠੰਢ ਪੈਣੀ ਸੀ।

ਇਕ ਦਿਨ ਘੋੜੇ 'ਤੇ ਸਵਾਰ ਹੋ ਕੇ ਜੀਊਣਾ ਮੌੜ ਅਹਿਮਦ ਡੋਗਰ ਦੇ ਪਿੰਡ ਡਸਕੇ ਜਾ ਪੁੱਜਾ। ਉਹਨੇ ਇਕ ਪਾਲੀ ਹੱਥ ਡੋਗਰ ਨੂੰ ਸੁਨੇਹਾ ਭੇਜਿਆ, "ਤੇਰਾ ਜਮਾਈ ਆਪਣੇ ਭਰਾ ਕਿਸ਼ਨੇ ਦਾ ਬਦਲਾ ਲੈਣ ਆਇਐਸ਼ ਤੈਂ ਮੇਰੇ ਭਾਈ ਨੂੰ ਧੋਖੇ ਨਾਲ ਫੜਾਇਆ ਸੀਸ਼ ਜੇ ਤੂੰ ਅਸਲੀ ਬਾਪ ਦਾ ਤੁਖਮ ਐਂ ਤਾਂ ਸਾਹਮਣੇ ਆ ਜਾ। ਪਾਜੀਆ ਫੇਰ ਨਾ ਆਖੀਂ।"

ਜੀਊਣੇ ਮੌੜ ਦਾ ਸੁਨੇਹਾ ਸੁਣਦੇ ਸਾਰ ਹੀ ਡੋਗਰ ਦੀਆਂ ਅੱਖਾਂ ਵਿਚ ਲਾਲ ਸੂਹੇ ਡੋਰੇ ਡਲ੍ਹਕ ਪਏ। ਉਹਨੇ ਕਾਰਤੂਸਾਂ ਦੀ ਪੇਟੀ ਆਪਣੇ ਮੋਢੇ ਨਾਲ ਲਮਕਾਈ ਤੇ ਹੱਥ 'ਚ ਰਫਲ ਫੜ ਕੇ ਘੋੜੇ 'ਤੇ ਸਵਾਰ ਹੁੰਦਾ ਬੋਲਿਆ, "ਜਦੋਂ ਗਿੱਦੜ ਦੀ ਮੌਤ ਆਉਂਦੀ ਐ ਉਹ ਨਿਆਈਆਂ ਵੱਲ ਨੂੰ ਭੱਜਦੈ। ਅੱਜ ਵੱਡਾ ਸੂਰਮਾ ਜੀਊਣਾ ਮੇਰੇ ਕੋਲੋਂ ਬੱਚ ਕੇ ਨ੍ਹੀਂ ਜਾ ਸਕਦਾ।"


Sri Satguru Jagjit Singh Ji eLibrary NamdhariElibrary@gmail.com

ਡੋਗਰ ਦੀ ਘਰਵਾਲੀ ਨੇ ਉਹਨੂੰ ਰੋਕਿਆ ਵੀ ਪਰ ਡੋਗਰ ਦੇ ਸਿਰ ਖ਼ੂਨ ਸਵਾਰ ਹੋਇਆ ਸੀ। ਉਹ ਪਿੰਡੋਂ ਬਾਹਰ ਮੈਦਾਨ ਵਿਚ ਜਾ ਪੁੱਜਾ ਜਿਥੇ ਖੜ੍ਹਾ ਜੀਊਣਾ ਮੌੜ ਖੋਰੂ ਪਾ ਰਿਹਾ ਸੀ। ਜੀਊਣੇ ਨੇ ਡੋਗਰ ਨੂੰ ਲਲਕਾਰਿਆ, "ਡੋਗਰਾ ਮੈਂ ਤੇਰੇ ਅਰਗਾ ਪਾਜੀ ਨੀ। ਸੂਰਮਾ ਕਿਸੇ ਨੂੰ ਧੋਖੇ ਨਾਲ ਨੀ ਮਾਰਦਾ। ਪਹਿਲਾ ਵਾਰ ਤੇਰੈ।"

ਡੋਗਰ ਨੇ ਪਹਿਲਾ ਫਾਇਰ ਕੀਤਾ। ਜੀਊਣੇ ਦੀ ਘੋੜੀ ਧਰਤੀ 'ਤੇ ਲਿਫ ਗਈ, ਗੋਲੀ ਉਪਰੋਂ ਲੰਘ ਗਈ। ਦੂਜਾ ਫਾਇਰ ਵੀ ਫੋਕਾ ਹੀ ਗਿਆ। ਜੀਊਣੇ ਮੌੜ ਨੇ ਅਜਿਹੀ ਸਿਸਤ ਬੰਨ੍ਹੀ ਕਿ ਪਹਿਲੇ ਫਾਇਰ ਨਾਲ ਹੀ ਡੋਗਰ ਨੂੰ ਪਾਰ ਬੁਲਾ ਦਿੱਤਾ।

ਡੋਗਰ ਦੀ ਲਾਸ਼ ਧਰਤੀ 'ਤੇ ਪਈ ਤੜਪ ਰਹੀ ਸੀ। ਡੋਗਰ ਦੇ ਘਰ ਹਾਹਾਕਾਰ ਮੱਚ ਗਈ।

ਕਿਸੇ ਮੌੜੀਂ ਜਾ ਦੱਸਿਆ, "ਜੀਊਣੇ ਨੇ ਡੋਗਰ ਨੂੰ ਮਾਰ ਕੇ ਆਪਣੇ ਭਰਾ ਦਾ ਬਦਲਾ ਲੈ ਲਿਐ।" ਸਾਰਾ ਪਿੰਡ ਉਸ ਦੇ ਬਲਿਹਾਰੇ ਜਾ ਰਿਹਾ ਸੀ।

ਡੋਗਰ ਦੇ ਮਾਰਨ ਦੀ ਖਬਰ ਸਾਰੇ ਇਲਾਕੇ ਵਿੱਚ ਅੱਗ ਵਾਂਗ ਫੈਲ ਗਈ। ਘਰ ਘਰ ਜੀਊਣੇ ਮੌੜ ਦੀਆਂ ਗੱਲਾਂ ਹੋ ਰਹੀਆਂ ਸਨਸ਼। ਹਰ ਕੋਈ ਉਸ ਅਣਖੀ ਸੂਰਮੇ ਦੀਆਂ ਬਾਤਾਂ ਪਾ ਰਿਹਾ ਸੀ।

ਘਰ-ਘਰ ਪੁੱਤਰ ਜੰਮਦੇ,
ਜੀਊਣਾ ਮੌੜ ਨੀ ਕਿਸੇ ਬਣ ਜਾਣਾ।

ਬੁਢਲਾਡੇ ਦੀ ਪੁਲੀਸ ਨੇ ਜੀਊਣੇ ਮੌੜ ਨੂੰ ਫੜਨ ਦੀ ਸਿਰਤੋੜ ਕੋਸ਼ਿਸ਼ ਕੀਤੀ ਪਰ ਉਹ ਹੱਥ ਆਉਣ ਵਾਲਾ ਕਿੱਥੇ ਸੀ। ਪੁਲੀਸ ਤਾਂ ਉਸ ਪਾਸੋਂ ਥਰ-ਥਰ ਕੰਬਦੀ ਸੀ। ਉਹਦੇ ਸਾਹਮਣੇ ਹੋਣ ਦਾ ਹੌਸਲਾ ਨਹੀਂ ਸੀ ਕਰਦੀ। ਪੂਰੀ ਸ਼ਾਨ ਨਾਲ ਜੀਊਣਾ ਆਪਣੇ ਇਲਾਕੇ ਵਿਚ ਵਿਚਰ ਰਿਹਾ ਸੀ। ਜੀਊਣਾ ਅਲਬੇਲੇ ਸੁਭਾਅ ਦਾ ਮਾਲਕ ਸੀ, ਅੱਲੋਕਾਰ ਗੱਲਾਂ ਕਰਨ ਵਾਲਾ। ਇਕ ਵਾਰ ਉਸ ਨੂੰ ਕੀ ਸੁੱਝੀ ਉਹਨੇ ਨਾਭੇ ਦੇ ਰਾਜੇ ਹੀਰਾ ਸਿੰਘ ਦੇ ਤਬੇਲੇ 'ਚੋਂ ਜਾ ਕੇ ਘੋੜੀ ਖੋਲ੍ਹ ਲਈ। ਉਸ ਨੇ ਸੰਤਰੀ ਨੂੰ ਆਖਿਆ, "ਕਹਿ ਦੀਂ ਆਪਣੇ ਰਾਜੇ ਨੂੰ ਜੀਊਣਾ ਮੌੜ ਲੈ ਗਿਆ ਤੇਰੀ ਘੋੜੀ।"

ਲੋਕੀਂ ਵਾਰੇ-ਵਾਰੇ ਜਾ ਰਹੇ ਸਨ ਜੀਊਣੇ ਮੌੜ ਦੇ ਜਿਸ ਨੇ ਰਾਜੇ ਦੀ ਘੋੜੀ ਖੋਲ੍ਹ ਲਈ ਸੀ। ਰਾਜੇ ਨੇ ਆਪਣੀ ਪੁਲੀਸ ਉਹਦੇ ਮਗਰ ਲਾ ਦਿੱਤੀ। ਆਖਰ ਸੁੱਤਾ ਪਿਆ ਜੀਊਣਾ ਮੌੜ ਫੜਿਆ ਗਿਆ। ਉਸ ਨੂੰ ਨਾਭਾ ਜੇਲ੍ਹ ਵਿਚ ਡੱਕ ਦਿੱਤਾ ਗਿਆ। ਪਰ ਉਹ ਅਗਲੀ ਰਾਤ ਹੀ ਜੇਲ੍ਹ ਭੰਨ ਕੇ ਭੱਜ ਆਇਆ।

ਜੀਊਣਾ ਮੌੜ ਨੈਣਾ ਦੇਵੀ ਦਾ ਸ਼ਰਧਾਲੂ ਸੀ। ਉਸ ਨੂੰ ਵਿਸ਼ਵਾਸ ਸੀ ਕਿ ਉਹ ਉਸ ਦੀ ਹਰ ਪਲ ਰੱਖਿਆ ਕਰਦੀ ਹੈ। ਉਹਨੇ ਨੈਣਾ ਦੇਵੀ ਦੇ ਮੰਦਰ 'ਤੇ ਜਾ ਕੇ ਸੋਨੇ ਦਾ ਛਤਰ ਚੜ੍ਹਾਉਣ ਦਾ ਐਲਾਨ ਕਰ ਦਿੱਤਾ:

ਉਸ ਨੇ ਖ਼ਬਰਾਂ ਭੇਜੀਆਂ ਸਾਰੇ ਰਾਜਿਆਂ ਨੂੰ,
ਨੈਣਾ ਦੇਵੀ ਦੇ ਮੰਦਰ 'ਤੇ ਜਾਊਂਗਾ ਮੈਂ।
ਜੀਹਦੇ ਆਸਰੇ ਫ਼ੌਜਾਂ ਦੇ ਨੱਕ ਮੋੜੇ,
ਛਤਰ ਸੋਨੇ ਦਾ ਚਾੜ੍ਹ ਕੇ ਆਊਂਗਾ ਮੈਂ।
ਜ਼ੋਰ ਲਾ ਕੇ ਆ ਜਿਓ ਫੜਨ ਮੈਨੂੰ,
ਨਹੀਂ ਮਰਨ ਤੋਂ ਮੁੱਖ ਭਵਾਊਂਗਾ ਮੈਂ। (ਭਗਵਾਨ ਸਿੰਘ)

ਨੈਣਾ ਦੇਵੀ ਦੇ ਦਰਸ਼ਨਾਂ ਨੂੰ ਜਾਂਦਿਆਂ ਜੀਊਣੇ ਮੌੜ ਨੇ ਪਟਿਆਲਾ ਸ਼ਹਿਰ ਵਿਚ ਜਾ ਕੇ ਪੁਲੀਸ ਦੇ ਹੌਲਦਾਰ ਦੀ ਵਰਦੀ ਪਾ ਕੇ ਕਿਲਾ ਮੁਬਾਰਕ ਦੀ ਕੰਧ 'ਤੇ ਲਿਖ ਕੇ ਕਾਗਜ਼ ਲਾ ਦਿੱਤਾ, 'ਜੀਊਣਾ ਮੌੜ ਅਦਾਲਤ ਬਾਜ਼ਾਰ ਵਿਚ ਫਿਰਦੈ, ਫੜ ਲਓ ਆਥਣੇ ਸੱਤ ਵਜੇ ਉਹ ਨੈਣਾ ਦੇਵੀ ਨੂੰ ਜਾਣ ਲਈ ਗੱਡੀ ਚੜੂਗਾ।'

ਥਾਂ-ਥਾਂ ਪੁਲੀਸ ਟੱਕਰਾਂ ਮਾਰਦੀ ਰਹੀ ਪਰ ਜੀਊਣਾ ਮੌੜ ਸਾਧੂ ਦਾ ਭੇਸ ਧਾਰ ਕੇ ਨੈਣਾ ਦੇਵੀ ਲਈ ਰੇਲ ਗੱਡੀ 'ਤੇ ਸਵਾਰ ਹੋ ਗਿਆ। ਰੇਲ ਦੇ 'ਕੱਲੇ-'ਕੱਲੇ ਡੱਬੇ ਵਿਚ ਭਾਲ ਕੀਤੀ ਗਈ ਪਰ ਸਾਧ ਬਣਿਆ ਜੀਊਣਾ ਮੌੜ ਕਿਸੇ ਤੋਂ ਪਛਾਣ ਨਾ ਹੋਇਆ।

ਇਸੇ ਭੇਸ ਵਿਚ ਨੈਣਾ ਦੇਵੀ ਦੇ ਮੰਦਰ ਪੁੱਜ ਗਿਆ। ਪੁਲੀਸ ਭੇਸ ਬਦਲ ਕੇ ਮੰਦਰ ਦੇ ਅੰਦਰ-ਬਾਹਰ ਚੌਕਸ ਖੜੋਤੀ ਹੋਈ ਸੀ। ਜੀਊਣੇ ਮੌੜ ਨੇ ਸਾਧੂ ਦੇ ਭੇਸ ਵਿਚ ਨੈਣਾ ਦੇਵੀ ਦੇ ਖੁੱਲ੍ਹੇ ਦੀਦਾਰ ਕੀਤੇ ਅਤੇ ਸ਼ਰਧਾ ਠਾਠ ਨਾਲ ਸੋਨੇ ਦਾ ਛਤਰ ਦੇਵੀ ਦੀ ਮੂਰਤੀ 'ਤੇ ਚੜ੍ਹਾ ਦਿੱਤਾ। ਜੀਊਣੇ ਮੌੜ ਨੇ ਛਤਰ ਚੜ੍ਹਾਇਆ ਹੀ ਸੀ ਕਿ ਇਕ ਸਿਪਾਹੀ ਨੇ ਉਹਦੇ ਨੱਕ ਦੇ ਨਿਸ਼ਾਨ ਤੋਂ ਉਸ ਨੂੰ ਪਛਾਣ ਲਿਆ। ਪੁਲੀਸ ਨੇ ਘੇਰਾ ਤੰਗ ਕਰਕੇ ਉਸ ਨੂੰ ਘੇਰ ਲਿਆ। ਨਿਹੱਥਾ ਹਥਿਆਰਬੰਦ ਪੁਲੀਸ ਦਾ ਮੁਕਾਬਲਾ ਉਹ ਕਦੋਂ ਤਕ ਕਰਦਾ। ਅਖੀਰ ਜੀਊਣਾ ਮੌੜ ਪੁਲੀਸ ਦੇ ਕਾਬੂ ਆ ਗਿਆ। ਬੇਵੱਸ ਸ਼ੇਰ ਦਹਾੜਦਾ ਰਿਹਾ।

ਜੀਊਣੇ ਮੌੜ ਨੂੰ ਫਿਰੋਜ਼ਪੁਰ ਦੀ ਜੇਲ੍ਹ ਵਿਚ ਡੱਕ ਦਿੱਤਾ ਗਿਆ। ਮੁਕੱਦਮਾ ਚੱਲਿਆ। ਵਲਾਇਤ ਦੀ ਮਲਕਾ ਨੇ ਉਸ ਨੂੰ ਫਾਂਸੀ ਦੀ ਸਜ਼ਾ ਸੁਣਾ ਦਿੱਤੀ। ਪੰਜਾਬ ਦਾ ਇਕ ਸੂਰਬੀਰ ਅਣਖੀਲਾ ਯੋਧਾ ਅਣਖ ਅਤੇ ਗ਼ੈਰਤ ਲਈ ਆਪਣੀ ਜ਼ਿੰਦੜੀ ਘੋਲ ਘੁਮਾ ਗਿਆ। ਉਹ ਹੱਸਦਿਆਂ-ਹੱਸਦਿਆਂ ਫਾਂਸੀ ਦੇ ਤਖ਼ਤੇ 'ਤੇ ਝੂਲ ਗਿਆ। ਪੰਜਾਬ ਦੇ ਲੋਕ ਕਵੀਆਂ ਨੇ ਉਹਦੀ ਜੀਵਨ ਕਹਾਣੀ ਨੂੰ ਆਪਣੇ ਸ਼ਬਦਾਂ ਦੀਆਂ ਲੜੀਆਂ 'ਚ ਪਰੋਇਆ ਹੈ ਤੇ ਪੰਜਾਬ ਦਾ ਲੋਕ ਮਾਨਸ ਉਸ ਦੀਆਂ ਪਾਈਆਂ ਪੈੜਾਂ ਨੂੰ ਬਾਰਮ-ਬਾਰ ਪ੍ਰਣਾਮ ਕਰਦਾ ਹੈ।

ਆਖਿਰ 'ਚ ਜੀਊਣੇ ਮੌੜ ਦੀ ਸਮਾਧ ਵਾਲੀ ਕਹਾਣੀ ਦਾ ਕੀ ਹੋਇਆ, ਜੋ ਅਸੀਂ ਬਚਪਨ ਤੋਂ ਸੁਣਦੇ ਆਏ ਹਾਂ।

# ਕੁਝ ਲਫ਼ਜ਼ਾਂ ਦੇ ਅਰਥ

**ਤਾਰਾ-ਮੀਰਾ**--ਸਰ੍ਹੋਂ ਵਰਗੀ ਪੀਲੇ ਫੁੱਲਾਂ ਵਾਲੀ ਫਸਲ,ਪਰ ਇਸਦੇ ਬੂਟੇ ਸਰੋਂ ਨਾਲੋਂ ਛੋਟੇ ਹੁੰਦੇ ਆ। ਇਹਦੇ ਪੱਤੇ ਸਾਗ 'ਚ ਵੀ ਪਾ ਲਈਦੇ ਆ

**ਰਸੌਂਤ** - ਸ਼ਿਲਾਜੀਤ ਵਰਗੀ ਹੁੰਦੀ ਹੈ । ਜ਼ਖਮ ਤੇ ਵੀ ਘਸਾ ਕੇ ਲਾਉਂਦੇ ਹਨ ਅਤੇ ਅੱਖਾਂ ਦੀ ਦਵਾਈ ਵਿੱਚ ਵੀ ਪਾਉਂਦੇ ਹਨ

ਰਸੌਂਤ ਦਾਰੂ ਹਲਦੀ ਦੇ ਸਤ ਨੂੰ ਕਹਿੰਦੇ ਹਨ । ਉਹ ਖੂਨ ਸਾਫ ਕਰਦੀ ਹੈ।

ਕਾਲੀ ਜੀਰੀ ਜਾਂ ਕੌੜੀ ਜੀਰੀ ਪਸ਼ੂਆਂ ਨੂੰ ਦਿੰਦੇ ਹਨ । ਇਹ ਜੀਰੇ ਵਰਗੀ ਹੁੰਦੀ ਹੈ

**ਲਾਣਾ**---ਪਰਿਵਾਰ, ਟੱਬਰ

**ਪੋਹਲੀ**---ਇਹ ਜਿਆਦਾਤਰ ਰੇਤੀਲੇ ਵਾਹਣਾਂ ਦਾ ਨਦੀਨ ਏ,ਇਸ ਦਾ ਪੀਲਾ ਫੁੱਲ ਹੁੰਦਾ ਏ ਤੇ ਪੱਤਿਆਂ ਤੇ ਕੰਡੇ ਹੁੰਦੇ ਆ

**ਬੌਹਲੀ**---ਮੱਝ ਸੂਣ ਤੋਂ ਬਾਅਦ ਪਹਿਲਾ ਦੁੱਧ,ਜੋ 4 ਦਿਨ ਇਸੇ ਤਰਾਂ ਰਹਿੰਦਾ ਏ,ਇਹ ਬਹੁਤ ਜਿਆਦਾ ਭਾਰਾ ਤੇ ਪੌਸ਼ਟਿਕ ਹੁੰਦਾ ਏ

**ਸਲੰਘ**---ਖੇਤੀਬਾੜੀ ਵਿੱਚ ਵਰਤਣ ਵਾਲਾ ਪੁਰਾਣਾ ਸੰਦ

**ਸਲਾਂਭਾ**---ਪਿੜ 'ਚੋਂ ਤੂੜੀ ਕੱਠੀ ਕਰਨ ਸਮੇਂ ਵਰਤਿਆ ਜਾਣ ਵਾਲਾ ਲਫ਼ਜ। ਜਿਵੇਂ ਵਿਹੜਾ ਸਾਫ਼ ਕਰਨ ਲਈ "ਸੁੰਬਰਨਾ"

**ਨੇਰਣਾ**---ਪੁਰਾਣਾ ਨਹੁੰ ਕੱਟਣ ਲਈ ਵਰਤਿਆ ਜਾਂਦਾ ਸੀ। 5 ਕੁ ਸੈਂਟੀਮੀਟਰ ਚੌੜੀ, ਗਿੱਠ ਕੁ ਲੰਮੀ ਤੇ 2 ਕੁ ਮਿਲੀ ਪੱਤੀ ਨੂੰ ਅੱਗਿਓਂ ਕੁੱਟ ਕੇ ਪਤਲਾ ਤੇ ਤਿੱਖਾ ਕੀਤਾ ਹੁੰਦਾ ਏ

**ਗੰਧੂਈ**---ਸੂਈ ਦੀ ਵੱਡੀ ਭੈਣ। ਜੋ ਮੋਟੇ ਕਪੜੇ ਸਿਉਣ ਲਈ ਵਰਤੀ ਜਾਂਦੀ ਏ

**ਲਾਂਗਾ**---ਪੱਕਣ 'ਤੇ ਵੱਢ ਕੇ, ਕੱਢਣ ਤੋਂ ਪਹਿਲਾਂ ਰੱਖੀ ਕਣਕ ਨੂੰ ਲਾਂਗਾ ਕਿਹਾ ਜਾਂਦਾ ਏ

**ਘੋਰੀ**----ਅਮਲੀ, ਭੰਗੀ, ਜਿਸ ਦਾ ਨਸ਼ੇ ਖਾ-ਖਾ ਕੇ ਗੈਗ ਆਗੂੰ ਕਰੂਟਾ ਹੋਇਆ ਹੋਵੇ

**ਤਰੌਂਜਾ**---ਮੁਕਲਾਵਾ, ਵਿਆਹ ਕੇ ਲਿਆਂਦੀ ਤੀਵੀਂ

**ਦਹਾਜੂ**---ਜਿਸ ਦਾ ਦੂਜਾ ਵਿਆਹ ਹੋਵੇ

**ਢੰਗਾ**---ਪਸ਼ੂਆਂ ਦੇ ਸੰਗਲ ਵਿੱਚ ਗੋਲ ਅਕਾਰ ਦਾ ਲਾਇਆ ਸਰੀਆ। ਤਾਂ ਜੋ ਵਟੇ ਲੈਣ ਤੇ ਗਲ਼ਾ ਨਾ ਘੁੱਟਿਆ ਜਾਵੇ

**ਤਿਓ**---ਮੋਹ, ਪਿਆਰ

**ਬਰੋਜਾ**---ਇੰਜਣ ਤੇ ਪਟੇ ਨੂੰ ਲਾਉਣ ਵਾਲਾ ਲੁੱਕ ਵਰਗਾ ਪਦਾਰਥ। ਤਾਂ ਜੋ ਪਟਾ ਸਲਿਪ ਨਾ ਹੋਵੇ

**ਫਤੂਰ**--ਜਨੂੰਨ, ਲਚਰੇਂਵਾਂ

**ਬਰੂ**--ਘਾਹ ਵਰਗਾ ਨਦੀਨ। ਇਸ ਦੀ ਜੜ੍ਹ ਮੋਟੀ ਤੇ ਬਹੁਤ ਡੂੰਘੀ ਹੁੰਦੀ ਆ। ਇਸ ਦਾ ਛੇਤੀ ਨਾਸ਼ ਨਹੀਂ ਹੁੰਦਾ।

**ਧਤੂਰਾ**- ਇਕ ਜ਼ਹਿਰੀਲਾ ਬੂਟਾ ਹੈ, ਜਿਸ ਨੂੰ ਕੋਈ ਜਾਨਵਰ ਨਹੀਂ ਖਾਂਦਾ ਹੈ। ਤੁੰਮਾ ਅਤੇ ਧਤੂਰਾ ਦੋ ਅਲੱਗ ਅਲੱਗ ਪਲਾਂਟਸ ਹਨ।

**ਤੁੰਮੇ ਦਾ ਅਚਾਰ** - ਪਸ਼ੂ ਅਤੇ ਮਨੁੱਖ ਦੋਵਾਂ ਨੂੰ ਹਾਜ਼ਮੇ ਲਈ ਦਿੱਤਾ ਜਾਂਦਾ ਹੈ।

••



Sri Satguru Jagjit Singh Ji eLibrary NamdhariElibrary@gmail.com

# ਪੰਜਾਬੀ ਗੀਤਾਂ ਦਾ ਅਨਮੋਲ ਖਜ਼ਾਨਾ ਹੈ ਸ਼ਿਵ ਕੁਮਾਰ ਬਟਾਲਵੀ

**-ਅਸ਼ੋਕ ਬਾਂਸਲ ਮਾਨਸਾ-**

ਪਤਾ ਨਹੀਂ ਮੈਨੂੰ ਕਦੇ ਕਦੇ ਇੰਝ ਜਾਪਦੈ ਕਿ ਸ਼ਿਵ ਕੁਮਾਰ ਬਟਾਲਵੀ ਜਿਡਾ ਵੱਡਾ ਗੀਤਕਾਰ ਸੀ, ਓਡਾ ਵੱਡਾ ਰੁੱਤਬਾ ਅਸੀਂ ਉਹਨੂੰ ਨਹੀਂ ਦੇ ਸਕੇ, ਜਦੋਂ ਵੀ ਸ਼ਿਵ ਦੀ ਗੱਲ ਤੁਰਦੀ ਐ ਤਾਂ "ਬ੍ਰਿਹਾ ਦਾ ਸੁਲਤਾਨ" ਤੋਂ "ਲੂਣਾਂ" ਤੱਕ ਸਿਮਟ ਕੇ ਕਿਉਂ ਰਹਿ ਜਾਂਦੀ ਐ, ਸ਼ਿਵ ਦੇ ਪਾਠਕ, ਸਰੋਤੇ ਸਿਰਫ ਕਾਲਜਾਂ ਯੂਨਵਰਸਟੀਆਂ ਦੇ ਵਿਦਿਆਰਥੀ ਤੇ ਬੁੱਧੀਜੀਵੀ ਵਰਗ ਹੀ ਕਿਉਂ ਹੈ ਜਦੋਂ ਕਿ ਸ਼ਿਵ ਤਾਂ ਖੇਤਾਂ ਵਿੱਚ ਹਲ ਵਾਹੁੰਦੇ ਹਾਲੀਆਂ ਦਾ ਗੀਤਕਾਰ ਐ, ਸ਼ਿਵ ਤਾਂ ਤ੍ਰਿੰਝਣਾ 'ਚ ਚਰਖਾ ਕਤਦੀਆਂ ਤ੍ਰੀਮਤਾਂ ਦਾ ਗੀਤਕਾਰ ਐ, ਸ਼ਿਵ ਤਾਂ ਹੱਟੀਆਂ, ਭੱਠੀਆਂ, ਸੱਥ ਦਰਵਾਜ਼ੇ ਤੇ ਚੁੱਲ੍ਹੇ ਚੌਂਕਿਆਂ ਦਾ ਗੀਤਕਾਰ ਐ ਸ਼ਿਵ ਪੰਜਾਬ ਦੇ ਪੇਂਡੂ ਜੀਵਨ ਵਿੱਚ ਗੜੁੱਚ ਸੀ, ਜਦੋਂ ਉਸ ਸਮੇਂ ਦੇ ਹੋਰ ਨਾਮੀ ਕਵੀਆਂ ਗੀਤਕਾਰਾਂ ਨਾਲ ਸ਼ਿਵ ਦੀ ਪੇਂਡੂ ਪਕੜ ਨੂੰ ਸਮਝਣ ਦੀ ਕੋਸ਼ਿਸ਼ ਕਰੀਦੀ ਐ ਤਾਂ ਉਹ ਬਹੁਤ ਵੱਡਾ ਬੰਦਾ ਜਾਪਦੈ, ਸ਼ਿਵ ਦੇ ਸਮਕਾਲੀ ਪੰਜਾਬ ਦੇ ਵੱਡੇ ਕਵੀ ਪ੍ਰੋ. ਮੋਹਨ ਸਿੰਘ ਦਾ ਇਕ ਗੀਤ ਸੀ।

ਘੋੜੀ ਤੇਰੀ ਦੇ ਗਲ ਚਾਂਦੀ ਦੇ ਘੁੰਗਰੂ
ਸਾਡੀਆਂ ਤਾਂ ਸੁੱਥਣਾਂ ਨੂੰ ਭੱਖੜਾ ਵੇ ਹੋ

ਹੁਣ ਇਸ ਗੀਤ ਦੀ ਗਹਿਰਾਈ ਵਿੱਚ ਜਾਂਦਿਆਂ ਮਰ ਮਨ ਵਿੱਚ ਇਕ ਸੁਆਲ ਪੈਦਾ ਹੁੰਦਾ ਹੈ ਕਿ ਭੱਖੜਾ ਭਾਰਾ ਕੰਡਾ ਹੁੰਦੈ ਉਹ ਧਰਤੀ ਦੇ ਸਤਹ ਤੇ ਹੀ ਹੁੰਦੈ ਪੈਰਾਂ ਵਿੱਚ ਖੁੱਭ ਤੇ ਸਕਦੈ ਪਰ ਸੁੱਥਣ ਨੂੰ ਨਹੀਂ ਚਿੰਬੜਦਾ, ਹਾਂ ਸੁੱਥਣਾਂ ਨੂੰ ਅਲੇਹਾ ਚਿੰਬੜਦਾ ਐ, ਕਿਉਂਕਿ ਅਲੇਹੇ ਦਾ ਬੂਝਾ ਧਰਤੀ ਦੀ ਸਤਹ ਤੋਂ ਕੁੱਝ ਉਚਾ ਹੁੰਦੈ ਹੋ ਸਕਦੈ ਮੈਂ ਗਲਤ ਹੋਵਾਂ ਪਰ। ਪਰ ਮੈਂ ਇਹ ਮੰਨਣ ਨੂੰ ਤਿਆਰ ਨਹੀਂ ਕਿ ਇਹ ਗੀਤ ਪੰਜਾਬ ਦੇ ਕਿਸੇ ਪੇਂਡੂ ਸੱਭਿਆਚਾਰ ਨਾਲ ਗੜੁੱਚ ਗੀਤਕਾਰ ਦੀ ਲਿਖਤ ਐ ਹਾਂ ਇਹ ਤੇ ਕਿਸੇ ਪੇਂਡੂ ਪੰਜਾਬੀ ਕਵੀ ਦੀ ਰਚਨਾ ਹੋ ਸਕਦੀ ਐ ਕਿ

"ਭੱਖੜੇ ਦੇ ਕੰਡੇ ਵਾਂਗੂੰ ਖੁੱਭਿਆ ਪਿਆ ਏਂ
ਮੇਰੇ ਦਿਲ ਵਿੱਚ ਤੂੰ"

ਜਾਂ ਪੇਂਡੂ ਜੀਵਨ ਹੰਢਾਉਣ ਵਾਲਾ ਗੀਤਕਾਰ ਹੀ ਕਹੂਗਾ ਕਿ

"ਰੂੰਗਾ ਭੂੰਗਾ ਜਾਣੀਂ ਨਾ ਤੂੰ ਮੁੰਡੇ ਅਣਦਾੜ੍ਹੀਏ ਨੂੰ
ਕਰਨੀ ਦਾ ਪੂਰਾ ਮਾਲਾ ਮਾਲ ਸੋਹਣੀਏ
ਨੀ ਤੇਰੇ ਲੱਗ ਜੂੰ ਅਲੇਹੇ ਵਾਂਗੂੰ ਨਾਲ ਸੋਹਣੀਏ"

ਜਦੋਂ ਹੋਰ ਗਹੁ ਨਾਲ ਸੋਚਦਾ ਹਾਂ ਤਾਂ ਮੈਨੂੰ ਭਰਮ ਪੈ ਜਾਂਦੈ ਕਿ ਉਸ ਵੇਲੇ ਦੇ ਨਾਮੀ ਲੋਕ-ਗਾਇਕ ਸੁਰਿੰਦਰ ਕੌਰ ਆਸਾ ਸਿੰਘ ਮਸਤਾਨਾ ਕੇ ਦੀਪ ਜਗਮੋਹਨ ਕੌਰ ਨੂੰ ਛੱਡ ਕੇ ਪੰਜਾਬ ਦੇ ਪੇਂਡੂ ਖੇਤਰ ਦੇ ਸਿਰਕੱਢ ਗਾਇਕਾਂ ਨੇ ਸ਼ਿਵ ਨੂੰ ਪਹਿਚਾਣਿਆ ਈ ਨਹੀਂ ਉਸ ਵੇਲੇ ਨਰਿੰਦਰ ਬੀਬਾ, ਹਰਚਰਨ ਗਰੇਵਾਲ, ਚਾਂਦੀ ਰਾਮ, ਸਵਰਨਲਤਾ, ਮੁਹੰਮਦ ਸਦੀਕ ਕੁਲਦੀਪ ਮਾਣਕ ਜਿਹੇ ਗਵਈਏ ਪੰਜਾਬ ਦੇ ਪੇਂਡੂ ਲੋਕਾਂ ਦੇ ਦਿਲਾਂ ਦੀ ਧੜਕਣ ਸਨ। ਜਦੋਂ ਕਿ ਸੁਰਿਦਰ ਕੌਰ ਆਸਾ ਸਿੰਘ ਮਸਤਾਨਾ ਕੇ ਦੀਪ ਜਗਮੋਹਣ ਕੌਰ ਜ਼ਿਆਦਾ ਤਰ ਸ਼ਹਿਰੀ ਖੇਤਰ ਦੇ ਕਲਾਕਾਰ ਮੰਨੇ ਜਾਂਦੇ ਸਨ। ਮੇਰੀ ਸਮਝ ਮੁਤਾਬਿਕ ਪੰਜਾਬੀ ਜ਼ੁਬਾਨ ਦਾ ਖਜ਼ਾਨਾ ਤਾਂ ਪੇਂਡੂ ਸਮਾਜ ਐ ਨਾ ਕਿ



**ਨੋਟ- ਸ਼ਿਵ ਕੁਮਾਰ ਦੀ ਇਹ ਤਸਵੀਰ ਗਾਂਧੀ ਹਾਇਰ ਸੈਕੰਡਰੀ ਸਕੂਲ ਮਾਨਸਾ ਦੀ ਸਟੇਜ਼ ਦੀ ਹੈ। ਜੋ ਸਾਡੇ ਮਾਨਸਾ ਦੇ ਪ੍ਰਸਿੱਧ ਫ਼ੋਟੋਗ੍ਰਾਫਰ 'ਹਰਜੀਤ' ਜੀ ਨੇ ਖਿੱਚੀ ਸੀ ਜੋ ਮੇਰੀਆਂ ਯਾਦਾਂ ਦਾ ਸਰਮਾਇਆ ਹੈ ਭਾਵੇਂ ਮੈਂ ਉਸ ਵੇਲੇ ਬਾਲ ਅਵਸਥਾ ਵਿਚ ਸੀ ਪਰ ਮੈਂ ਵੀ ਇਸ ਪ੍ਰੋਗਰਾਮ ਦੇ ਸ੍ਰੋਤੇ ਵੱਜੋਂ ਉਸ ਪ੍ਰੋਗਰਾਮ ਦਾ ਹਿੱਸਾ ਸੀ**

ਸ਼ਹਿਰੀ ਲੋਕ। ਪਾੜ੍ਹਾ ਪੇਂਡੂ ਤੇ ਸ਼ਹਿਰੀ ਦਾ ਐ ਨਾ ਕਿ ਕਿਸੇ ਧਰਮ ਮਜ਼ਹਬ ਦਾ। ਸ਼ਿਵ ਦੇ ਗੀਤਾਂ ਵਿੱਚ ਤਾਂ ਪੰਜਾਬ ਦੇ ਪਿੰਡ ਰਮੇ ਪਏ ਹਨ, ਪੇਂਡੂ ਬੋਲੀ ਪੇਂਡੂ ਤਸਵੀਰਾਂ ਆਹ ਦੇਖੋ-

ਅਸੀਂ ਕੱਚੀਆਂ ਅਨਾਰਾਂ ਦੀਆਂ ਟਾਹਣੀਆਂ
ਪਈਆਂ ਪਈਆਂ ਝੂਮ ਵੇ ਰਹੀਆਂ

ਅਸੀਂ ਜੰਗਲੀ ਹਿਰਨ ਦੀਆਂ ਅੱਖੀਆਂ
ਪਈਆਂ ਪਈਆਂ ਬਲ ਵੇ ਰਹੀਆਂ

ਅਸੀਂ ਪੱਤਣਾਂ ਤੇ ਪਈਆਂ ਬੇੜੀਆਂ
ਪਈਆਂ ਪਈਆਂ ਡੁੱਬ ਵੇ ਰਹੀਆਂ

ਅਸੀਂ ਖੰਡ ਮਿਸ਼ਰੀ ਦੀਆਂ ਡਲੀਆਂ
ਪਈਆਂ ਪਈਆਂ ਖੁਰ ਵੇ ਰਹੀਆਂ

ਅਸੀਂ ਕਾਲੇ ਚੰਦਨ ਦੀਆਂ ਗੇਲੀਆਂ
ਪਈਆਂ ਪਈਆਂ ਧੁਖ ਵੇ ਰਹੀਆਂ

ਅਸੀਂ ਕੱਚਿਆਂ ਘਰਾਂ ਦੀਆਂ ਕੰਧਾ
ਪਈਆਂ ਪਈਆਂ ਭੁਰ ਵੇ ਰਹੀਆਂ

ਇਕ ਮੇਰੀ ਸੱਸ ਚੰਦਰੀ
ਭੈੜੀ ਰੋਹੀ ਦੇ ਕਿੱਕਰ ਤੋਂ ਕਾਲੀ
ਗੱਲੇ ਕੱਥੇ ਵੀਰ ਪੁਣਦੀ
ਨਿੱਤ ਦੇਵੇ ਮੇਰੇ ਮਾਪਿਆਂ ਨੂੰ ਗਾਲੀ
ਨੀ ਕਿਹੜਾ ਉਸ ਤੱਤੜੀ ਦਾ
ਨੀ ਮੈਂ ਲਾਚੀਆਂ ਦਾ ਬਾਗ ਉਜਾੜਿਆ
ਨੀ ਸ਼ੀਸ਼ੇ ਨੂੰ ਤਰੇੜ ਪੈ ਗਈ
ਵਾਲ ਵਾਹੁੰਦੀ ਨੇ ਧਿਆਨ ਜਦੋਂ ਮਾਰਿਆ
ਨੀ ਇਕ ਮੇਰੀ ਅੱਖ ਕਾਸ਼ਨੀ
ਸੁਬਾਹ ਸਵੇਰੇ ਉੱਠ ਖੂਹੇ ਤੇ ਜਾਨੀ ਆਂ
ਸੂਹਾ ਸੂਹਾ ਘੜਾ ਚੁੱਕ ਢਾਕੇ ਮੈਂ ਲਾਨੀ ਆਂ
ਮੈਨੂੰ ਲੱਗਾ ਮੈਰੀ ਵੱਖੀ ਸੰਗ ਜਾਪੇ
ਹਾਏ ਨੀ ਮੁੰਡਾ ਲੰਬੜਾਂ ਦਾ
ਮੈਨੂੰ ਹੀਰੇ ਹੀਰੇ ਆਖੇ

ਨਰਮੇ ਦੇ ਫੁੱਲ ਜਿਹਾ ਲੌਂਗ ਮੇਰੇ ਨੱਕ ਦਾ
ਇਕ ਗਿੱਠ ਮਰਕੇ ਵੇ ਮੇਚਾ ਮੇਰੇ ਲੱਕ ਦਾ
ਮੇਰੀ ਵੇਖ ਸ਼ਰਾਬੀ ਚਾਲ,
ਕਣਕਾਂ ਝੂਮਣ ਮੇਰੇ ਨਾਲ
ਮੇਰੇ ਕੋਹ ਕੋਹ ਲੰਮੇ ਵਾਲ ਵੇ ਮੇਰੇ ਹਾਣੀਆਂ

ਸਾਹ ਲਵਾਂ ਸੁੱਜ ਜੇ ਕਲੇਜਾ ਠੰਡੀ ਪੌਣ ਦਾ
ਜੰਗਲੀ ਕਬੂਤਰਾਂ ਨੂੰ ਸਾੜਾ ਮੇਰੀ ਧੌਣ ਦਾ
ਮੈਂ ਮਾਰਾਂ ਵੀਹ ਹੱਥ ਛਾਲ,
ਟੱਪ ਜਾਂ ਪਿੰਡ ਤੇਰੇ ਦਾ ਖਾਲ
ਮੇਰੇ ਕੋਹ ਕੋਹ ਲੰਮੇ ਵਾਲ ਵੇ ਮੇਰੇ ਹਾਣੀਆਂ
ਮੁੱਖ ਤੇ ਪਸੀਨਾ ਉਹਦੇ ਖਾਵੇ ਇੰਝ ਮੇਲ ਨੀ
ਜਿਵੇਂ ਹੁੰਦੀ ਕੰਮੀਆਂ 'ਤੇ ਕੱਤੇ ਦੀ ਤ੍ਰੇਲ ਨੀ
ਉਹਦੀ ਹੱਥ ਜਿੱਡੀ ਲੰਮੀ ਧੌਣ ਦੇਖ ਕੇ
ਪੈਲਾਂ ਪਾਉਣੋਂ ਮੋਰ ਵੀ ਡਰੇ
ਕਾਲੀ ਦਾਤਰੀ ਚੰਨਣ ਦਾ ਦਸਤਾ
ਲੱਛੀ ਕੁੜੀ ਵਾਢੀਆਂ ਕਰੇ
ਜੁੱਤੀ ਲੈਣੀ ਜੁੱਤੀ ਲੈਣੀ ਪੋਠੋਹਾਰ ਦੀ
ਜਿਹੜੀ ਪੈਰ ਦੇ ਕਲੇਜੇ ਲੱਗ ਜਾਵੇ
ਜਦ ਪਾਵਾਂ ਤੇ ਤੇਰੀ ਯਾਦ ਆਵੇ
ਚੁੰਨੀ ਲੈਣੀ, ਚੁੰਨੀ ਲੈਣੀ ਚੀਨਮੀਣ ਦੀ
ਜਿਹੜੀ ਸੌ ਦੀ ਸਵਾ ਗਜ ਆਵੇ
ਸਪ ਬਣ ਕੇ ਜਿਹੜੀ ਲੜ ਜਾਵੇ
ਤੇਰੀ ਸਾਡੀ ਤੇ ਕਹਾਣੀ ਮੁੱਕ ਗਈ
ਅੰਨ੍ਹੇ ਭਾਗਾਂ ਦੀ ਡੰਗੋਰੀ ਟੁੱਟ ਗਈ

ਦੋਸਤੋ ਇਹ ਤਾਂ ਚੌਲਾਂ ਦੇ ਕੜਾਹੇ 'ਚੋਂ ਕੁੱਝ ਕੁ ਦਾਣੇ ਤੁਹਾਡੇ ਸਨਮੁੱਖ ਕੀਤੇ ਨੇ, ਕੜਾਹਾ ਤੇ ਹਾਲੇ ਭਰਿਆ ਪਿਆ ਐ, ਜਿਸਨੂੰ ਹੰਘਾਲਣ ਦੀ ਜ਼ਰੂਰਤ ਐ ਪੰਜਾਬੀ ਗੀਤਾਂ ਦਾ ਅਨਮੋਲ ਖਜ਼ਾਨਾ ਹੈ ਸ਼ਿਵ ਕੁਮਾਰ ਬਟਾਲਵੀ।



Sri Satguru Jagjit Singh Ji eLibrary NamdhariElibrary@gmail.com




Sri Satguru Jagjit Singh Ji eLibrary NamdhariElibrary@gmail.com



Sri Satguru Jagjit Singh Ji eLibrary NamdhariElibrary@gmail.com